ਪੰਜਾਬੀ

ਅਖਾਣਾਂ ਦੀ ਖਾਣ

(Punjabi Proverbs)

✻ਕਰਤਾ✻

ਡਾ: ਦੇਵੀ ਦਾਸ, 'ਹਿੰਦੀ'

ਸੀਨੀਅਰ ਮੈਡੀਕਲ ਆਫ਼ੀਸਰ,
ਪੰਡਤ ਮਾਧੋ ਰਾਮ ਫ੍ਰੀ ਹਸਪਤਾਲ, ਅੰਮ੍ਰਿਤਸਰ

ਪ੍ਰਕਾਸ਼ਕ

ਪ੍ਰਕਾਸ਼ ਬੁਕ ਡਿਪੋ,

ਦੁਰਗਿਆਨਾ ਮੰਦਰ, ਅੰਮ੍ਰਿਤਸਰ

ਪਹਿਲੀ ਵਾਰ ੧੦੦੦ { ੧੯੩੨ } ਮੁਲ ੧॥)

Printed at The Grover Printing Press, AMRITSAR.

AKHANAN-DI-KHAN
OR
PUNJABI PROVERBS

BY

DR. DEVI DAS 'HINDI.'

I have gone through the book, w
a copious collection of Punjabi sayings
3000 in all. It is the most compreh
collection I have over seen, and I app
the great labour the author has p
The proverbs are drawn from all prof
and grades of society. They are arr
alphabetically. Beside explanation o
proverb in good idiomatic Punjabi,
are also given corresponding prover
Persian, Hindi, Urdu and English.
author is a well-known literary man
occupies high positions in literary ci
His work therefore bears the stamp of
scholarship and as such deserves recogr
at the hands of the Punjab University
the Text-Book Committee of Lahore.
would be worthwhile for any of these s
ties to recognize the labours of the au
in some suitable way.

(Sd.) TEJA SINGH M. A.,

Professor

KHALSA COLLEGE AMRI

ਸਮਰਪਨ

ਮੈਂ ਇਸ ਪੁਸਤਕ ਦਵਾਰਾ ਜੋ ਪਿਆਰੀ ਪੰਜਾਬੀ ਦੀ ਕੁਝ ਸੇਵਾ ਕਰ ਰਿਹਾ ਹਾਂ ਤਾਂ ਇਹ ਸਾਰੀ ਕ੍ਰਿਪਾ ਮੇਰੇ ਪੂਜਨੀਕ ਧਰਮਾਤਮਾਂ ਸ੍ਵਰਗਵਾਸੀ ਪਿਤਾ ਪੰਡਤ ਮਾਧੋ ਰਾਮ ਜੀ ਦੀ ਹੈ। ਜਦ ਮੈਂ ਉਨ੍ਹਾਂ ਦੀ ਗੋਦ ਵਿਚ ਪਲ ਰਿਹਾ ਸਾਂ ਤਾਂ ਉਹ ਮੈਨੂੰ ਫਾਰਸੀ ਦੀ ਕਵਿਤਾ ਸੁਣਾ ਕੇ ਕਿਹਾ ਕਰਦੇ ਸਨ "ਪੰਜਾਬੀ ਵਿਚ ਇਹ ਖਿਆਲ ਇਸ ਤੋਂ ਚੰਗਾ ਨਿਭ ਸਕਦਾ ਹੈ"। ਕਈ ਵਾਰ ਉਹ ਮੈਨੂੰ ਪੁਰਾਣੇ ਪੰਜਾਬੀ ਕਵੀਆਂ ਦੇ ਚੋਣਵੇਂ ੨ ਬੈਂਤ ਸੁਣਾਇਆ ਕਰਦੇ ਸਨ। ਇਸ ਪੁਸਤਕ ਦਾ ਖਿਆਲ ਭੀ ਪਹਿਲਾਂ ਉਨ੍ਹਾਂ ਨੂੰ ਹੀ ਸੁੱਝਾ ਸੀ ਤੇ ਇਸ ਵਿਚ ਆਏ ਬਹੁਤ ਸਾਰੇ ਅਖਾਣਾਂ ਦੀ ਠੀਕ ਹਾਲਤ ਦਾ ਪਤਾ ਭੀ ਉਨ੍ਹਾਂ ਤੋਂ ਹੀ ਲਗਾ ਸੀ। ਅਜ ਉਹ ਮੈਥੋਂ ਸਦਾ ਲਈ ਵਿਛੜ ਚੁਕੇ ਹਨ। ਮੈਂ ਆਪਣੀ ਇਹ ਨਿਮਾਣੀ ਚੀਜ਼ ਪਿਆਰ ਤੇ ਨਮ੍ਰਤਾ ਸਹਿਤ ਉਨ੍ਹਾਂ ਦੀ ਭੇਟਾ ਕਰਦਾ ਹਾਂ।

'ਹਿੰਦੀ'

PREFACE

Proverbs reflect the gathered harvest of experience of a nation. There is a great deal of unanimity in proverbs of all people, bearing witness to the inner unity which links humanity irrespective of caste, creed or country. Dr. Devi Dass has gathered together over **3000 Punjabi Proverbs** of great value from all the sources that were available to him. They hold up the mirror of wit and wisdom which have animated long generation of the Punjabis throughout the ages. The work must have required a great deal of time and labour spread over many years, and Dr. Devi Das deserves encouragement and appreciation. I have great pleasure in recommending his book of proverbs.

(Sd.) JOGINDAR SINGH,
Minister of Agriculture,
Punjab Government,
LAHORE.

ਮੁਖ ਬੰਦ

{ ਵਲੋਂ—ਔਨਰੇਬਲ ਸਰ ਸਰਦਾਰ ਜੋਗਿੰਦ੍ਰ ਸਿੰਘ ਜੀ
ਸਾਹਿਬ, ਵਜ਼ੀਰ ਖੇਤੀ ਬਾੜੀ ਲਾਹੌਰ }

ਅਖਾਣ ਕੌਮ ਦੇ ਤਜ਼ਰਬੇ ਦੀ ਖਟੀ ਦਾ ਸੁਹਾਵਣਾ ਚੇਤਾ ਕਰਾਉਂਦੇ ਹਨ। ਸਾਰੀਆਂ ਕੌਮਾਂ ਦੇ ਅਖਾਣ ਆਪੋ ਵਿਚ ਬਹੁਤ ਰਲਦੇ ਹਨ, ਅਤੇ ਇਹ ਏਕਤਾ ਦੀ ਉਗਾਹੀ ਹੈ ਜੋ ਸਾਰੇ ਪੁਰਸ਼ਾ ਨੂੰ, ਜਾਤ, ਪਾਤ, ਤੇ ਦੇਸ ਦਾ ਖਿਆਲ ਲਾਂਭੇ ਰਖਦਿਆਂ ਜੋੜਦੀ ਹੈ। ਡਾ: ਦੇਵੀ ਦਾਸ ਜੀ ਨੇ ੩੦੦੦ ਦੇ ਲਗ ਭਗ ਬੜੇ ਕੀਮਤੀ ਅਖਾਣ ਥਾਵਾਂ ਪਰਥਾਵਾਂ ਤੋਂ ਫਿਰਕੇ ਕਠੇ ਕੀਤੇ ਹਨ, ਇਹ ਪੰਜਾਬੀਆਂ ਦੇ ਹਾਸ ਰਸ ਤੇ ਸਿਆਣਪ ਦਾ ਸ਼ੀਸ਼ਾ ਹਨ, ਜਿਸ ਚਿਰਾਂ ਤੋਂ ਪੰਜਾਬੀਆਂ ਨੂੰ ਚੜ੍ਹਦੀਆਂ ਕਲਾਂ ਵਿਚ ਰਖਿਆ ਹੈ। ਇਸ ਕੰਮ ਵਿਚ ਜ਼ਰੂਰ ਬਹੁਤ ਵਕਤ ਤੇ ਮੇਹਨਤ ਲਗੀ ਹੋਵੇਗੀ। ਇਸ ਕਿਤਾਬ ਦੀ ਕਦਰ ਕਰਕੇ ਡਾ: ਦੇਵੀ ਦਾਸ ਜੀ ਦਾ ਹੌਂਸਲਾ ਵਧਾਉਣਾ ਜ਼ਰੂਰੀ ਹੈ, ਤੇ ਉਹ ਕਦਰ ਦਾ ਭਾਰੀ ਹਕ ਭੀ ਰਖਦੇ ਹਨ।

ਮੈਂ ਇਸ 'ਅਖਾਣਾਂ ਦੀ ਖਾਣ' ਦੀ ਸਫਾਰਸ਼ ਕਰਨ ਵਿਚ ਬੜੀ ਖੁਸ਼ੀ ਸਮਝਦਾ ਹਾਂ।

ਜੋਗਿੰਦ੍ਰ ਸਿੰਘ

ਕਰਤਾ ਵਲੋਂ ਜ਼ਰੂਰੀ ਬੇਨਤੀ

ਅਖਾਣ ਤੇ ਅਖਾਉਤ

ਇਸ ਪੁਸਤਕ ਨੂੰ ਪੜ੍ਹਨ ਤੋਂ ਪਹਿਲਾਂ ਇਹ ਸਮਝ ਲੈਣਾ ਢੇਰ ਜ਼ਰੂਰੀ ਹੈ ਕਿ ਅਖਾਣ ਕੀ ਹੁੰਦੇ ਹਨ, ਤੇ ਕਈ ਵਰੀ ਜੋ ਇਨ੍ਹਾਂ ਨੂੰ ਅਖਾਉਤਾਂ ਕਿਹਾ ਜਾਂਦਾ ਹੈ, ਉਹ ਕਿਥੋਂ ਤਕ ਠੀਕ ਜਾਂ ਗਲਤ ਹੈ:—

ਸਾਡੇ ਪਾਸ ਅੰਗ੍ਰੇਜ਼ੀ ਵਿਚ ਦੋ ਲਫ਼ਜ਼ ਹਨ।

Proverb ਤੇ **Idiom.**

ਜੇ ਇਨ੍ਹਾਂ ਦੇ ਅਰਥ ਡਿਕਸ਼ਨਰੀ ਵਿਚ ਵੇਖੀਏ, ਤਾਂ ਇਉਂ ਲਿਖੇ ਹਨ।

Proverb :—A short pithy sentence containing some proved truth.

Idiom :—A peculiarity of Phraseology.

ਇਸੇਤਰ੍ਹਾਂ ਫ਼ਾਰਸੀ ਵਿਚ ਭੀ ਦੋ ਲਫ਼ਜ਼ ਹਨ।

(੧) ਜ਼ਰਬ ਉਲ ਮਿਸਲ ਤੇ (੨) ਮੁਹਾਵਰਾ।

ਇਨ੍ਹਾਂ ਦੇ ਅਰਥ ਭੀ ਉਤੇ ਲਿਖੇ ਅਨੁਸਾਰ ਲਭਦੇ ਹਨ।

ਅਖਾਣ ਇਕ ਛੋਟਾ ਜਿਹਾ ਪੂਰਾ ਵਾਕ ਹੈ ਤੇ ਉਸ ਵਿਚ ਕੋਈ ਸਾਬਤ ਹੋ ਚੁਕੀ ਸਚਾਈ ਹੈ, ਤੇ ਦੂਜਾ ਇਕ ਲਫ਼ਜ਼ਾਂ ਦਾ ਕੁਝ ਅਜੀਬ ਜੋੜ ਹੈ। ਹੁਣ ਸਵਾਲ ਇਹ ਰਹਿ ਜਾਂਦਾ ਹੈ ਕਿ ਅਸੀਂ ਕਿਸ ਨੂੰ ਅਖਾਣ ਕਹਾਂਗੇ, ਤੇ ਕਿਸਨੂੰ ਅਖਾਉਤਾ ?

ਹੁਣ ਤਕ ਛਪੀਆਂ ਪੋਥੀਆਂ ਵਿਚ ਤੇ ਯੂਨੀਵਰਸਟੀ ਦੇ ਪਰਚਿਆਂ ਵਿਚ ਭੀ ਅਸੀਂ ਪੂਰੇ ਵਾਕਾਂ ਨੂੰ ਅਖਾਉਤਾਂ ਲਿਖਿਆ ਵੇਖਦੇ ਹਾਂ, ਤੇ (Phrase) ਨੂੰ ਅਖਾਣ ਲਿਖਿਆ ਵੇਖਕੇ ਹੈਰਾਨ ਹੁੰਦੇ ਹਾਂ।

ਪੰਜਾਬੀ ਬੋਲੀ ਦਾ ਸਾਧਾਰਣ ਢੰਗ ਹੈ ਕਿ ਛੋਟੀ ਚੀਜ਼ ਨੂੰ ਇਸਤਰੀ ਲਿੰਗ ਕਰਕੇ ਵਰਤਦੇ ਹਨ। ਜਿਵੇਂ ਸੋਟਾ ਤੇ ਸੋਟੀ, ਰੋਟ ਤੇ ਰੋਟੀ, ਚਰਖਾ ਤੇ ਚਰਖੀ। ਇਸ ਲਈ ਜ਼ਰੂਰੀ ਭਾਸਦਾ ਹੈ ਕਿ ਅਸੀਂ ਪੂਰੇ ਵਾਕ ਦਾ ਨਾਮ ਅਖਾਣ ਧਰੀਏ, ਤੇ ਛੋਟੀ ਚੀਜ਼ (Phrase) ਦਾ ਨਾਮ ਅਖਾਉਤ ਰਖੀਏ।

ਸਾਡੇ ਖਿਆਲ ਵਿਚ ਅਖਾਣ ਉਹ ਹੈ ਜੋ ਪੂਰਾ ਵਾਕ ਹੋਵੇ, ਤੇ ਆਪਣੇ ਅੰਦਰ ਕੋਈ ਸਾਬਤ ਹੋ ਚੁਕੀ ਸਚਾਈ ਰਖਦਾ ਹੋਵੇ। ਇਸ ਦਾ ਕਾਲ, ਪੁਰਖ, ਜਾਂ ਵਚਨ ਬਦਲਿਆ ਨਹੀਂ ਜਾ ਸਕਦਾ।

ਜਿਵੇਂ "ਉਧਾਰ ਨ ਲਓ ਤੇ ਕਾਹਦਾ ਭਉ" ਇਕ ਅਖਾਣ ਹੈ। ਅਸੀਂ ਇਸਨੂੰ ਇਉਂ ਨਹੀਂ ਵਰਤ ਸਕਦੇ ਕਿ 'ਹੁਦਾਰ ਨਾ ਲੈਣਗੇ, ਤੇ ਕਾਹਦਾ ਭਉ ਖਾਣਗੇ', ਸਗੋਂ ਜਦ ਭੀ ਵਰਤਾਂਗੇ ਇਸੇਤਰ੍ਹਾਂ ਹੀ ਵਰਤਾਂਗੇ। ਪਰ ਅਖਾਉਤ ਬਦਲੀ ਜਾ ਸਕਦੀ ਹੈ, ਜਿਵੇਂ 'ਸਿਰ ਹੋਣਾ' ਨੂੰ ਅਸੀ 'ਸਿਰ ਹੋ ਗਏ' 'ਸਿਰ ਹੋ ਜਾਣਗੇ' ਜਾਂ 'ਸਿਰ ਹੋ ਗਿਆ' ਆਦਿਕ ਹਾਲਤਾਂ ਵਿਚ ਬਦਲਕੇ ਤੇ ਉਸਦੇ ਲਿੰਗ, ਵਚਨ ਜਾਂ ਪੁਰਖ ਵਿਚ ਫਰਕ ਪਾਕੇ ਵਰਤ ਸਕਦੇ ਹਾਂ।

ਇਸ ਪੁਸਤਕ ਵਿਚ ਜਤਨ ਇਹ ਕੀਤਾ ਗਿਆ ਹੈ

ਕਿ ਪੰਜਾਬੀ ਦੇ ਉਹ ਅਖਾਣ ਜੋ ਮਧ ਪੰਜਾਬ ਵਿਚ ਬੋਲੇ ਜਾਂਦੇ ਹਨ ਪਾਠਕਾਂ ਦੇ ਸਾਹਮਣੇ ਸਣੇ ਵਰਤੋਂ ਦੇ ਰਖ ਦਿਤੇ ਜਾਣ। ਪੰਜਾਹ ਤੋਂ ਵਧ ਗੁਰਬਾਣੀ ਦੀਆਂ ਤੁਕਾਂ ਹਨ। ਜਿਹਾਕੁ 'ਆਪ ਨ ਵੰਞੈ ਸਾਹੁਰੈ ਲੋਕਾਂ ਮਤੀ ਦੇਇ'। ਕਈ ਅਖਾਣਾਂ ਨੂੰ-ਜੋ ਐਵੇਂ ਰੋਜ ਦੀ ਵਰਤੋਂ ਵਿਚ ਬਦਲਦੇ ੨ ਗੰਦੇ ਹੋ ਗਏ, ਠੀਕ ਕਰਕੇ ਅਤੇ ਮਾਂਜਕੇ ਧਰ ਦਿਤਾ ਹੈ।

ਮਿਸਾਲ ਲਈ ਵੇਖੋ 'ਚਿੜੀ ਦੀ ਚੋਗ ਤੇ ਚੌਧਵਾਂ ਹਿਸਾ, ਨਿਰੋਈ ਗੰਢੇ ਅਕ ਚੋਣਾ' ਆਦਿਕ।

ਕਈ ਅਖਾਣ ਨਿਰੋਲ ਸਥਾਨਕ ਹਨ, ਉਨ੍ਹਾਂ ਬਾਬਤ ਉਨ੍ਹਾਂ ਥਾਵਾਂ ਤੇ ਪਹੁੰਚਕੇ ਜਾਂ ਹੋਰ ਭਰੋਸੇ ਯੋਗ ਵਸੀਲੇ ਨਾਲ ਠੀਕ ੨ ਜਾਣ ਪਛਾਣ ਹਾਸਲ ਕਰਕੇ ਲਿਖੀ ਗਈ ਹੈ। ਜਿਵੇਂ "ਰੋਵਣ ਪਖੀ ਪਾਕੇ ਜਿਨ੍ਹਾਂ ਦੀ ਰਾਸ ਪਰਾਈ, ਅਚਲ ਘੋਲਾ ਘੋਲਿਆ ਰੁੜ੍ਹ ਗਏ ਹਲਵਾਈ।" ਜਾਂ 'ਸਾਰ ਢੂਰ ਵਹੂ ਤੇ ਪਿੰਡਾਂ ਜਿੰਨਾਂ ਰਹੂ'।

ਇਸ ਤੋਂ ਬਿਨਾਂ ਜਿਥੋਂ ਤਕ ਪੁਗ ਸਕਿਆ ਹੈ, ਨਾਲ ੨ ਅੰਗ੍ਰੇਜ਼ੀ, ਫਾਰਸੀ, ਦੇ ਢੁਕਵੇਂ ਅਖਾਣ ਭੀ ਲਿਖੇ ਹਨ।

ਕੰਮ ਕਰਨ ਵਾਲੇ ਲਿਖਾਰੀ ਸਜਣ ਜਾਣਦੇ ਹਨ, ਕਿ ਇਹ ਕੰਮ ਕਿਡੇ-ਕੁ ਲੰਮੇ ਜਿਗਰੇ ਨਾਲ ਤੇ ਮਨ ਨੂੰ ਮਾਰਕੇ ਹੁੰਦੇ ਹਨ। ਇਸ ਲਈ ਮੈਂ ਆਪ ਚੁਪ ਰਹਿਣਾ ਹੀ ਯੋਗ ਸਮਝਦਾ ਹਾਂ। ਇਹ ਬੇਨਤੀ ਕਰਨੀ ਜ਼ਰੂਰੀ ਹੈ ਕਿ ਕਿਸੇ ਸਜਣ ਨੂੰ ਇਸ ਬਾਰੇ ਕੋਈ ਨਵੀਂ ਗੱਲ ਸੁਝੇ ਤਾਂ ਉਹ ਜ਼ਰੂਰ ਹੁਕਮ ਕਰ ਘਲੇ, ਤਾਂ ਜੋ ਅਗਲੀ ਐਡੀਸ਼ਨ

ਵਿਚ ਸੋਧ ਹੋ ਸਕੇ।

ਮੈਂ ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਕਰਤਾ 'ਚੰਦਨ-ਵਾੜੀ' ਤੇ ਐਸ. ਐਸ. 'ਅਮੋਲ' ਕਰਤਾ 'ਲੇਖ ਪਟਾਰੀ' ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸਦੇ ਖਰੜੇ ਨੂੰ ਪੜ੍ਹ ਕੇ ਕਈ ਸੋਧਾਂ ਕੀਤੀਆਂ ਤੇ ਕਈ ਤਰ੍ਹਾਂ ਦੀਆਂ ਨਵੀਆਂ ਸੋਝੀਆਂ ਦਿਤੀਆਂ।

'ਹਿੰਦੀ'

ਤਤਕਰਾ

ਨਾਮ ਅਖਰ	ਸਫ਼ਾ ਨੰਬਰ

ਪੰਜਾਬੀ ਅਖਾਣਾ ਦੀ ਖਾਣ

*****
* ੳ *
* *
*****

(੧) ਉਸਤਾਕਾਰ ਉਚੱਕਾ ਚੇਲਾ ਚੌੜ ਚੁਪੱਟ।

ਜਦ ਵਡੇ ਨਾਲੋਂ ਛੋਟਾ ਹੋਰ ਭੀ ਦੁਖਦਾਈ ਸਾਬਤ ਹੋ ਜਾਵੇ, ਤਾਂ ਇਹ ਅਖਾਣ ਵਰਤਦੇ ਹਨ। ਹੋਰ ਦੇਖੋ

(ੳ) ਮਾਂ ਨਾਲੋਂ ਧੀ ਸਿਆਣੀ......

(ਅ) ਬੜੇ ਮੀਆਂ ਸੋ ਬੜੇ ਮੀਆਂ......

(੨) ਉਸਤਾਦਾਂ ਦੇ ਵਾਰੇ ਵਾਰੇ ਜਾਈਏ।

ਜਦ ਕੋਈ ਅਚੰਭਾ ਗਲ ਦੇਖੀਏ ਤੇ ਸਮਝ ਕੁਝ ਨਾ ਆਵੇ, ਜਾਂ ਬੜੀ ਮੁਸ਼ਕਲ ਨਾਲ ਸਮਝ ਆਵੇ, ਤਦ ਆਪਣੀ ਹੈਰਾਨੀ ਨੂੰ ਜ਼ਾਹਰ ਕਰਨ ਵਾਸਤੇ ਇਹ ਅਖਾਣ ਬੋਲਦੇ ਹਨ।

(੩) ਉਸ਼ਨਾਕ ਬਾਹਮਣੀ ਸੀਂਢ ਦਾ ਤੜਕਾ।

ਕੋਈ ਆਦਮੀ ਬਾਹਰੋਂ ੨ ਤਾਂ ਬੜੀ ਸਫਾਈ ਦਿਖਾਵੇ ਪਰ ਅੰਦਰ ਖਾਨੇ ਬਹੁਤ ਗੰਦਾ ਹੋਵੇ, ਉਸ ਉੱਤੇ ਇਹ ਅਖਾਣ ਘਟਾਉਂਦੇ ਹਨ।

ਕਈ ਲੋਕ "ਸੁੱਚਮ ਬਾਹਮਣੀ ਸੀਂਢ ਦਾ ਤੜਕਾ" ਭੀ ਕਹਿ ਦੇਂਦੇ ਹਨ।

(੪) ਉਹ ਕੀ ਦੇਸੀ ਸਾਧੋ, ਜਿਨ ਪਿੰਨ ਗਲ਼ੋਲਾ ਖਾਧੋ।

ਪਿੰਨ ਗਲੋਲਾ = ਮੰਗ ਪਿੰਨ ਦੀ ਰੋਟੀ।

ਜੋ ਪੁਰਸ਼ ਆਪ ਹੋਰਨਾਂ ਦੀ ਮਦਦ ਨਾਲ ਨਿਰਬਾਹ ਕਰਦਾ ਹੋਵੇ ਤੇ ਉਸ ਪਾਸੋਂ ਕੋਈ ਦੂਸਰਾ ਆਦਮੀ ਵਡਾ ਕੰਮ ਕਰਾਉਣ ਦੀ ਆਸ ਰੱਖੇ, ਤਾਂ ਇਹ ਅਖਾਣ ਬੋਲਿਆ ਜਾਂਦਾ ਹੈ।

(੫) ਉਹ ਕੇਹੜੀ ਗਲੀ ਜਿਥੇ ਭਾਗੋ ਨਹੀਂ ਖਲੀ।

ਜੋ ਬੰਦਾ ਹਰ ਥਾਂ ਤੇ ਜਾ ਪੈਂਚ ਬਣੇ, ਉਸ ਬਾਬਤ ਇਹ ਅਖਾਣ ਵਰਤਦੇ ਹਨ।

(੬) ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ।

ਕੋਈ ਆਦਮੀ ਕਿਸੇ ਤੋਂ ਆਸ ਕਰੇ, ਕਿ ਉਹ ਫਲਾਣਾ ਕੰਮ ਕਰ ਲਵੇਗਾ, ਅਤੇ ਦੂਸਰਾ ਆਦਮੀ, ਜੋ ਉਸ ਤੋਂ ਉਲਟ ਰਾਇ ਰਖਦਾ ਹੋਵੇ ਇਹ ਅਖਾਣ ਬੋਲਦਾ ਹੈ।

(੭) ਉਹ ਫਿਰੇ ਨੱਥ ਘੜਾਉਣ ਨੂੰ,
ਉਹ ਫਿਰੇ ਨੱਕ ਵਢਾਉਣ ਨੂੰ।

ਜਦ ਕੋਈ ਆਦਮੀ ਕਿਸੇ ਉੱਪਰ ਵੱਡੀ ਆਸ ਬੰਨ੍ਹੀ ਬੈਠਾ ਹੋਵੇ, ਪਰ ਉਹ ਉਲਟਾ ਨੁਕਸਾਨ ਪਹੁੰਚਾਉਣ ਲਈ ਤਿਆਰ ਦਿੱਸੇ, ਤਾਂ ਇਹ ਅਖਾਣ ਵਰਤਿਆ ਜਾਂਦਾ ਹੈ।

(੮) ਉਹ ਭੁੱਲਾ ਨ ਜਾਣੀਏਂ, ਜੋ ਮੁੜ ਘਰ ਆਵੇ।

ਜਦ ਇਹ ਦੱਸਣਾ ਹੋਵੇ ਕਿ ਜੇ ਅਜੇ ਭੀ ਕੋਈ ਸਮਝ ਜਾਵੇ ਤਾਂ ਕੀ ਵਿਗੜਿਆ ਹੈ, ਤਦ ਕਹਿੰਦੇ ਹਨ:—

ਅੰਗ੍ਰੇਜ਼ੀ:—He is not lost that comes at last.

(੯) ਉਹ ਮਾਂ ਮਰ ਗਈ, ਜੇਹੜੀ ਦਹੀਂ ਨਾਲ ਟੁੱਕ ਦੇਂਦੀ ਸੀ।

ਜਦਕੋਈ ਔਖਿਆਈ ਵਿਚ ਭੀ ਸੁਖ ਦੇ ਸੁਪਨੇ ਲਵੇ, ਜਾਂ ਕਿਸੇ ਭੈੜੇ ਆਦਮੀ ਕੋਲੋਂ ਭੀ ਉਸੇ ਆਦਰ ਦੀ ਆਸ ਰੱਖੇ, ਜੋ ਉਸਨੂੰ ਕਿਸੇ ਭਲੇ ਪੁਰਸ਼ ਦੇ ਹੱਥੋਂ ਮਿਲਦਾ ਸੀ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—Gone is the goose, that laid the golden egg.

(੧੦) ਉਖਲੀ ਵਿਚ ਸਿਰ ਦਿਤਾ ਦੋ ਵਧ ਕੀ ਦੋ ਘਟ ਕੀ।

ਜਾਂ

(੧੧) ਉਖਲੀ ਵਿਚ ਸਿਰ ਦਿਤਾ ਤਾਂ ਮੋਹਲਿਆਂ ਦਾ ਕੀ ਡਰ।

ਕੋਈ ਆਦਮੀ ਕਿਸੇ ਔਖੇ ਕੰਮ ਨੂੰ ਕਰਨ ਲਈ ਤਿਆਰ ਹੋ ਪਵੇ ਤੇ ਕੋਈ ਉਸਨੂੰ ਔਖਿਆਈਆਂ ਦੱਸ ੨ ਕੇ ਡਰਾਵੇ, ਤਾਂ ਉਹ ਕਹਿੰਦਾ ਹੈ ਕਿ ਭਈ ਹੁਣ ਲਗ ਪਏ ਤਾਂ ਡਰਨ ਦੀ ਕੀ ਲੋੜ ਹੈ ?

ਅੰਗ੍ਰੇਜ਼ੀ:—Over shoes over boots.

ਫਾਰਸੀ:—(ੳ) ਚੂੰ ਆਬ ਅਜ਼ ਸਰ ਗੁਜ਼ਸ਼ਤ। ਚੇ ਯਕ ਨੇਜ਼ਾ ਚੇ ਯਕ ਦਸਤ ?

(ਅ) ਹਰ ਚਿ ਬਾਦਾ ਬਾਦ ਮਾ ਕਿਸਤੀ ਦਰ ਆਬ

ਅੰਦਾ ਖਤੇਮ।

(੧੨) ਉੱਘ ਨ ਪੈਂਦੀ ਨਾਨਕਾ ਜਾਇ ਕੁਥਾਈਂ ਪਾਇ। (ਗੁਰਬਾਣੀ)

ਭਾਵ—ਮਰਕੇ ਜੀਵ ਦਾ ਕੀ ਹਾਲ ਹੁੰਦਾ ਹੈ, ਇਸਦੀ ਕੋਈ ਖਬਰ ਮੁੜਕੇ ਨਹੀਂ ਆਉਂਦੀ।

ਵਰਤੋਂ:—ਜੋ ਆਦਮੀ ਅੱਖੋਂ ਉਹਲੇ ਹੋਇਆ ਫਿਰੇ ਉਸ ਬਾਬਤ ਇਹ ਅਖਾਣ ਵਰਤੀ ਦਾ ਹੈ।

(੧੩) ਉਘਰੀ ਸੋ ਪਈ, ਤੇ ਪਈ ਸੋ ਸਹੀ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਜੋ ਬਿਪਤ ਸਿਰ ਤੇ ਆ ਹੀ ਬਣੇਂ ਉਸਨੂੰ ਔਖੇਸੌਖੇ ਸਹਾਰਨਾ ਚਾਹੀਦਾ ਹੈ. ਤਾਂ ਵਰਤਦੇ ਹਨ। ਇਸ ਦਾ ਇਹ ਭਾਵ ਭੀ ਹੈ ਕਿ ਜਦ ਕਿਸੇ ਨੇ ਕੋਈ ਚੀਜ ਸੋਟੀ, ਡਾਂਗ ਆਦਿਕ ਮਾਰਨ ਲਈ ਉੱਘਰ ਲਈ, ਅਤੇ ਮਾਰੀ ਨਹੀਂ, ਤਾਂ ਭੀ ਅਗਲੇ ਨੂੰ ਪੈ ਗਈ ਹੀ ਸਮਝੋ, ਅਰ ਜੋ ਪੈ ਗਈ ਹੈ, ਭਾਵੇਂ ਉਹ ਕਿੱਡੀ ਸਖਤ ਹੈ, ਸਹਿਣੀ ਹੀ ਪਵੇਗੀ।

(੧੪) ਉਚਾ ਲੰਮਾਂ ਗੱਭਰੂ ਤੇ ਪਲੇ ਠੀਕਰੀਆਂ।

ਜਾਂ

(੧੫) ਉਚੀ ਦੁਕਾਨ ਤੇ ਫਿੱਕੇ ਪਕਵਾਨ।

ਕਿਸੇ ਆਦਮੀ ਦੀ ਬਾਹਰਲੀ ਲਿੰਬ ਪੋਚ ਤਾਂ ਬਹੁਤ ਸਾਰੀ ਹੋਵੇ, ਪਰ ਵਿੱਚੋਂ ਨਿਰਾ ਥੋਥਾਪਣ ਹੀ ਹੋਵੇ, ਤਦ ਸਉ ਦੇ ਠੀਕ ਹਾਲ ਦਾ ਪਤਾ ਲੱਗਣ ਉਤੇ ਬੋਲਦੇ ਹਨ।

ਇਸੇ ਮਤਲਬ ਦੇ ਹੋਰ ਭੀ ਕਈ ਪੰਜਾਬੀ ਅਖਾਣ ਹਨ।

ਅੰਗ੍ਰੇਜ਼ੀ:— (*a*) Great boast little roast.
(*b*)Great cry little wool.

ਫਾਰਸੀ:—ਨਾਮਸ਼ ਕਲਾਂ ਵ ਦੇਹਸ਼ ਵੀਰਾਂ।

(੧੬) ਉਜੜੇ ਪਿੰਡ ਭੜੋਲਾ ਮਹਿਲ।

ਜਿਥੇ ਕੋਈ ਚੰਗੀ ਚੀਜ ਨ ਲੱਭੇ ਤੇ ਉਸਦੀ ਥਾਂ ਕਿਸੇ ਨਿਕੰਮੀ ਚੀਜ ਨਾਲ ਗੁਜਾਰਾ ਕਰਨਾ ਪੈ ਜਾਵੇ, ਤਾਂ ਬੋਲਦੇ ਹਨ।

ਦੇਖੋ:—ਜਿੱਥੇ ਰੁੱਖ ਨਹੀਂ ਉੱਥੇ ਅਰਿੰਡ ਪਰਧਾਨ।

(੧੭) ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ।

ਜਿਸ ਚੀਜ ਜਾਂ ਥਾਂ ਦਾ ਕੋਈ ਮਾਲਕ ਨਾ ਬਣੇਂ ਅਤੇ ਉਹ ਚੀਜ ਜਾਂ ਥਾਂ ਕੋਈ ਨਿਕੰਮਾ ਜਿਹਾ ਜੀਅ ਸਾਂਭ ਬੈਠੇ, ਤਾਂ ਕਹਿੰਦੇ ਹਨ।

ਫ਼ਾਰਸੀ:—ਜ਼ਿਸ਼ੇਰਾਂ ਚੁ ਖਾਲੀ ਸ਼ਵਦ ਮਰਗਜ਼ਾਰ, ਕੁਨਦ ਰੂਬਹੇ ਲੰਗ ਦਰ ਵੈ ਸ਼ਿਕਾਰ।

(੧੮) ਉਠ ਨੀ ਨੂੰਹੇਂ ਨਿਸੱਲ ਹੋ, ਚਰਖਾ ਛਡ ਤੇ ਚੱਕੀ ਝੋ।

ਜਦੋਂ ਕਿਸੇ ਨੂੰ ਸੌਖੇ ਕੰਮੋਂ ਕੱਢਕੇ ਸਗੋਂ ਔਖੇ ਕੰਮ ਲਾ ਦਿੱਤਾ ਜਾਵੇ ਤੇ ਮੂੰਹੋਂ ਉਸ ਪਰ ਅਹਿਸਾਨ ਚਾੜ੍ਹਿਆ ਜਾਵੇ,ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Out of frying pan into the fire.

(੧੯) ਉਠ ਨੀ ਲੋਹੀਏ ਬਕਰੀਏ, ਤੇਰਾ ਸਾਥ ਗਿਆ ਈ ਦੂਰ ।

ਜਦ ਕਿਸੇ ਨੂੰ ਉੱਦਮ ਲਈ ਸੁਚੇਤ ਕਰਨਾ ਹੋਵੇ ਤਾਂ ਕਹਿੰਦੇ ਹਨ।

(੨੦) ਉਠ ਵੇ ਮਨਾ, ਪਰਾਇਆ ਧਨਾ ।

ਤੀਵੀਂਆਂ ਦੇ ਇਕੱਠ ਵਿੱਚੋਂ ਕਿਸੇ ਇਕ ਨੇ ਉਠ ਕੇ ਕੰਮ ਲਗਣਾਂ ਹੋਵੇ ਤਾਂ ਉਹ ਉਠਣ ਲਗੀ ਕਹਿ ਦੇਂਦੀ ਹੈ। ਭਾਵ ਇਹ ਕਿ ਮੈਂ ਪਰਾਏ ਵੱਸ ਹੋਣ ਕਰਕੇ ਹੋਰ ਠਹਿਰ ਨਹੀਂ ਸਕਦੀ । ਕਈਆਂ ਨੇ ਇਸ ਨਾਲ ਕੁਝ ਹੋਰ ਵੀ ਜੋੜਿਆ ਹੈ। ਜਿਵੇਂ:—

ਉਠ ਵੇ ਮਨਾਂ! ਪਰਾਇਆ ਧਨਾਂ ਉਠਕੇ ਪਕਾ ਤੋਸਾ,
ਪਰਾਏ ਪੁੱਤ ਨਾਲ ਕੀ ਰੋਸਾ, ਉੱਠ ਕੇ ਮਾਰੂਗਾ ਧਹਿ ਸੋਟਾ।

(੨੧) ਉਠਿਆ ਜਾਏ ਨਾਂ ਫਿਟੇਮੂੰਹ ਗੋਡਿਆਂਦਾ।

ਜਦ ਕੋਈ ਆਦਮੀ ਕਿਸੇ ਕੰਮ ਨੂੰ ਕਰ ਤਾਂ ਆਪ ਨਾ ਸਕਦਾ ਹੋਵੇ, ਪਰ ਦੋਸ਼ ਕਿਸੇ ਹੋਰ ਦੇ ਮੱਥੇ ਮੜ੍ਹੇ, ਤਾਂ ਕਹਿੰਦੇ ਹਨ। ਹੋਰ ਭੀ ਹੈਨ:—

(ੳ) ਆਪ ਕੁਚੱਜੀ ਵੇਹੜੇ ਨੂੰ ਦੋਸ਼.....
(ਅ) ਨੱਚ ਨਾਂ ਜਾਣੇ, ਵੇਹੜਾ ਸੌੜਾ......

ਅੰਗ੍ਰੇਜ਼ੀ:—A bad workman finds fault with h s tools.

ਫਾਰਸੀ:—ਖ਼ੂਏ ਬਦ ਰਾ ਬਹਾਨਾ ਬਿਸਿਆਰ ।

(੨੨) ਉਠੋ ਮੁਰਦਿਓ ਖੀਰ ਖਾਓ।

ਜਦ ਕਿਸੇ ਨਿਕੰਮੇ ਆਦਮੀ ਨੂੰ ਕੋਈ ਐਸਾ ਕੰਮ ਕਿਹਾ ਜਾਵੇ, ਜਿਸ ਵਿਚ ਉਸ ਦਾ ਆਪਣਾ ਹੀ ਭਲਾ ਹੋਵੇ, ਤਾਂ ਕਹਿੰਦੇ ਹਨ।

(੨੩) ਉਡ ਭੰਬੀਰੀ ਸਾਵਣ ਆਇਆ।

ਜਦ ਇਹ ਦੱਸਣਾ ਹੋਵੇ ਕਿ ਹੁਣ ਤੇ, ਜਿਨ੍ਹਾਂ ਕੁਝ ਵੀ ਨਹੀਂ ਸੀ ਕਰਨਾ, ਉਹ ਭੀ ਤਿਆਰ ਹੋ ਪਏ ਹਨ, ਜਾਂ ਇਹ ਦਸਣਾ ਹੋਵੇ ਕਿ ਹੁਣ ਕੰਮ ਕਰਨ ਦਾ ਅਸਲੀ ਵੇਲਾ ਹੈ, ਤਾਂ ਬੋਲਦੇ ਹਨ।

(੨੪) ਉਤਮ ਖੇਤੀ ਮਧ ਵਪਾਰ,
ਨਖਿਧ ਚਾਕਰੀ ਭੀਖ ਨਦਾਰ।

ਨਦਾਰ = ਕੁਝ ਵੀ ਨਾ।

ਖੇਤੀ ਜਾਂ ਵਪਾਰ ਨੂੰ ਚੰਗਾ, ਤੇ ਨੌਕਰੀ ਜਾਂ ਮੰਗਣ ਨੂੰ ਬੁਰਾ ਦਸਣ ਲਈ ਬੋਲਦੇ ਹਨ।

(੨੫) ਉਤੋਂ ਹੋਇਆ ਸੋਤਾ, ਕੁਚੱਜੀ ਕੁੰਨਾ ਧੋਤਾ।

ਸੋਤਾ = ਸੌਣ ਦਾ ਵੇਲਾ।

ਕੁੰਨਾ = ਹਾਂਡੀ।

ਜਦ ਕੋਈ ਆਦਮੀ ਕਿਸੇ ਕੰਮ ਨੂੰ ਬਹੁਤ ਕੁਵੇਲੇ ਕਰੇ, ਤਾਂ ਕਹਿੰਦੇ ਹਨ।

(੨੬) ਉਤੋਂ ਬੀਬੀਆਂ ਦਾੜ੍ਹੀਆਂਵਿਚੋਂ ਕਾਲੇਕਾਂ।

ਕਿਸੇ ਆਦਮੀ ਦੀ ਸ਼ਕਲ ਭੋਲੀ ਭਾਲੀ ਪਰ ਕੰਮ ਚਲਾਕੀ ਦੇ ਦੇਖਕੇ ਕਹੀਦਾ ਹੈ।

(੨੭) ਉਥੇ ਜਾਈਂ ਭੱਲਿਆ,
ਜਿਥੇ ਪਿਉ ਤੇ ਦਾਦਾ ਚੱਲਿਆ।

ਜਦੋਂ ਕੋਈ ਆਦਮੀ ਆਪਣੇ ਪਿਤਾ ਪਿਤਾਮਾਂ ਵਾਂਙ ਕੋਈ ਕੰਮ ਕਰਨ ਲਗ ਪਵੇ, ਤਾਂ ਲੋਕ ਆਖਦੇ ਹਨ।

(੨੮) ਉੱਦਮ ਅਗੇ ਲੱਛਮੀ ਪੱਖੇ ਅਗੇ ਪੌਣ।

ਜਦੋਂ ਕਿਸੇ ਨੂੰ ਉਦਮ ਦਾ ਉਪਦੇਸ਼ ਦੇਣਾਂ ਹੋਵੇ, ਜਾਂ ਜਦ ਕਿਸੇ ਦਾ ਉੱਦਮ ਸਫਲ ਹੋ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—God helps those who help them selves.

(ੳ) ਫਾਰਸੀ:-ਹਿੰਮਤੇ ਮਰਦਾਂ ਮਦਦੇ ਖ਼ੁਦਾ।

(ਅ) ਬ ਹਰ ਕਾਰੇ ਕਿ ਹਿੰਮਤ ਬਸਤਾ ਗਰਦਦ।
ਅਗਰ ਖ਼ਾਰੇ ਬਵਦ ਗੁਲਦਸਤਾ ਗਰਦਦ।

(੨੯) ਉਧਲ ਗਈਆਂਨੂੰ ਦਾਜਕੌਣ ਦੇਂਦਾ ਹੈ?

ਕੋਈ ਲਾਭ ਉਠਾਉਣ ਦਾ ਠੀਕ ਵੇਲਾ ਗੁਆ ਕੇ, ਪਿੱਛੋਂ ਮੰਗ ਕਰੇ ਤਾਂ ਬੋਲਦੇ ਹਨ।

(੩੦) ਉਧਲ ਗਈ ਨੂੰ ਦਾਜ ਕੀ?

ਜਾਂ

(੩੧) ਉਧਲ ਗਈਆਂ ਨੂੰ ਬਿਦਾਂ ਦੀ ਡਾਕ।

ਜਦ ਕੋਈ ਆਦਮੀ ਅਯੋਗ ਗੱਲ ਕਰਕੇ ਆਪਣਾ ਅਧਿਕਾਰ ਗੁਆ ਬੈਠੇ, ਪਰ ਉਸ ਲਾਭ ਦੀ ਆਸ ਰੱਖੀ ਜਾਏ ਜੋ ਠੀਕ ਤਰੀਕੇ ਨਾਲ ਕੰਮ ਕਰਨ ਕਰਕੇ ਹੋਣਾ ਸੀ, ਤਾਂ ਕਹਿੰਦੇ ਹਨ।

(੩੨) ਉਧਾਰ ਦਏ ਦੋਨੋਂ ਗਏ।

ਦੋਨੋਂ = ਰੁਪਇਆ ਤੇ ਮਿੱਤ੍ਰ ਜਾਂ ਮਿੱਤ੍ਰਤਾ।

ਉਧਾਰ ਦੇਣ ਦੇ ਉਲਟ ਸਮਝੌਣ ਲਈ ਕਹਿੰਦੇ ਹਨ।

ਅੰਗ੍ਰੇਜ਼ੀ:—He that lendeth looseth double money and friend.

(੩੩) ਉਧਾਰ ਨ ਲਉ ਤੇ ਕਾਹਦਾ ਭਉ।

ਉਧਾਰ ਲੈਣਦੇ ਉਲਟ ਸਿਖਿਆ ਦੇਂਦਿਆਂ ਬੋਲਿਆ ਜਾਂਦਾ ਹੈ।

ਅੰਗ੍ਰੇਜ਼ੀ:—He that goes a borrowing goes a sorrowing.

(੩੪) ਉਨ੍ਹਾਂ ਨਾਲ ਸ਼ਰੀਕਾ ਕਾਹਦਾ, ਸਾਹਿਬ ਜਿਨ੍ਹਾਂ ਦੀਆਂ ਮੰਨੇ।

ਦੇਖੋ:—ਡਾਢੇ ਨਾਲ ਭਿਆਲੀ, ਓਹ ਮੰਗੇ ਹਿਸਾ ਓਹ ਕਢੇ ਗਾਲੀ।

ਜਦੋਂ ਕੋਈ ਕਿਸੇ ਵੱਡੇ ਨਾਲ ਟਾਕਰਾ ਲਾਕੇ ਹਾਰ ਜਾਵੇ, ਤਾਂ ਕਹਿੰਦੇ ਹਨ।

(੩੫) ਉਪਕਾਰੀ ਧਰਮ ਧਾਰੀ।

ਕਿਸੇ ਉਪਕਾਰ ਕਰਨ ਵਾਲੇ ਦੀ ਸਿਫਤ ਵਿਚ ਵਰਤਦੇ ਹਨ।

ਅੰਗ੍ਰੇਜ਼ੀ:--Charitable man is the true lover of God.

(੩੬) ਉਲਟਾ ਚੋਰ ਕੁਤਵਾਲ ਨੂੰ ਡਾਂਟੇ (ਜਾਂ ਡੰਨੇ)।

ਜਦ ਕੋਈ ਕਸੂਰ ਵਾਰ ਆਦਮੀ ਆਪਣਾ ਕਸੂਰ ਮੰਨਣ ਦੀ ਥਾਂ ਉਲਟਾ ਸਚੇ ਆਦਮੀ ਤੇ ਦਬਾਉ ਪਾਵੇ ਤਾਂ ਕਹਿੰਦੇ ਹਨ।

(੩੭) ਉਲਟੀ ਗੰਗਾ ਪਹਾੜਾਂ ਨੂੰ।

ਜਦ ਕੋਈ ਗੱਲ ਬਿਲਕੁਲ ਉਲਟੇ ਤ੍ਰੀਕੇ ਨਾਲ ਹੋਵੇ ਤਾਂ ਬੋਲਦੇ ਹਨ। ਉਲਟੀ ਗੰਗਾ ਪਹੋਏ ਨੂੰ ਭੀ ਬੋਲਦੇ ਹਨ।

ਅੰਗ੍ਰੇਜ਼ੀ:--Fetching owls to Athens.

ਹਿੰਦੀ:--ਉਲਟੇ ਬਾਂਸ ਬਰੇਲੀ ਕੋ।

(੩੮) ਉਲਟੀ ਵਾੜ ਖੇਤ ਨੂੰ ਖਾਇ।

ਜਦ ਰਾਖਾ ਹੀ ਕੋਈ ਨੁਕਸਾਨ ਕਰਨ ਲਗ ਜਾਵੇ ਤਾਂ ਕਹਿੰਦੇ ਹਨ।

(੩੯) ਉਂਗਲ ਉਂਗਲ ਵੇਰਵਾ ਚਪੇ ੨ ਵਿਥ।

ਜਦ ਇਹ ਦਸਣਾ ਹੋਵੇ ਕਿ ਹਰ ਗਲ ਤੇ ਕੰਮ ਵਿਚ ਕੁਝ ਭੇਤ ਹੁੰਦਾ ਹੈ ਤਾਂ ਬੋਲਦੇ ਹਨ।

(੪੦) ਉਂਗਲ ਵੱਢੀ ਚੀਚੀ ਵਢੀ ਸਾਡੇ ਵਿਚ ਹੋਰ ਰਲੇ।

ਕਿਸੇ ਬੁਰਾਈ ਵਿਚ ਫਸੇ ਆਦਮੀ ਨੂੰ ਜਦ ਉਸੇ ਤਰਾਂ ਦੇ ਐਬੀ ਮਿਲ ਜਾਣ,ਤਾਂ ਉਹ ਸਚਾ ਹੋਣ ਲਈ ਇਹ ਅਖਾਣ ਵਰਤਦਾ ਹੈ। ਭਾਵ ਇਹ ਕਿ ਮੇਰਾ ਪੜਦਾ ਭੀ ਬਣਿਆਂ ਰਹੇਗਾ।

(੪੧) ਊਈ ਦੀ ਤੂਈ ਨਹੀਂ ਬਣਾਈ ਦੀ।

ਕਿਸੇ ਗੱਲ ਨੂੰ ਐਵੇਂ ਵਧਾਈ ਜਾਣ ਵਾਲੇ ਆਦਮੀ ਨੂੰ ਸਮਝਾਉਣ ਲਈ ਵਰਤਦੇ ਹਨ।

(੪੨) ਊਹੋ ਤੁਣ ਤੁਣੀ ਊਹੋ ਰਾਗ।

ਤੁਣ ਤੁਣੀ ਜਾਂ ਧੁਣ ਧੁਣੀ = ਵਜਾਉਣ ਵਾਲਾ ਤਾਰਾਂ ਦਾ ਸਾਜ।

ਬਹੁਤ ਸਾਰਾ ਜ਼ੋਰ ਲਾਉਣ ਪਰ ਭੀ ਜੇ ਕਿਸੇ ਦੀ ਹਾਲਤ ਪਹਿਲੇ ਵਾਲੀ ਹੀ ਰਹੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Like a cuckoo you have but one song.

(੪੩) ਊਹੋ ਬਾਹੀ ਜਿਹੜੀ ਘੋਲ ਘਾਲ ਲਾਹੀ।

ਬਾਹੀ = ਬਾਂਹ ਤੇ ਪੌਣ ਵਾਲਾ ਇੱਕ ਚਾਂਦੀ ਦਾ ਗਹਿਣਾਂ।

ਗਲਾਸ ਦਾ ਬੱਲਾ ਲਹਿ ਜਾਵੇ ਤਾਂ ਬਾਹੀ ਦਾ ਨਮੂਨਾਂ

ਜਾਂਦਾ ਹੈ।

ਇਹ ਹਾਥੀ ਦੰਦ ਦੇ ਚੂੜੇ ਵਾਂਗ ਹੀ ਸੁਹਾਗ ਦਾ ਗਹਿਣਾਂ ਸਮਝਿਆ ਜਾਂਦਾ ਸੀ।

ਇਹ ਅਖਾਣ ਉਸ ਵੇਲੇ ਬੋਲਿਆ ਜਾਂਦਾ ਹੈ, ਜਦ ਆਪਣੇ ਵਲੋਂ ਤਾਂ ਅਸੀਂ ਕਿਸੇ ਨੂੰ ਕੋਈ ਚੀਜ ਅਨੋਖੀ ਸੁਗਾਤ ਸਮਝਕੇ ਭੇਟਾ ਕਰੀਏ ਪਰ ਉਹ ਅੱਗੇ ਹੀ ਉਸ ਤੋਂ ਅੱਕਿਆ ਬੈਠਾ ਹੋਵੇ।

(੪੪) ਊਹੋ ਬੇੜੀ ਖੇਤੀਊਹੋ ਰਾਮ ਦਿਆਲ।

ਦੇਖੋ:-ਊਹੋ ਤੁਣ ਤੁਣੀ ਊਹੋ ਰਾਗ।

(੪੫) ਊਹੋ ਮਿਠਾ ਜੋ ਭੁਲਾ ਨਾ ਡਿੱਠਾ।

ਜਦ ਕਿਸੇ ਦੀ ਦੂਰੋਂ ਦੂਰੋਂ ਬੜੀ ਸੋਭਾ ਸੁਣੀ ਹੋਵੇ ਪਰ ਵਾਹ ਪਿਆਂ ਖੋਟਾ ਸਾਬਤ ਹੋਵੇ ਤਦ ਇਹ ਅਖਾਣ ਵਰਤਦੇ ਹਨ।

ਦੇਖੋ-ਦੂਰ ਦੇ ਢੋਲ ਸੁਹਾਵਣੇ।

(੪੬) ਊਠ ਅੜਾਉਂਦੇ ਹੀ ਲੱਦੀ ਦੇ ਹਨ।

ਸਦਾ ਸਖਤੀ ਨਾਲ ਹੀ ਕੰਮ ਦੇਣ ਵਾਲੇ ਲਈ ਇਹ ਅਖਾਣ ਵਰਦੇ ਹਨ।

(੪੭) ਊਠ ਖਾਲੀ ਭੀ ਅੜਾਵੇ ਤੇ ਭਰਿਆਭੀ।

ਹਰ ਹਾਲਤ ਵਿਚ ਚੀਕਦੇ ਰਹਿਣ ਲਈ ਵਰਤਦੇ ਹਨ।

(੪੮) ਊਠ ਚਾਲੀ ਤੇ ਬੋਤਾ ਪੰਤਾਲੀ।

ਜਦੋਂ ਵਡੀ ਜਾਂ ਚੰਗੀ ਚੀਜ ਨਾਲੋਂ, ਭੈੜੀ ਚੀਜ ਦੀ

ਵਧੇਰੇ ਕੀਮਤ ਪਾਈ ਜਾਵੇ ਜਾਂ ਪਿਉ ਨਾਲੋਂ ਪੁਤ੍ਰ ਵਿਚ ਵਧੀਕ ਚਤਰਾਈ ਦਿਸੇ ਤਾਂ ਬੋਲਦੇ ਹਨ।

(੪੯) ਊਠ ਤੇ ਚੜ੍ਹੀ ਨੂੰ ਕੁਤਾ ਲੜ ਜਾਊ ?

ਜਦ ਕੋਈ ਅਣਹੋਣੀ ਤਕਲੀਫ ਤੋਂ ਡਰ ਡਰ ਕੇ ਐਵੇਂ ਪਿਆ ਕੰਬੇ, ਤਾਂ ਬੋਲਦੇ ਹਨ।

(੫੦) ਊਠ ਤੇ ਚੜ੍ਹੇ ਨੂੰ ਦੋ ਦੋ ਜਾਪਦੇ ਨੇ।

ਕੋਈ ਆਦਮੀ ਆਪ ਸੁਖੀ ਹੋਵੇ, ਤੇ ਲੋਕਾਂ ਨੂੰ ਭੀ ਉਜੇਹਾ ਹੀ ਸਮਝੇ, ਤਾਂ ਕਹਿੰਦੇ ਹਨ।

(੫੧) ਊਠ ਤੋਂ ਛਾਨਣੀ ਲਾਹਿਆਂ ਭਾਰ ਹੌਲਾ ਹੋ ਜਾਊ ?

ਕਿਸੇ ਆਦਮੀ ਦੇ ਬਹੁਤ ਸਾਰੇ ਕੰਮ ਵਿੱਚੋਂ ਥੋੜਾਂ ਜਿਹਾ ਘਟਾਕੇ ਪਰਚਾਇਆ ਜਾਵੇ ਤਾਂ ਅੱਗੋਂ ਇੰਹ ਅਖਾਣ ਫਬਦਾ ਹੈ।

(੫੨) ਊਠ ਦੇ ਗਲ ਟੱਲੀ।

ਕਿਸੇ ਲੰਮੇ ਉਚੇ ਬੰਦੇ ਨਾਲ ਮਧਰੀ ਜਿਹੀ ਵਹੁਟੀ ਵੇਖਕੇ ਇਹ ਅਖਾਣ ਵਰਤੀਦਾ ਹੈ।

(੫੩) ਊਠ ਨ ਕੁਦੇ ਬੋਰੇ ਕੁਦੇ।

ਜਦ ਕਿਸੇ ਕੰਮ ਦਾ ਅਸਲੀ ਦਾਵੇਦਾਰ ਤਾਂ ਚੁੱਪ ਹੋਵੇ ਪਰ ਦੂਸਰੇ ਐਵੇਂ ਹੀ ਅੱਗੇ ਵਧ ਵਧ ਕੇ ਰੌਲਾ ਪਾਉਣ ਤਦ ਬੋਲਦੇ ਹਨ।

ਫਾਰਸੀ—ਮੁਦਈ ਸੁਸਤ ਗਵਾਹ ਚੁਸਤ ।

(੫੪) ਊਠ ਨੂੰ ਗੁੜ੍ਹਤੀ ।

ਜਾਂ

(੫੫) ਊਠ ਦੇ ਮੂੰਹ ਜੀਰਾ ।

ਬਹੁਤ ਸਾਰੀ ਚੀਜ ਦੀ ਲੋੜ ਵੇਲੇ ਜਦ ਥੋੜੀ ਜਿਹੀ ਚੀਜ ਵਰਤਕੇ ਗੁਜਾਰਾ ਕਰਨ ਦਾ ਖਿਆਲ ਹੋਵੇ ਤਾਂ ਵੇਖਣ ਵਾਲੇ ਕਹਿੰਦੇ ਹਨ, ਜਾਂ ਕਿਸੇ ਵਡੀ ਡੀਲ ਡੌਲ ਵਾਲੇ ਨੂੰ ਥੋੜੀ ਜਿਹੀ ਚੀਜ਼ ਦੇਕੇ ਪ੍ਰਸੰਨ ਕਰਨ ਦਾ ਜਤਨ ਕੀਤਾ ਜਾਵੇ ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—What is a pound of mutton among a kennel of hounds.

(੫੬) ਊਠਾ ਲਹਾਈ ਭਲੀ ਕਿ ਚੜ੍ਹਾਈ ?
ਅਖੇ ਹਰਦੂ ਲਾਨ੍ਹਤ ।

ਜਦ ਕਿਸੇ ਬੰਦੇ ਨੂੰ ਦੋਹਾਂ ਪਾਸਿਆਂ ਜਾਂ ਕੰਮਾਂ ਜਾਂ ਬੰਦਿਆਂ ਨਾਲ ਵਰਤਣ ਵਿਚ, ਦੁੱਖ ਹੀ ਦੁੱਖ ਦਿੱਸੇ, ਤਦ ਉਹ ਪੁੱਛਣ ਵਾਲੇ ਨੂੰ ਇਹ ਅਖਾਣ ਸੁਣਾਕੇ ਆਪਣਾ ਭਾਵ ਜਤਾ ਦੇਂਦਾ ਹੈ। ਭਾਵ ਇਹ ਹੈ ਕਿ ਊਠ ਲਈ ਚੜ੍ਹਾਈ ਉਤਰਾਈ ਦੋਵੇਂ ਦੁਖਦਾਈ ਹਨ। ਉਹ ਪੱਧਰ ਮੈਦਾਨ ਵਿਚ ਸੁਖਲਾ ਰਹਿੰਦਾ ਹੈ।

(੫੭) ਊਠਾਂ ਨੂੰ ਕਿਸ ਛੱਪਰ ਛਾਏ ।

ਜਦ ਕੋਈ ਕਿਸੇ ਨੂੰ ਕਹੇ ਕਿ ਤੂੰ ਇਨ੍ਹਾਂ ਸਾਰੇ ਨੌਕਰ

ਨੂੰ ਚੰਗੇ ਕੱਪੜੇ ਤੇ ਚੰਗੇ ਖਾਣੇ ਦੇਹ, ਤਾਂ ਉਹ ਕਹਿੰਦਾ ਹੈ। ਭਾਵ ਇਹ ਜੋ ਇੰਨਾ ਬਹੁਤਾ ਖਰਚ ਇੰਨੇ ਬਹੁਤੇ ਜੀਆਂ ਲਈ ਕੌਣ ਕਰੇ !

(੫੮) ਊਠਾਂ ਵਾਲੇ ਸਦਾ ਦਵਾਲੇ, ਮਹੀਆਂ ਵਾਲੇ ਅੱਧੇ। ਭੇਡਾਂ ਵਾਲੇ ਸਦਾ ਸੁਖਾਲੇ, ਜਿਨਾਂ ਗਏ ਰੁਪਈਏ ਲੱਧੇ।

ਊਠਾਂ ਤੇ ਭੇਡਾਂ ਦੀ ਮਰੀ ਉਘੀ ਹੈ । ਇਕ ਮਰਦਾ ਵੇਖਕੇ ਬਾਕੀ ਸਾਰੇ ਮਰਨੇ ਸ਼ੁਰੂ ਹੋ ਜਾਂਦੇ ਹਨ । ਮੈਂਹ ਆਦਿਕ ਡੰਗਰਾਂ ਵਿਚ ਭੀ ਮਰੀ ਪੈ ਜਾਂਦੀ ਹੈ ਪਰ ਸਾਰੇ ਨਹੀਂ ਮਰਦੇ ।

ਇਸ ਅਖਾਣ ਦਾ ਭਾਵ ਇਹ ਹੈ ਕਿ ਊਠ ਦਾ ਕੁਝ ਨਹੀਂ ਲੱਭਦਾ, ਡੰਗਰ ਕੁਝ ਅੱਧ ਪਚੱਧ ਬਚ ਰਹਿੰਦੇ ਹਨ, ਪਰ ਭੇਡਾਂ ਵਾਲਿਆਂ ਦੀ ਰਕਮ ਫਿਰ ਭੀ ਖਰੀ ਹੋ ਜਾਂਦੀ ਹੈ, ਉੱਨ, ਮਾਸ ਤੇ ਖੱਲ ਸਭ ਕੁਝ ਵਿਕ ਜਾਂਦਾ ਹੈ, ਹਾਥੀ ਬਾਬਤ ਅਖਾਣ ਹੈ, 'ਜੀਊਂਦੇ ਦਾ ਲੱਖ ਮੋਏ ਦਾ ਸਵਾ ਲੱਖ'।

(੫੯) ਊਠਾਂ ਵਿਚੋਂ ਭੇਡ ਸਿਞਾਣਨ ਵਾਲਾ।

ਜਿਸ ਆਦਮੀ ਨੂੰ ਆਉਂਦਾ ਜਾਂਦਾ ਕੁਝ ਨਾ ਹੋਵੇ ਪਰ ਉਂਞ ਸਿਆਣਾ ਬਣ ੨ ਬੈਠੇ ਜਾਂ ਕੋਈ ਸਧਾਰਣ ਜਿਹਾ ਕੰਮ ਕਰਕੇ ਬੜਾ ਫੁੱਲਿਆ ਫਿਰੇ ਤਾਂ ਉਸ ਆਦਮੀ ਤੇ ਇਹ ਵਰਤਦੇ ਹਨ ।

ਅੰਗ੍ਰੇਜ਼ੀ:—He knows not B from a bull's foot.

(੬੦) ਊਣਾ ਹੋਇ ਤਾਂ ਖੜ ਖੜ ਬੋਲੇ, ਭਰਿਆ ਹੋਇ ਤਾਂ ਕਦੇ ਨ ਡੋਲੇ ।

ਊਣਾ = ਪੌਣਾਂ ਕੁ ਭਰਿਆ ਹੋਇਆ ।

ਕੋਈ ਹੋਛਾ ਆਦਮੀ, ਜਦ ਆਪਣੀ ਵੂੰ ਵੂੰ ਕਰਦ ਫਿਰੇ ਤੇ ਉਸ ਦੇ ਟਾਕਰੇ ਤੇ ਇਕ ਲਾਇਕ ਤੇ ਸਿਆਣ ਆਦਮੀ ਚੁੱਪ ਤੇ ਗੰਭੀਰ ਰਹੇ ਤਾਂ ਬੋਲਦੇ ਹਨ ।

ਹਿੰਦੀ:—थोथा चना बाजे घना ।

ਅੰਗ੍ਰੇਜ਼ੀ:— Empty Vessels make muc sound.

(੬੧) ਊਣੇ ਭਾਂਡੇ ਹੀ ਉਛਲਦੇ ਹਨ ।

ਦੇਖੋ, ਊਣਾ ਹੋਇ ਤਾਂ ਖੜ ਖੜ ਬੋਲੇ, ਭਰਿਅ ਹੋਇ ਤਾਂ ਕਦੇ ਨਾ ਡੋਲੇ ।

ਅੰਗ੍ਰੇਜ਼ੀ:-Empty vessels make much noi

ਹਿੰਦੀ:--थोथा चना बाजे घना ।

(੬੨) ਓੜਕ ਬੱਚਾ ਮੂਲਿਆ ਤੈਂ ਹੱਟੀ ਬਹਿਣਾਂ

ਜਦ ਕੋਈ ਆਦਮੀ ਕਈ ਪਾਪੜ ਵੇਲਕੇ ਮੁੜ ਆਪਣੇ ਪਿਉ ਦਾਦੇ ਵਾਲਾ ਕੰਮ ਕਰਨ ਲੱਗ ਪਵੇ, ਤਾਂ ਕਹਿੰਦੇ ਹਨ ।

*****
* ਅ *
*   *
*****

(੧) ਅਸਮਾਨ ਕਤੂਰੇ ਭੌਂਕਦੇ ਨੇ।

ਜਾਂ

(੨) ਅਸਮਾਨ ਕਤੂਰੇ ਭੌਂਦੇ ਨੇ।

ਆਕੜ ਨਾਲ ਜਿਸ ਦੀ ਨਿਗਾਹ ਅਸਮਾਨ ਚੜ੍ਹੀ ਹੋਈ ਹੋਵੇ ਉਸ ਲਈ ਇਹ ਅਖਾਣ ਬੋਲਦੇ ਹਨ।

(੩) ਅਸਮਾਨ ਤੇ ਥੁਕਿਆ ਆਪਣੇ ਤੇ ਪੈਂਦਾ ਏ।

ਕਿਸੇ ਵਡੀ ਹਸਤੀ ਦੇ ਉਲਟ ਬੋਲਣ ਵਾਲੇ ਨੂੰ ਉਪਦੇਸ਼ ਦੇਣ ਲਈ ਵਰਤਿਆ ਜਾਂਦਾ ਹੈ।

ਅੰਗ੍ਰੇਜ਼ੀ:—Puff not against the wind.

ਫਾਰਸੀ:—ਆਸਮਾਨ ਗਰਦ ਦਹਰ ਆਂ ਚਾ ਹਿੰਮਤ ਬਸਤੀ।

(੪) ਅਸਮਾਨ ਨੂੰ ਟਾਕੀਆਂ ਲਾਉਂਦਾ ਏ।

ਜਾਂ

(੫) ਅਸਮਾਨ ਨੂੰ ਪੌੜੀਆਂ ਲਾਉਂਦਾ ਏ।

ਜਾਂ

(੬) ਅਸਮਾਨੋਂ ਟਾਕੀਆਂ ਲਾਹੁੰਦਾ ਏ।

ਕੋਈ ਬੰਦਾ ਬਿਲਕੁਲ ਅਨਹੋਣੀਆਂ ਤੇ ਅਚੰਭਾ

ਗਲਾਂ ਕਰੇ, ਤਾਂ ਕਹਿੰਦੇ ਹਨ।

ਅੱਤ ਦਰਜੇ ਦੇ ਚਲਾਕ ਆਦਮੀ ਲਈ ਭੀ ਵਰਤਦੇ ਹਨ।

ਅੰਗ੍ਰੇਜ਼ੀ:—To set Thames on fire.

(੭) ਅਸੂ ਮਾਹ ਨਿਰਾਲੇ, ਦਿਨੇਂ ਧੁਪਾਂ ਤੇ ਰਾਤੀਂ ਪਾਲੇ।

ਅਸੂ ਦੇ ਮਹੀਨੇ ਜਦ ਦਿਨੇ ਕਰੜੀ ਧੁੱਪ ਪੈਂਦੀ ਹੋਵੇ ਤੇ ਰਾਤ ਨੂੰ ਠੰਡ ਪਵੇ, ਤਾਂ ਕਹਿੰਦੇ ਹਨ।

(੮) ਅਹਕਰ ਕਰੇ ਸੋ ਅਹਕਰ ਪਾਏ।

ਅਹਕਰ = ਇਹ ਹਥ।

ਜਦ ਇਹ ਦਸਣਾ ਹੋਵੇ ਕਿ ਕਰਣੀ ਦਾ ਫਲ ਜਰੂਰ ਮਿਲਦਾ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Open thy purse then open thy sack.

(੯) ਅਕਲ ਤੇ ਪਥਰ ਪੈ ਗਏ।

ਜਦ ਕਿਸੇ ਨੂੰ ਇਹ ਕਹਿਣਾ ਹੋਵੇ ਕਿ ਤੇਰੀ ਮਤ ਕਿਉਂ ਮਾਰੀ ਗਈ ਹੈ, ਤਾਂ ਕਹਿੰਦੇ ਹਨ।

(੧੦) ਅਕਲ ਦਾ ਅੰਨ੍ਹਾਂ ਗੰਢ ਦਾ ਪੂਰਾ।

ਇਹ ਅਖਾਣ ਇਕ ਵਿਸ਼ੇਸ਼ਣ ਵਾਕ (Adjective Phrase) ਹੈ ਜੋ ਕਿਸੇ ਧਨੀ ਦੀ ਮੂਰਖਤਾ ਭਰੀ ਕਰਤੂਤ ਵੇਖਕੇ, ਕਹੀ ਜਾ ਸਕਦੀ ਹੈ।

(੧੧) **ਅਕਲ ਦਾ ਦੀਵਾ ਕਿਚਰਕੁ ਬਲੇ, ਬਿਰੋਂ ਹਨੇਰੀ ਝੁਲੀ।**

ਜਦ ਇਹ ਦਸਣਾ ਹੋਵੇ ਕਿ ਦੁਖ ਵੇਲੇ ਅਕਲ ਨਹੀਂ ਸੁਝਦੀ, ਤਾਂ ਕਹਿੰਦੇ ਹਨ।

(੧੨) **ਅਕਲਦੇਂਦਾ ਚੰਗਾ ਤੇ ਟੁਕ ਦੇਂਦਾ ਮੰਦਾ।**

ਜਦ ਕੋਈ ਆਦਮੀ ਅਕਲ ਦੇਣ ਵਾਲੇ ਉਸਤਾਦ ਜਾਂ ਕਿਸੇ ਵਡ ਵਡੇਰੇ ਨੂੰ ਬੁਰਾ ਕਹੇ, ਤਾਂ ਉਸ ਨੂੰ ਸਮਝਾਉਣ ਲਈ ਵਰਤਦੇ ਹਨ।

(੧੩) **ਅਕਲ ਵਡੀ ਕਿ ਮਝ ਜਾਂ (ਭੈਂਸ)।**

ਕੋਈ ਡੀਲ ਡੌਲ ਵਾਲਾ ਆਦਮੀ ਸਿਆਣਪ ਦੇ ਘਾਟੇ ਕਰਕੇ ਕੋਈ ਨੁਕਸਾਨ ਕਰ ਬੈਠੇ ਤੇ ਉਸਦੇ ਟਾਕਰੇ ਤੇ ਇਕ ਛੋਟਾ ਜਿਹਾ ਆਦਮੀ ਚੰਗਾ ਕੰਮ ਕਰ ਦਿਖਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(*a*) The brains do not lie in the beard.
(*b*) Wisdom is more powerful than strength.

ਫਾਰਸੀ:—ਬਜ਼ੁਰਗੀ ਬ ਅਕਲ ਅਸਤ ਨ ਬਸਾਲ।

(੧੪) **ਅਕਲ ਵਾਲੇ ਨਾਲ ਭਿਖ ਮੰਗ ਲਈ ਚੰਗੀ ਤੇ ਮੂਰਖ ਨਾਲ ਰਾਜ ਰਾਵਿਆ ਮੰਦਾ।**

ਕਿਸੇ ਮੂਰਖ ਨਾਲ ਵਾਹ ਪੈਣ ਕਰਕੇ ਕੋਈ ਨੁਕਸਾਨ

ਜਾਂ ਤਕਲੀਫ ਹੋ ਜਾਏ, ਤਾਂ ਵਰਤਦੇ ਹਨ ।

(੧੫) ਅਕਲਾਂ ਬਾਝੋਂ ਖੂਹ ਖਾਲੀ ।

ਜਦ ਕਿਸੇ ਸਿਆਣੇ ਦੀ ਸਹਾਇਤਾ ਬਿਨਾ ਕੋਈ ਕੰਮ ਅੜ ਜਾਵੇ, ਤਾਂ ਕਹਿੰਦੇ ਹਨ ।

ਫਾਰਸੀ:—ਜਾਇ ਉਸਤਾਦ ਖਾਲੀ ਅਸਤ ।

(੧੬) ਅਖ ਟਡੀ ਰਹਿ ਗਈ ਤੇ ਕਜਲ ਲੈ ਗਿਆ ਕਾਂ ।

ਕੋਈ ਆਦਮੀ ਕਿਸੇ ਲਾਭ ਦੀ ਉਡੀਕ ਵਿਚ ਹੋਵੇ ਤੇ ਕੋਈ ਹੋਰ ਉਸਦੀ ਬੇ ਖਬਰੀ ਵਿਚ ਫੈਦਾ ਉਠਾ ਜਾਵੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—Man proposes God disposes.

(੧੭) ਅੱਖ ਨ ਪੂਛ ਵਹੁਟੀ ਨਗੀਨੇ ਵਰਗੀ ।

ਦੇਖੋ:—ਮੂੰਹ ਨ ਮਥਾ ਜਿੰਨ ਪਹਾੜੋਂ ਲਥਾ ।

(੧੮) ਅਖਰ ਇਕ ਨਾਂ ਜਾਣਦਾ ਨਾਉਂ ਜੇ ਇਲਮਦੀਨ ।

ਜਾਂ

(੧੯) ਅਖਾਂ ਤੋਂ ਅੰਨ੍ਹਾ ਨਾਉਂ ਨੈਣ ਸੁਖ ।

ਕਿਸੇ ਆਦਮੀ ਦਾ ਨਾਮ ਬਹੁਤ ਭਾਰਾ ਹੋਵੇ ਪਰ ਕੰਮ ਬਿਲਕੁਲ ਉਸਦੇ ਉਲਟ ਹੋਣ, ਤਾਂ ਕਿਹਾ ਜਾ ਸਕਦਾ ਹੈ ।

ਫਾਰਸੀ:—ਬਰ ਅਕਸ ਨਾਮ ਨਿਹੰਦ ਜ਼ੰਗੀ ਕਾਫੂਰ ।

(੨੦) ਅਖੀਂ ਸੁਖ ਕਲੇਜੇ ਠੰਡ।

ਬਹੁਤ ਕਰਕੇ ਮਾਵਾਂ ਬੋਲਦੀਆਂ ਹਨ ਜਦ ਪੁਤ੍ਰ ਵਿਛੜਨ ਲਗੇ ਤਾਂ ਉਸਦੀ ਖਟੀ ਆਦਿ ਵਲੋਂ ਸਬਰ ਕਰਕੇ ਮਾਂ ਕਹਿ ਦੇਂਦੀ ਹੈ। ਕਿ ਹਛਾ ਪੁਤ ਜੀਉਂਦਾ ਰਹੋ ਤੇਰੀ 'ਅਖੀਂ ਸੁਖ ਕਲੇਜੇ ਠੰਢ' ਰਹੇ।

ਫਾਰਸੀ:—ਚਸ਼ਮੇ ਮਾ ਰੌਸ਼ਨ ਦਿਲੇ ਮਾ ਸ਼ਾਦ।

(੨੧) ਅਖੀਂ ਦਿਸੇ ਨਾ ਨਾਉਂ ਚਿਰਾਗੋ ਜਾਂ (ਚਰਾਗ ਬੀਬੀ)।

ਦੇਖੋ:—ਅਖੋਂ ਅੰਨਾਂ ਨਾਉਂ ਨੈਣ ਸੁਖ।

(੨੨) ਅਖੀਂ ਦੇਖਕੇ ਮਖੀ ਨਹੀਂ ਖਾਧੀ ਜਾਂਦੀ।

ਜਾਂ

(੨੩) ਅਖੀਂ ਵੇਖਕੇ ਮਹੁਰਾ ਨਹੀਂ ਖਾਧਾ ਜਾਂਦਾ।

ਜਦ ਕਿਸੇ ਨੂੰ ਕੋਈ ਗਲਤੀ ਦਾ ਕੰਮ ਕਰਨ ਲਈ ਪ੍ਰੇਰੇ ਤੇ ਉਹ ਅਗੋਂ ਨਾਂਹ ਕਰਨੀ ਚਾਹੇ, ਤਾਂ ਕਹਿੰਦੇ ਹਨ।

(੨੪) ਅਖੋਂ ਅੰਨ੍ਹੀਂ ਮਮੀਰੇ ਦਾ ਸੁਰਮਾਂ।

ਜਦ ਕੋਈ ਆਦਮੀ ਅਜੇਹੀ ਚੰਗੀ ਚੀਜ ਦੀ ਮੰਗ ਕਰੇ ਜਿਸ ਦੀ ਉਸਨੂੰ ਲੋੜ ਨ ਹੋਵੇ, ਤਾਂ ਕਹਿੰਦੇ ਹਨ।

(੨੫) ਅਗ ੨ ਕਿਹਾਂ ਮੂੰਹ ਨਹੀਂ ਸੜਦਾ।

ਜਦ ਇਹ ਕਹਿਣਾ ਹੋਵੇ ਕਿ ਕਿਸੇ ਚੀਜ ਦਾ ਨਾਮ

ਲਿਆਂ ਹੀ ਉਸਦਾ ਅਸਰ ਨਹੀਂ ਹੁੰਦਾ, ਤਾਂ ਕਹਿੰਦੇ ਹਨ।

(੨੬) ਅਗ ਖਾਊ ਅੰਗਿਆਰ ਹਗੂ।

ਭਾਵ ਇਹ ਕਿ ਜਿਹੋ ਜਿਹਾ ਕੋਈ ਕੰਮ ਕਰੇਗਾ ਉਜੇਹਾ ਹੀ ਉਸਦਾ ਨਤੀਜਾ ਹੋਵੇਗਾ ।

ਅੰਗ੍ਰੇਜ਼ੀ:—A bad way has a bad end.

(੨੭) ਅਗ ਦਾ ਦਧਾ ਟਟੈਹਣਿਓਂ ਭੀ ਡਰਦਾ ਹੈ।

ਜੇ ਕੋਈ ਆਦਮੀ ਕੋਈ ਵਡਾ ਨੁਕਸਾਨ ਉਠਾ ਬੈਠੇ ਤਾਂ ਅਗ੍ਹਾਂ ਨੂੰ ਨਿਕੀਆਂ ੨ ਗਲਾਂ ਵਿਚ ਫੂਕ ੨ ਕੇ ਪੈਰ ਧਰੇ, ਉਸ ਵੇਲੇ ਕਹਿੰਦੇ ਹਨ।

ਅੰਗ੍ਰੇਜ਼ੀ:—A burnt child dreads fire.

ਫਾਰਸੀ:—ਮਾਰ ਗਜ਼ੀਦਾ ਅਜ਼ ਰਸੀਮਾਂ ਮੀ ਤਰਸਦ

ਹਿੰਦੀ:—ਦੂਧ ਕਾ ਜਲਾ ਛਾਂਛ ਕੋ ਫੂਕ ੨ ਕਰ ਪੀਤਾ ਹੈ।

(੨੮) ਅਗ ਪਾਣੀ ਦਾ ਮੇਲ ਨਹੀਂ ਹੁੰਦਾ।

ਜਦ ਦੋ ਵਿਰੋਧੀ ਕਮੇਟੀਆਂ ਜਾਂ ਜੀਆਂ ਦਾ ਮੇਲ ਕਰਾਉਣ ਦਾ ਜਤਨ ਕੀਤਾ ਜਾਏ ਤੇ ਉਨ੍ਹਾਂ ਵਿਚੋਂ ਕਿਸੇ ਦੀ ਭੁਲ ਨਾਲ ਫੇਰ ਵਿਰੋਧ ਜਾਗ ਪਵੇ, ਤਾਂ ਕਿਹਾ ਜਾਂਦਾ ਹੈ।

(੨੯) ਅਲੂ ਕਰੇ ਵਲੱਲੀਆਂ ਰਬ ਸਿਧੀਆਂ ਪਾਵੇ।

ਜਦ ਕਿਸੇ ਆਦਮੀ ਦੇ ਭੁਜੇ ਮੋਠ ਭੀ ਪਏ ਉਗਣ, ਤਾਂ ਕਹਿੰਦੇ ਹਨ।

(੩੦) ਅਵਲ ਮਰਨਾ ਆਖਿਰ ਮਰਨਾ ਫਿਰ ਮਰਨੇ ਤੋਂ ਕੀ ਡਰਨਾਂ।

ਕਿਸੇ ਨੇਕ ਕੰਮ ਵਿਚ ਕੁਰਬਾਨ ਹੋਣ ਲਈ ਤਿਆਰ ਹੋਣ ਲਗਿਆਂ ਬੋਲਦੇ ਹਨ।

(੩੧) ਅੜਾਹੇ ਦੀ ਕੁੜੀ, ਪੜਾਹੇ ਨੂੰ ਡੰਨ।

ਜਦ ਕਿਸੇ ਹੋਰ ਦੀ ਭੁਲ ਦਾ ਡੰਨ ਕਿਸੇ ਹੋਰ ਨੂੰ ਦਿਤਾ ਜਾਵੇ, ਤਾਂ ਬੋਲਦੇ ਹਨ।

(੩੨) ਆਉਨ ਪਰਾਈਆਂ ਜਾਈਆਂ, ਵਿਛੋੜਨ ਸਕਿਆਂ ਭਾਈਆਂ।

ਜਦ ਕਿਤੇ ਲੜਾਕੀ ਵਹੁਟੀ ਦੀ ਦਯਾ ਨਾਲ ਭਰਾਵਾਂ ਵਿਚ ਦੁਫੇੜਾ ਪੈ ਜਾਵੇ, ਤਾਂ ਕਹਿੰਦੇ ਹਨ।

(੩੩) ਆਇਆ ਸਾਵਣ ਮਾਹ, ਕਿ ਰੀਂਡੇ ਗਲ ਗਏ, ਕੋਈ ਨਾ ਬਣਿਆਂ ਮਿਤ ਕਿ ਵੇਲੇ ਛਲ ਗਏ।

ਸਾਵਣ ਦੇ ਮਹੀਨੇ ਮੀਂਹ ਪੈਣ ਨਾਲ ਸਭ ਚੀਜਾਂ ਫਲਦੀਆਂ ਫੁਲਦੀਆਂ ਹਨ ਪਰ ਰੀਂਡੇ (ਖਰਬੂਜੇ) ਗਲ ਜਾਂਦੇ ਹਨ।

ਭਾਵ ਵੇਲਾ ਨ ਰਹੇ ਤਾਂ ਚੰਗੀਆਂ ਚੀਜਾਂ ਭੀ ਬੁਰੀਆਂ ਹੋ ਢੁਕਦੀਆਂ ਹਨ।

ਬੁਢੇਪੇ ਵਿਚ ਟਹਿਲਾਂ ਟਕੋਰਾਂ ਦਾ ਕੋਈ ਅਸਰ ਨ ਹੁੰਦਾ ਵੇਖਕੇ ਕਿਹਾ ਜਾ ਸਕਦਾ ਹੈ।

(੩੪) ਆਇਆ ਨ ਘਾਓ, ਤੇ ਵੈਦ ਬੁਲਾਓ।

ਵੇਖੋ:--ਨੌਂ ਕੋਹ ਦਰਿਆ ਤੁੰਬਾ ਮੋਢੇ ਤੇ।

ਅੰਗ੍ਰੇਜ਼ੀ:—Call not a surgeon before you are wounded.

(੩੫) ਆਈ ਮਾਈ ਮਸਿਆ, ਜਿਨ ਖਾਣ ਪੀਣ ਦੱਸਿਆ।

ਕੋਈ ਆਦਮੀ ਕਦੇ ਖਾਣ ਪੀਣ ਤੇ ਪੈਸੇ ਨਾ ਖਰਚਦਾ ਹੋਵੇ ਪਰ ਕਿਸੇ ਦਿਨ ਦਿਹਾਰ ਉਹ ਖਰਚ ਕਰਦਾ ਡਿਠਾ ਜਾਵੇ, ਤਾਂ ਕਿਹਾ ਜਾਂਦਾ ਹੈ।

(੩੬) ਆਏ ਦਾ ਨਾਂ ਸਹਜਾ, ਗਏ ਦਾ ਨਾਂ ਮੁਕਤਾ।

ਜਦ ਕਿਸੇ ਨੂੰ ਆਉਣ ਪੁਰ ਆਦਰ ਨਾ ਮਿਲੇ ਅਰ ਜਾਣ ਲਗਿਆਂ ਬਾਂਹ ਨ ਫੜੀ ਜਾਏ ਤਾਂ ਉਹ ਆਪਣਾ ਨਿਮਾਣਾ ਪਣ ਜਤਾਉਣ ਲਈ, ਇਹ ਅਖਾਣ ਵਰਤਦਾ ਹੈ।

ਅੰਗ੍ਰੇਜ਼ੀ:—Come and welcome go by and good-bye.

ਉਰਦੂ:—ਕਸ ਨਮੀ ਪੁਰਸਦ ਕਿ ਭਈਆ ਕੌਨ ਹੋ?
ਆਧ ਹੋ ਯਾਂ ਡੇਢ ਹੋ ਯਾਂ ਪੌਨ ਹੋ।

(੩੭) ਆਏ ਨੀ ਨਿਹੰਗ, ਕੁੰਡਾ ਖੋਲ੍ਹ ਦੇ ਨਿਸ਼ੰਗ।

ਨਿਹੰਗ ਸਿੰਘਾਂ ਦੇ ਚਾਲ ਚਲਨ ਦਾ ਸਬੂਤ ਹੈ ਕਿ ਉਹ ਲੋੜ ਤੋਂ ਵਧ ਚੀਜ਼ ਨਹੀਂ ਲੈਂਦੇ। ਹੁਣ ਨਿਹੰਗ ਆਉਣ ਉਪਰ ਮਖੌਲ ਨਾਲ ਭੀ ਕਹਿੰਦੇ ਹਨ।

(੩੮) ਆਸਾਂ ਪਰਬਤ ਜੇਡੀਆਂ, ਮੌਤ ਤਨਾਵਾਂ ਹੇਠ।

ਕਿਸੇ ਆਦਮੀ ਨੂੰ ਬਹੁਤ ਸਾਰੇ ਕੰਮ ਰਹਿੰਦੇ ਛਡਕੇ, ਮਰਦਾ ਵੇਖ ਕਿਹਾ ਜਾ ਸਕਦਾ ਹੈ।

(੩੯) ਆਹ ਮੂੰਹ ਤੇ ਮਸਰਾਂ ਦੀ ਦਾਲ।

ਅਸਲ ਵਿਚ ਇਹ ਅਖਾਣ ਉਰਦੂ ਤੋਂ ਆਇਆ ਹੋਇਆ ਏ। ਉਥੇ ਬੋਲਦੇ ਸਨ "ਯੇ ਮੂੰਹ ਔਰ ਮਨਸੂਰ ਕੀ ਦਾਰ"। ਦਾਰ ਦੇ ਅਰਥ ਸੂਲੀ ਹਨ। ਭਾਵ, ਕੰਮ ਇਹ ਤੇ ਪਦਵੀ ਇਹ ਕਿ ਮਨਸੂਰ ਵਾਲੀ ਸੂਲੀ ਦੀ ਚਾਹ ਰਖਣੀ? ਉਥੋਂ ਇਹ ਅਖਾਣ ਹਿੰਦੀ ਵਿਚ ਆਇਆ ਤੇ ਉਨ੍ਹਾਂ ਮਸੂਰ ਕੀ ਦਾਲ ਬਣਾ ਲਈ ਤੇ ਪੰਜਾਬੀ ਵਿਚ ਮਸਰਾਂ ਦੀ ਦਾਲ ਬਣ ਗਈ।

ਜਦ ਕੋਈ ਹਕ ਨ ਰਖਦਾ ਹੋਇਆ ਕਿਸੇ ਵਡੀ ਚੀਜ਼ ਦੀ ਮੰਗ ਕਰੇ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—Honey is not for ass's mouth.

(੪੦) ਆਕੜ ਚੂੜੇ ਦੀ ਲੇਸ ਲਸੂੜੇ ਦੀ।

ਜਦ ਕੋਈ ਚੂਹੜਾ ਆਕੜ ਵਿਚ ਦੇਖਿਆ ਜਾਵੇ, ਤਾਂ ਬੋਲਦੇ ਹਨ।

ਭਾਵ ਜਿਸਤਰ੍ਹਾਂ ਲਸੂੜਾ ਆਪਣੀ ਲੇਸ ਨਹੀਂ ਛਡਦਾ, ਇਵੇਂ ਚੂਹੜਾ ਅਤਿ ਕੰਗਾਲ ਹੋਕੇ ਭੀ ਆਪਣੀ ਆਕੜ ਨਹੀਂ ਛਡਦਾ।

(੪੧) ਆਟੇ ਵਿਚ ਲੂਣ ਜੇ।

ਕਿਸੇ ਕੌਮ ਜਾਂ ਸੁਸਾਇਟੀ ਦੀ ਘਟ ਗਿਣਤੀ ਦਸਣ ਵਾਸਤੇ ਕਿਹਾ ਜਾਂਦਾ ਹੈ, ਭਾਵ ਇਹ ਕਿ ਜੀਕਰ ਆਟੇ ਵਿਚ ਲੂਣ ਦਾ ਹਿਸਾ ਨਾਮ ਮਾਤ੍ਰ ਹੁੰਦਾ ਹੈ ਉਸੇ ਤਰ੍ਹਾਂ ਇਹ ਕਿਸੇ ਗਿਣਤੀ ਵਿਚ ਨਹੀਂ।

(੪੨) ਆਟੇ ਨਾਲ ਪਲੇਥਣ।

ਪਲੇਥਣ = ਸੁਕਾ ਆਟਾ ਜੋ ਰੋਟੀਆਂ ਪਕਾਉਣ ਵੇਲੇ ਗੁਝੇ ਆਟੇ ਨੂੰ ਲਾਇਆ ਜਾਂਦਾ ਹੈ।

ਜਦ ਕਿਸੇ ਵਡੀ ਤਾਕਤ ਵਾਲੇ ਦੀ ਹਮਦਰਦੀ ਕਰਦਾ ਹੋਇਆ ਛੋਟਾ ਆਦਮੀ ਭੀ ਮਾਰਿਆ ਜਾਵੇ, ਤਾਂ ਬੋਲਦੇ ਹਨ।

(੪੩) ਆਂਡੇ ਕਿਤੇ ਤੇ ਕੁੜ ੨ ਸਾਡੇ।

ਜਦ ਕੋਈ ਆਦਮੀ ਸੁਖ ਪੁਚਾਵੇ ਹੋਰਨਾਂ ਨੂੰ ਤੇ ਦੁਖ ਵੇਲੇ ਹੋਰਨਾਂ ਦਾ ਆਸਰਾ ਆ ਤਕੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Let him, that receiveth the profit, repair the inn.

(੪੪) ਆਦਮੀ ਆਦਮੀ ਅੰਤਰੋ, ਕੋਈ ਹੀਰਾ ਕੋਈ ਕੰਕਰ।

ਜਦ ਇਹ ਦਸਣਾ ਹੋਵੇ ਕਿ ਪੰਜੇ ਉਂਗਲਾਂ ਇਕੋ

ਜਿਹੀਆਂ ਨਹੀਂ ਹੁੰਦੀਆਂ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—There are men and men, every stone is not a gem.

(੪੫) ਆਦਮੀਆਂ ਨੂੰ ਆਦਮੀ ਮਿਲਦੇ ਨੇ, ਪਰ ਖੂਹਾਂ ਨੂੰ ਖੂਹ ਨਹੀਂ ਮਿਲਦੇ।

ਜਦ ਇਹ ਕਹਿਣਾ ਹੋਵੇ ਕਿ ਆਦਮੀ ਤਾਂ ਆਪੋ ਵਿਚ ਮਿਲਕੇ ਦੁਖ ਵੰਡਾ ਸਕਦੇ ਨੇ, ਪਰ ਜੜ੍ਹ ਚੀਜਾਂ ਇਹ ਨਹੀਂ ਕਰ ਸਕਦੀਆਂ, ਤਾਂ ਕਹਿੰਦੇ ਹਨ।

ਫਾਰਸੀ:—ਕੋਹ ਬ ਕੋਹ ਨਮੀਂ ਰਸਦ।
ਆਦਮ ਬ ਆਦਮ ਮੀ ਰਸਦ।

(੪੬) ਆਦਮੀ ਚੇਹਰਿਓਂ ਮੋਹਰਿਓਂ ਹੀ ਪਛਾਨਿਆਂ ਜਾਂਦਾ ਹੈ।

ਜਦ ਕਿਸੇ ਦਾ ਚਾਲ ਚਲਣ ਉਸਦੀ ਸ਼ਕਲ ਵੇਖਕੇ ਹੀ ਦਸਿਆ ਜਾਵੇ, ਤਾਂ ਕਹਿੰਦੇ ਹਨ।

ਫ਼ਾਰਸੀ:—ਸੀਮਾ ਏ ਮਰਦਮ ਆਈਨਾ ਹਾਲ ਬਾਤਨ ਅਸਤ।

(੪੭) ਆਦਰ ਤੇਰੀ ਚਾਦਰ ਨੂੰ, ਤੇ ਬਹਿਣਾ ਤੇਰੇ ਗਹਿਣੇ ਨੂੰ

ਜਦ ਇਹ ਸਮਝਾਉਣਾ ਹੋਵੇ ਕਿ ਚੰਗੇ ਕਪੜੇ ਤੇ ਗਹਿਣੇ ਨਾਲ ਵਧੇਰੇ ਆਦਰ ਹੁੰਦਾ ਹੈ, ਤਾਂ ਕਹਿੰਦੇ ਹਨ।

ਫ਼ਾਰਸੀ:—ਅਲਨਾਸ ਬਿਲਬਾਸ।

(੪੮) ਆ ਨੀ ਅਹੀਏ ਤਹੀਏ । ਕਰ ਛਡੂੰ ਆਪਣੇ ਜਿਹੀਏ ।

ਜਦ ਕੋਈ ਆਪਣੇ ਤੋਂ ਅਮੀਰ ਨਾਲ ਲੜਕੇ ਉਸਨੂੰ ਭੀ ਕੰਗਾਲ ਕਰਨ ਦੀ ਸਲਾਹ ਕਰਦਾ ਹੋਵੇ, ਤਾਂ ਕਹਿੰਦੇ ਹਨ।

(੪੯) ਆਪ ਹੋਵੇ ਤਕੜੀ, ਤਾਂ ਕੌਣ ਲਾਏ ਫਕੜੀ ।

ਜਦ ਕੋਈ ਆਪਣੀ ਰਾਖੀ ਵਾਸਤੇ ਲਕ ਬੰਨ੍ਹਕੇ ਤਕੜਾ ਹੋ ਖਲੋਵੇ ਅਥਵਾ ਜਦ ਕਿਸੇ ਡਾਢੇ ਨੂੰ ਭੁਲ ਕਰਨ ਉਪਰ ਭੀ ਕੋਈ ਕੁਝ ਨ ਕਹੇ, ਤਾਂ ਬੋਲਦੇ ਹਨ ।

ਅੰਗ੍ਰੇਜ਼ੀ:—No power no respect.

(੫੦) ਆਪ ਕਾਜ ਮਹਾਂ ਕਾਜ ।

ਜਦ ਇਹ ਸਮਝਾਉਣਾ ਹੋਵੇ ਕਿ ਆਪਣੀ ਹਥੀਂ ਕੀਤਾ ਕੰਮ ਬਹੁਤ ਚੰਗਾ ਹੁੰਦਾ ਹੈ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—Better do it,than wish it done.

ਫ਼ਾਰਸੀ:—ਕਸ ਨ ਖਾਰਦ ਪੁਸ਼ਤੇ ਮਨ, ਚੂੰ ਨਾਖੁਨੇ ਅੰਗੁਸ਼ਤੇ ਮਨ ।

(੫੧) ਆਪ ਕਿਸੇ ਜਹੀ ਨਾਂ, ਤੇ ਟਕੋਰ ਕਰਨੋਂ ਰਹੀ ਨਾਂ ।

ਕੋਈ ਆਦਮੀ ਆਪ ਤਾਂ ਕੁਝ ਕਰਨ ਜੋਗਾ ਨ ਹੋਵੇ ਪਰ ਹੋਰਨਾਂ ਦੇ ਨੁਕਸ ਕਢੀ ਜਾਵੇ, ਤਾਂ ਉਸ ਉਤੇ

ਘਟਾਉਂਦੇ ਹਨ।

(੫੨) **ਆਪ ਕੁਚੱਜੀ ਦੋਹੜਿਆਂ ਨੂੰ ਦੋਸ਼।**

ਦੇਖੋ:—ਉੱਠ ਨ ਹੰਘਾਂ ਫਿਟੇ ਮੂੰਹ ਗੋਡਿਆਂ ਦਾ।

(੫੩) **ਆਪ ਕੁਚੱਜੀ ਧੀਆਂ ਪੁਤ੍ਰਾਂ ਕੱਜੀ।**

ਜਦ ਕਿਸੇ ਕੁਚੱਜੀ ਔਰਤ ਜਾਂ ਭੈੜੇ ਬੰਦੇ ਦੀ ਇਜ਼ਤ ਉਨ੍ਹਾਂ ਦੀ ਚੰਗੀ ਉਲਾਦ ਸਦਕਾ ਢਕੀ ਜਾਵੇ, ਤਾਂ ਕਹਿੰਦੇ ਹਨ।

(੫੪) **ਆਪ ਕਚੱਜੀ ਵੇਹੜੇ ਨੂੰ ਦੋਸ਼।**

ਦੇਖੋ:—ਉੱਠ ਨ ਹੰਘਾਂ ਫਿਟੇ ਮੂੰਹ ਗੋਡਿਆਂ ਦਾ।

(੫੫) **ਆਪ ਗਏ ਵਿਸਾਖੀ, ਮੈਂ ਰਹੀ ਜਵਾਂ ਦੀ ਰਾਖੀ।**

ਜਦ ਕੋਈ ਆਦਮੀ ਆਪਣੇ ਘਰ ਦੇ ਕਿਸੇ ਜੀਅ ਨੂੰ ਘਰ ਛਡਕੇ ਬਾਕੀਆਂ ਨੂੰ ਨਾਲ ਲੈਕੇ ਕਿਤੇ ਚਲਾ ਜਾਵੇ, ਤਾਂ ਪਿਛੇ ਰਿਹਾ ਜੀਅ ਬੋਲਦਾ ਹੈ।

(੫੬) **ਆਪਣਾ ਕੀਆ, ਸਹੁ ਵੇ ਜੀਆ।** (ਗੁਰਬਾਣੀ)

ਕਿਸੇ ਨੂੰ ਆਪਣੇ ਕੀਤੇ ਭੈੜੇ ਕੰਮਾਂ ਦਾ ਫਲ ਪਾਉਂਦਿਆਂ ਵੇਖਕੇ ਕਿਹਾ ਜਾਂਦਾ ਹੈ।

(੫੭) **ਆਪਣਾ ਕੰਮ ਕੀਤਾ। ਖਸਮ ਨੂੰ ਖਾਏ ਜਮੀਤਾ।**

ਜਦ ਕੋਈ ਆਪਣੀ ਗੌਂ ਕਢਕੇ ਮਦਤ ਕਰਨ ਵਾਲ਼ੇ ਨੂੰ ਉੱਕਾ ਹੀ ਭੁਲ ਜਾਵੇ, ਤਾਂ ਕਹਿੰਦੇ ਹਨ।

(੫੮) ਆਪਣਾ ਖਾਏ ਬਿਗ਼ਾਨਾ ਤਕੇ, ਉਸ ਨੂੰ ਮਿਲਣ ਦਰਗਾਹੋਂ ਧਕੇ।

ਜੋ ਆਦਮੀ ਆਪਣੀ ਚੀਜ ਦਬ ਘੁਟਕੇ ਬਹਿ ਜਾਵੇ ਅਰ ਦੂਜਿਆਂ ਦੇ ਧਨ ਨੂੰ ਵੇਖਕੇ ਈਰਖਾ ਕਰੇ, ਤਾਂ ਬੋਲਦੇ ਹਨ। ਇਸ ਕੋਸ਼ਸ਼ ਵਿਚ ਜੇ ਉਸਦਾ ਆਪਣਾ ਨੁਕਸਾਨ ਹੋ ਜਾਵੇ, ਤਾਂ ਇਹ ਅਖਾਣ ਬਹੁਤ ਹੀ ਢੁਕ ਜਾਂਦਾ ਹੈ।

(੫੯) ਆਪ ਗਵਾਈਐ ਤਾਂ ਸ਼ਹੁ ਪਾਈਐ।

ਸ਼ਹੁ = ਪਤੀ।

ਨਿਮਰਤਾ ਕਰਨ ਦਾ ਉਪਦੇਸ਼ ਦੇਣ ਵੇਲੇ ਸੁਣਾਉਂਦੇ ਹਨ।

(੬੦) ਆਪਣਾ ੨ ਤੇ ਪਰਾਇਆ ਪਰਾਇਆ।

ਜਦ ਕੋਈ ਜੀਅ ਆਪਣੇ ਸਾਕਾਂ ਨਾਲ ਦੂਜਿਆਂ ਨਾਲੋਂ ਵਧ ਹਿਤ ਦਿਖਾਵੇ ਜਾਂ ਕਿਸੇ ਕੰਮ ਵਿਚ ਆਪਣੇ ਸਾਕ ਦੀ ਵਧੇਰੇ ਮਦਤ ਕਰ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Close sits my shirt, but closer my skin.

(੬੧) ਆਪਣਾ ਘਰ ਸੌ ਕੋਹ ਤੋਂ ਦਿਸਦਾ ਹੈ।

ਜਦ ਕੋਈ ਮਾੜਾ ਆਦਮੀ ਕਿਸੇ ਤਕੜੇ ਦੇ ਟਾਕਰੇ ਖਰਚ ਨ ਕਰਨਾ ਚਾਹੇ, ਉਹ ਉਕਸਾਉਣ ਵਾਲੇ ਨੂੰ ਇਹ ਉ ਦੇਂਦਾ ਹੈ। ਇਥੇ ਘਰ ਤੋਂ ਮੁਰਾਦ ਪਾਹਣਾ ਹੈ।

(੬੨) ਆਪਣਾ ਘਰ ਜੋ ਚਾਹੇ ਸੋ ਕਰ।

ਜਾਂ

(੬੩) ਆਪਣਾ ਘਰ ਤੇ ਹਗ ਹਗ ਭਰ, ਬਿਗਾਨਾ ਘਰ ਤੇ ਥੁਕ ਦਾ ਭੀ ਡਰ।

ਜਦ ਇਹ ਦਸਣਾ ਹੋਵੇ ਕਿ ਆਪਣੀ ਚੀਜ ਦਾ ਬੜਾ ਸੁਖ ਹੈ ਉਸਨੂੰ ਜਿਵੇਂ ਜੀ ਕਰੇ ਵਰਤੋ, ਤਾਂ ਕਹਿੰਦੇ ਹਨ।

(੬੪) ਆਪਣਾ ਮਕਾਨ ਕੋਟ ਸਮਾਨ।

ਕੋਟ = ਕਿਲ੍ਹਾ।

ਜਦ ਇਹ ਦਸਣਾ ਹੋਵੇ ਕਿ ਆਪਣਾ ਘਰ ਚੰਗਾ ਹੈ ਤੇ ਆਪਣੇ ਘਰ ਹਰ ਕੋਈ ਗਰੀਬ ਹੁੰਦਾ ਹੋਇਆ ਭੀ ਬਾਦਸ਼ਾਹੀ ਭੋਗਦਾ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(*a*) The mouse is the mistress of her own mansion.
(*b*) Every man's house is his castle.

(੬੫) ਆਪਣਾ ਮਾਰੇਗਾ ਤਦ ਭੀ ਛਾਵੇਂ ਹੀ ਸੁਟੇਗਾ।

ਵੇਖੋ:—ਆਪਣਾ ਆਪਣਾ ਤੇ ਪਰਾਇਆ ਪਰਾਇਆ।

ਭਾਵ ਇਹ ਕਿ ਆਪਣਾ ਸਾਕ ਭਾਵੇਂ ਲਖ ਵੈਰੀ ਹੋਵੇ, ਫੇਰ ਭੀ ਕਿਸੇ ਹਦ ਤੇ ਜਾਕੇ ਤਰਸ ਕਰੇਗਾ ਪਰ ਪਰਾਏ ਨੂੰ ਕੀ ?

(੬੬) ਆਪਣਾ ਤੋਸਾ ਆਪ ਭਰੋਸਾ।

ਤੋਸਾ = ਭੋਜਨ, ਖ਼ੁਰਾਕ।

ਪਿਛਲੇ ਜ਼ਮਾਨੇ ਵਿਚ ਲੋਕ ਪੈਦਲ ਪੰਧ ਕਰਨ ਲਗੇ ਨਾਲ ਰੋਟੀਆਂ ਲੈ ਜਾਇਆ ਕਰਦੇ ਸਨ, ਇਕ ਆਦਮੀ ਪਰਾਇਆ ਆਸਰਾ ਤੱਕਦਾ ਰਹੇ ਪਰ ਉਸਦੇ ਟਾਕਰੇ ਤੇ ਇਕ ਆਪਣੀ ਚੀਜ਼ ਵਾਲਾ ਕੰਮ ਮੁਕਾ ਲਵੇ, ਤਾਂ ਬੋਲਦੇ ਹਨ।

(੬੭) ਆਪਣਾ ਨ ਭਰਿਆ ਤਾਂ ਕੁੜਮਾਂ ਅਗੇ ਕੀ ਧਰਿਆ?

ਜਦ ਕਿਸੇ ਨੂੰ ਕੋਈ ਭਲਾ ਕੰਮ ਕਰਨ ਲਈ ਵੰਗਾਰਿਆ ਜਾਵੇ ਪਰ ਉਹ ਅਗੇ ਹੀ ਉਸੇ ਗਲ ਦਾ ਲੋੜਵੰਦ ਹੋਵੇ, ਤਦ ਉਸਨੂੰ ਜੀ ਚੁਰਾਉਂਦਿਆਂ ਵੇਖਕੇ ਇਹ ਅਖਾਣ ਬੋਲਿਆ ਜਾਂਦਾ ਹੈ।

(੬੮) ਆਪਣਾ ਨੀਂਗਰ ਪਰਾਇਆ ਢੀਂਗਰ।

ਜਦਕੋਈ ਆਪਣੀ ਚੀਜ਼ਦੀ ਤਾਂ ਬੜੀ ਵਡਿਆਈ ਕਰੇ ਪਰ ਹੋਰਨਾਂ ਦੀਆਂ ਆਪਣੇ ਨਾਲੋਂ ਚੰਗੀਆਂ ਨੂੰ ਭੀ ਨਿੰਦਦਾ ਫਿਰੇ, ਤਾਂ ਇਹ ਅਖਾਣ ਬੋਲਦੇ ਹਨ।

ਅੰਗ੍ਰੇਜ਼ੀ:—Every one thinks his geese swans.
ਫ਼ਾਰਸੀ:—ਫਰਜ਼ੰਦ ਅਗਰ ਚਿ ਬ ਐਬ ਅਸਤ।
ਦਰ ਚਸ਼ਮਿ ਪਿਦਰ ਜ਼ਐਬ ਪਾਕ ਅਸਤ।

(੬੯) ਆਪਣਾਮੂੰਹਦਿਸੀਵੇ ਨਾ, ਤੇ ਲੋਕ ਪਸੰਦੀ ਆਵੇ ਨਾ।

ਵੇਖੋ:—ਆਪ ਕਿਸੇ ਜਹੀ ਨਾ ਤੇ ਟਕੋਰ ਕਰਨੋਂ ਰਹੀ ਨਾ।

(੭੦) ਆਪਣਾ ਲਹੂ ਪੰਘਰਨੋਂ ਨਹੀਂ ਰਹਿੰਦਾ।

ਵੇਖੋ:—ਆਪਣਾ ਮਾਰੇਗਾ ਤਦ ਭੀ ਛਾਵੇਂ ਹੀ ਸੁਟੇਗਾ।

(੭੧) ਆਪਣਾ ਵਖਰ ਆਪ ਤੋਂ ਗੁੱਝਾ ਨਹੀਂ ਹੁੰਦਾ।

ਜਦ ਇਹ ਕਹਿਣਾ ਹੋਵੇ ਕਿ ਮੇਰੇ ਧਨ ਦਾ ਮੈਨੂੰ ਹੀ ਪਤਾ ਹੈ। ਤੁਹਾਨੂੰ ਉੱਨਾਂ ਨਹੀਂ ਹੋ ਸਕਦਾ, ਤਾਂ ਕਹਿੰਦੇ ਹਨ।

ਫਾਰਸੀ:—(ੳ)ਨਵੀਸੰਦਾ ਦਾਨਦ ਕਿ ਦਰ ਨਾਮਾ ਚੀਸਤ।

(ਅ)ਮਨ ਆਨਮ ਕਿ ਮਨ ਦਾਨਮ।

(੭੨) ਆਪਣਿਆਂ ਦੇ ਗਿਟੇ ਭੰਨਾਂ, ਚੁੰਮਾਂ ਪੈਰ ਪਰਾਇਆਂ ਦੇ।

ਜਦ ਕੋਈ ਆਦਮੀ ਆਪਣੇ ਸਾਕਾਂ ਸਨੇਹੀਆਂ ਨਾਲ ਵਿਗਾੜ ਪਾਵੇ ਅਰ ਓਪਰਿਆਂ ਦਾ ਪਖਪਾਤ ਕਰੇ, ਤਾਂ ਉਸ ਉਪਰ ਘਟਾਉਂਦੇ ਹਨ।

(੭੩) ਅਪਣੀ ਅਕਲ ਤੇ ਪਰਾਈ ਦੌਲਤ ਬਹੁਤੀ ਜਾਪਦੀ ਹੈ।

ਜਦ ਕੋਈ ਆਦਮੀ ਆਪਣੀ ਸਿਆਣਪ ਜਾਂ ਦੂਜੇ ਦੇ ਧਨ ਦੀ ਬਹੁਤ ਵਡਿਆਈ ਕਰੇ, ਤਾਂ ਇਸ ਗਲ ਨੂੰ ਸਚ ਨਾ ਮੰਨਣ ਵਾਲਾ ਕਹਿੰਦਾ ਹੈ।

(੭੪) ਆਪਣੀਆਂ ਜੁਤੀਆਂ ਆਪਣੇ ਸਿਰ ।

ਜਦ ਕੋਈ ਆਦਮੀ ਆਪਣੀ ਹਥੀਂ ਹੀ ਆਪਣਾ ਨੁਕਸਾਨ ਕਰਦਾ ਦਿਸੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—To try one in one's own greeze.

(੭੫) ਆਪਣੀਆਂ ਨ ਦਸਾਂ, ਪਰਾਈਆਂ ਕਰ ਕਰ ਹਸਾਂ ।

ਜਦ ਕੋਈ ਆਪਣੀ ਭੁਲ ਨੂੰ ਲੁਕਾ ਕੇ ਲੋਕਾਂ ਦੇ ਐਬ ਫੋਲਦਾ ਫਿਰੇ, ਤਾਂ ਅਗੋਂ ਇਹ ਜਵਾਬ ਮਿਲਦਾ ਹੈ ।

(੭੬) ਆਪਣੀਆਂ ਮੈਂ ਕਛੇ ਮਾਰਾਂ, ਬਹ ਪਰਾਈਆਂ ਫੋਲਾਂ ।

ਵੇਖੋ:—ਆਪਣੀਆਂ ਨ ਦੱਸਾਂ ਪਰਾਈਆਂ ਕਰ ੨ ਹਸਾਂ।

(੭੭) ਆਪਣੀ ਗਲੀ ਵਿਚ ਕੁਤਾ ਭੀ ਸ਼ੇਰ ਹੁੰਦਾ ਹੈ ।

ਵੇਖੋ:—ਆਪਣਾ ਮਕਾਨ ਕੋਟ ਸਮਾਨ ।

(੭੮) ਆਪਣੀ ਗੌਂ ਨੂੰ ਗਧੇ ਨੂੰ ਭੀ ਬਾਪ ਆਖੀਦਾ ਹੈ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਲੋੜ ਵੇਲੇ ਨੀਚ ਆਦਮੀ ਅਗੇ ਭੀ ਝੁੱਕਣਾ ਪੈਂਦਾ ਹੈ, ਤਾਂ ਕਹਿੰਦੇ ਹਨ।

(੭੯) ਆਪਣੀ ਸ਼ਾਹ ਕੋਈ ਖਟੀ ਨਹੀਂ ਕਹਿੰਦਾ।

ਸਿੰਧ ਵਿਚ ਲਸੀ ਆਮ ਵਿਕਦੀ ਹੈ। ਕੋਈ ਆਦਮੀ ਆਪਣੀ ਭੈੜੀ ਚੀਜ ਨੂੰ ਭੀ ਸਲਾਹੀ ਜਾਵੇ, ਤਾਂ ਕਹੀਦਾ ਹੈ।

ਅੰਗ੍ਰੇਜ਼ੀ:--No one cries stinking fish.

ਫਾਰਸੀ:—ਕਸ ਨਮੇ ਗੋਇਦ ਕਿ ਦੋਗੇ ਮਨ ਤੁਰਸ਼ ਅਸਤ।

(੮੦) ਆਪਣੀ ਪਈ ਪਰਾਈ ਵਿਸਰੀ।

ਜਦ ਇਕ ਆਦਮੀ ਕਿਸੇ ਤਕਲੀਫ ਵਿਚ ਫਸਕੇ ਦੂਜੇ ਨੂੰ ਦੁਖ ਦੇਣੋਂ ਹਟ ਜਾਵੇ, ਤਾਂ ਬੋਲਦੇ ਹਨ।

(੮੧) ਆਪਣੀ ਪਤ ਤੇ ਆਪਣੇ ਹਥ।

ਜਦ ਕੋਈ ਜਾਣ ਬੁਝਕੇ ਆਪਣੀ ਇਜਤ ਦੇ ਉਲਟ ਕੰਮ ਕਰੇ, ਤਾਂ ਉਸਨੂੰ ਸਮਝਾਉਣ ਲਈ ਕਹਿੰਦੇ ਹਨ।

ਅੰਗ੍ਰੇਜ਼ੀ:—Honour yourself and you will be honoured.

(੮੨) ਆਪਣੀ ਪੀੜ੍ਹੀ ਹੇਠ ਸੋਟਾ ਫੇਰ ?

ਇਕ ਆਦਮੀ ਆਪਣੀ ਭੁਲ ਵਲ ਧਿਆਨ ਨਾ ਮਾਰੇ ਪਰ ਦੂਜਿਆਂ ਨੂੰ ਟੋਕਦਾ ਫਿਰੇ, ਤਾਂ ਇਹ ਉਤ੍ਰ ਦਿਤਾ ਜਾਂਦਾ ਹੈ ਕਿ ਤੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰ ?

ਅੰਗ੍ਰੇਜ਼ੀ:—Sweep before your own door.

ਫਾਰਸੀ:—ਖੁਦ ਮੀਆਂ ਫਸੀਹਤ ਵ ਦੀਗਰਾਂ ਰਾ ਨਸੀਹਤ।

(੮੩) ਆਪਣੀ ਭਾਹ ਬਲੇਸੋ, ਬਿਆ ਪਟਾਖਾ

ਚੜ੍ਹੈਸੇ।

ਅਰਥ:—ਆਪਣੀ ਅਗ ਆਪ ਬਾਲੋ ਤਾਂ ਚੋਖੀ ਬਲੇਗੀ।

ਵੇਖੋ:—ਆਪ ਕਾਜ ਮਹਾਂ ਕਾਜ।

(੮੪) ਆਪਨੀ ਭਾਵੇਂ ਮਝ ਚਲੀ ਜਾਏ ਸ਼ਰੀਕ ਦਾ ਘਲਿਆਰਾ ਜਰੂਰ ਨਠਾਉਣਾਂ ਏ।

ਜਦ ਕੋਈ ਆਦਮੀ ਆਪ ਨੁਕਸਾਨ ਉਠਾਕੇ ਭੀ ਆਪਣੇ ਵੈਰੀ ਦਾ ਨੁਕਸਾਨ ਕਰਨ ਲਈ ਤਿਆਰ ਹੋਵੇ ਜਾਂ ਜਦ ਇਜੇਹੀ ਸਿਖਿਆ ਦੇਣੀ ਹੋਵੇ, ਤਾਂ ਕਹਿੰਦੇ ਹਨ।

(੮੫) ਆਪਨੀ ਮਝ ਦਾ ਦੁਧ ਸੌ ਕੋਹ ਤੇ ਜਾ ਪੀਵੀਦਾ ਹੈ।

ਜਦ ਇਹ ਸਮਝਾਉਣਾ ਹੋਵੇ ਕਿ ਜੇ ਤੁਸੀ ਪ੍ਰਾਹੁਣੇ ਦੀ ਖਾਤਰ ਕਰੋਗੇ ਤਾਂ ਜਦ ਤੁਸੀ ਉਸਦੇ ਜਾਉਗੇ ਉਜੇਹੀ ਹੀ ਉਹ ਤੁਹਾਡੀ ਖਾਤ੍ਰ ਕਰੇਗਾ, ਤਾਂ ਬੋਲਦੇ ਹਨ।

(੮੬) ਆਪਨੇ ਔਗੁਣ ਵੀ ਗੁਣ ਜਾਪਦੇ ਨੇ।

ਕੋਈ ਔਗੁਣੀ ਆਪਣੇ ਮੂੰਹੋਂ ਮੀਆਂ ਮਿਠੂ ਬਣਦਾ ਫਰੇ, ਤਾਂ ਉਸ ਉਤੇ ਘਟਾਉਂਦੇ ਹਨ।

(੮੭) ਆਪਣੇ ਹਾਥ, ਜਗਨ ਨਾਥ।

ਜਗਨ ਨਾਥ = ਕਲਕਤੇ ਕੋਲ ਇਕ ਹਿੰਦੂ ਮੰਦਰ।

ਜਿਸ ਆਦਮੀ ਨੂੰ ਹਰ ਤਰ੍ਹਾਂ ਮਨ ਆਈ ਕਰਨ ਦੀ

ਖੁਲ੍ਹ ਹੋਵੇ ਉਸ ਉਪਰ ਇਹ ਅਖਾਣ ਵਰਤਦੇ ਹਨ।

(੮੮) ਆਪਣੇ ਘਰ ਹਰ ਕੋਈ ਬਾਦਸ਼ਾਹ ਹੈ।

ਵੇਖੋ:—ਆਪਣਾ ਮਕਾਨ ਕੋਟ ਸਮਾਨ।

(੮੯) ਆਪਣੇ ਘਰ ਕੋਈ ਛਜ ਵਜਾਵੇ ਕੋਈ ਛਾਨਣੀ, ਕਿਸੇ ਨੂੰ ਕੀ?

ਦੂਜੇ ਦੀ ਅਜ਼ਾਦੀ ਵਿਚ ਦਖਲ ਦੇਣੋਂ ਕਿਸੇ ਨੂੰ ਮਨ੍ਹਾਂ ਕਰਨਾ ਹੋਵੇ, ਤਾਂ ਇਹ ਅਖਾਣ ਪਾਕੇ ਸਮਝਾਉਂਦੇ ਹਨ।

ਅੰਗ੍ਰੇਜ਼ੀ:—Every one is the master of his own will.

(੯੦) ਆਪਣੇ ਘਰ ਲਗੇ ਤਾਂ ਅਗ ਦੂਏ ਘਰ ਬਸੰਤਰ।

ਜਦ ਕੋਈ ਆਦਮੀ ਆਪਣੇ ਲਈ ਤਾਂ ਉਸੇ ਗਲ ਨੂੰ ਬੁਰੀ ਮੰਨੇ ਪਰ ਦੂਜਿਆਂ ਦੀ ਵਾਰੀ ਕਹੇ ਕਿ ਹਾਂ ਇਸ ਵਿਚ ਇਹ ਗੁਣ ਹੈ, ਤਾਂ ਬੋਲ ਦੇਂਦੇ ਹਨ।

(੯੧) ਆਪਣੇ ਨੈਣ ਮੈਨੂੰ ਦੇਹ ਤੂੰ ਟਮਕੋਂਦੀ ਫਿਰ।

ਜਦ ਕੋਈ ਅਜੇਹੀ ਚੀਜ ਦੀ ਮੰਗ ਕਰੇ ਜਿਸਦੀ ਆਪ ਨੂੰ ਭੀ ਲੋੜ ਹੋਵੇ, ਤਾਂ ਕਹਿੰਦੇ ਹਨ।

(੯੨) ਆਪਣੇ ਘਰ ਪਕਾਈਂ ਨਾ, ਤੇ ਸਾਡੇ ਘਰ

ਆਈ ਨਾ।

ਕੋਈ ਆਦਮੀ ਜਦ ਕਿਸੇ ਨੂੰ ਲਾਰੇ ਦੇਕੇ ਨ ਆਰ ਜੋਗਾ ਛਡੇ ਤੇ ਨਾ ਪਾਰ ਜੋਗਾ, ਤਾਂ ਉਹ ਕਹਿੰਦਾ ਹੈ।

(੯੩) ਆਪਣੇ ਮਨ ਤੋਂ ਜਾਣੀਐ ਅਗਲੇ ਮਨ ਦੀ ਬਾਤ।

ਜਦ ਇਹ ਦਸਣਾ ਹੋਵੇ ਕਿ ਜਿਹੀ ਗਲ ਤੁਸੀਂ ਮੇਰੇ ਲਈ ਚਿਤਵੋਗੇ ਤਿਹੀ ਹੀ ਮੇਰੇ ਦਿਲ ਵਿਚ ਤੁਹਾਡੇ ਲਈ ਹੋਵੇਗੀ, ਤਂ ਕਹਿੰਦੇ ਹਨ।

ਫਾਰਸੀ:—ਦਿਲ ਰਾ ਬਦਿਲ ਰਾਹੇਸਤ।

(੯੪) ਆਪਣੇ ਮੂੰਹੋਂ ਮੀਆਂ ਮਿਠੂ।

ਮੀਆਂ ਮਿਠੂ:—ਤੋਤੇ ਦਾ ਵਡਿਆਈ ਭਰਿਆ ਨਾਮ।

ਜੋ ਆਦਮੀ ਆਪਣੇ ਹੀ ਮੂੰਹੋਂ ਆਪਣੀ ਸਿਫਤ ਕਰੇ, ਉਸਨੂੰ ਕਹਿੰਦੇ ਹਨ।

ਅੰਗ੍ਰੇਜ਼ੀ:—Never sound the trumpet of your own praise.

(੯੫) ਆਪਣੇ ਵਛੇ ਦੇ ਦੰਦ ਆਪ ਤੋਂ ਗੁਝੇ ਨਹੀਂ ਹੁੰਦੇ।

ਵਛੇ ਦੇ ਦੰਦ = ਪਸ਼ੂਆਂ ਦੀ ਉਮੇਰ ਦਾ ਪਤਾ ਦੰਦ ਵੇਖਕੇ ਲਾਉਂਦੇ ਹਨ।

ਦੇਖੋ:—ਆਪਣਾ ਵਖਰ ਆਪ ਤੋਂ ਗੁੱਝਾ ਨਹੀਂ ਹੁੰਦਾ।

(੯੬) **ਆਪ ਭੀ ਡੁਬੋਂ ਬਾਹਮਣਾ ਜਜਮਾਨ ਭੀ ਗਾਲੇ ।**

ਜਦ ਕਿਸੇ ਦੇ ਆਪਣੇ ਦੁਖ ਜਾਂ ਨੁਕਸਾਨ ਦੇ ਸਦਕੇ ਹੋਰਨਾਂ ਨੂੰ ਭੀ ਘਾਟਾ ਜਾਂ ਦੁਖ ਅਪੜੇ, ਤਾਂ ਬੋਲਦੇ ਹਨ ।

(੯੭) **ਆਪ ਨ ਜੋਗੀ ਗਵਾਂਢ ਵਲਾਵੇ ।**

ਜਦ ਕੋਈ ਕਮਜੋਰ ਬੰਦਾ ਆਪਣਾ ਭਲਾ ਤਾਂ ਕਰ ਨ ਸਕੇ ਪਰ ਹੋਰਨਾਂ ਉਪਰ ਫੋਕੇ ਅਹਸਾਨ ਚੜ੍ਹਾਵੇ ਤਦ ਕਹਿੰਦੇ ਹਨ ।

(੯੮) **ਆਪ ਨ ਵੰਜੈ ਸਾਹੁਰੈ ਲੋਕਾਂਮਤੀ ਦੇਇ।**

ਜਦ ਕੋਈ ਆਦਮੀ ਆਪ ਤਾਂ ਕੋਈ ਕੰਮ ਨ ਕਰੇ ਪਰ ਦੂਜਿਆਂ ਨੂੰ ਉਪਦੇਸ਼ ਦੇਵੇ, ਤਾਂ ਕਹਿੰਦੇ ਹਨ ।

(੯੯) **ਆਪ ਬੁਰੇ ਤਾਂ ਜਗ ਬੁਰਾ ।**

ਜਦ ਇਹ ਦਸਣਾ ਹੋਵੇ ਕਿ ਬੁਰੇ ਨੂੰ ਬੁਰੇ ਹੀ ਟਕਰਦੇ ਹਨ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—A giddy man thinks the world turn round.

(੧੦੦) **ਆਪ ਭਲੇ ਤਾਂ ਜਗ ਭਲਾ ।**

ਜਦ ਇਹ ਦਸਣਾ ਹੋਵੇ ਕਿ ਨੇਕ ਨੂੰ ਨੇਕਾਂ ਨਾਲ ਹੀ ਵਾਹ ਪੈਂਦਾ ਹੈ, ਤੇ ਬੁਰੇ ਨੂੰ ਬੁਰਾ ਹੀ ਟਕਰਦਾ ਹੈ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—Honesty is the best policy.

(੧੦੧) ਆਪ ਮੀਆਂ ਮੰਗਤੇ ਬਾਹਰ ਖੜੇ ਦਰਵੇਸ਼।

ਇਕ ਆਦਮੀ ਕਰਨ ਜੋਗਾ ਤਾਂ ਕੁਝ ਨ ਹੋਵੇ ਪਰ ਫੜਾਂ ਬੜੀਆਂ ਮਾਰੇ ਤੇ ਕਈਆਂ ਨੂੰ ਕਈ ਉਮੈਦਾਂ ਬੰਨ੍ਹਾਵੇ,ਤਾਂ ਅਸਲੀ ਹਾਲ ਨੂੰ ਜਾਣਨ ਵਾਲਾ ਕਹਿ ਦੇਂਦਾ ਹੈ।

(੧੦੨) ਆਪ ਮੋਇਆਂ ਬਿਨ ਸੁਰਗ ਨਹੀਂ ਮਿਲਦਾ।

ਜਦ ਇਹ ਸਮਝਾਉਣਾ ਹੋਵੇ ਕਿ ਆਪ ਦੁਖ ਸਹਾਰੇ ਬਿਨਾਂ ਕਦੇ ਕੁਝ ਨਹੀਂ ਮਿਲਦਾ ਤਾਂ ਕਹਿੰਦੇ ਹਨ।

ਫਾਰਸੀ:—ਗੰਜੇ ਖਾਹੀ ਦਰ ਤਲਬ ਰੰਜੇ ਬਿਮੁਰ।
ਖਿਰਮਨੇ ਮੇਂ ਬਾਇਦਤ ਤੁਖਮੇ ਬੇਕਾਰ।

(੧੦੩) ਆਪ ਮੋਏ ਜਗ ਪਰਲੋ।

ਕਿਸੇ ਆਪਣੇ ਦੁਖ ਵਿਚ ਫਸੇ ਹੋਏ ਨੂੰ ਹੋਰਨਾਂ ਦੀ ਸਹਾਇਤਾ ਲਈ ਪਰੇਰਿਆ ਜਾਵੇ ਤਦ ਉਹ ਆਪਣੀ ਬੇਬਸੀ ਦਸਣ ਲਈ ਬੋਲਦਾ ਹੈ।

ਫਾਰਸੀ:—ਮਨ ਮੁਰਦਾ ਜਹਾਂ ਮੁਰਦਾ।
ਅੰਗ੍ਰੇਜ਼ੀ:—After us the deluge.

(੧੦੪) ਆਪ ਵਿਹਾਜੇ ਮਾਮਲੇ ਆਪਣੇ ਹੀ ਗਲ ਪਏ।

ਦੇਖੋ:—ਆਪਣੀ ਪੈਰੀਂ ਆਪ ਕੁਹਾੜਾ ਮਾਰਿਆ।

(੧੦੫) ਆਪੇ ਹੀ ਮਰ ਜਾਣਗੇ ਜੇਹੜੇ ਜੇਠ ਪੈਣਗੇ ਰਾਹ।

ਪੈਦਲ ਤੁਰਨ ਵਾਲਿਆਂ ਦਾ ਬਣਾਇਆ ਅਖਾਣ ਹੈ।

ਜੇਠ ਦਾ ਪੰਧ ਬਹੁਤ ਗਰਮੀ ਹੋਣ ਕਰਕੇ ਬੜਾ ਔਖਾ ਹੁੰਦਾ ਹੈ।

ਜਦ ਇਹ ਕਹਿਣਾ ਹੋਵੇ ਕਿ ਭੁਲ ਕਰਨ ਵਾਲਾ ਆਪੇ ਦੁਖੀ ਹੋਵੇਗਾ ਕਿਸੇ ਨੂੰ ਕੀ ? ਤਾਂ ਕਹਿੰਦੇ ਹਨ।

ਜੇਹਾ ਕੁ:—ਕਰਨਗੇ ਸੋ ਭਰਨਗੇ ਤੂੰ ਕਿਉਂ ਭਇਓਂ ਉਦਾਸ।

(੧੦੬) ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।

ਜਦ ਕੋਈ ਆਦਮੀ ਕਿਸੇ ਔਖੇ ਕੰਮ ਨੂੰ ਆਪਣੀ ਖੁਸ਼ੀ ਨਾਲ ਚੁਕ ਲਵੇ, ਤੇ ਫਿਰ ਔਖਿਆਈ ਵੇਖਕੇ ਚੀਕੇ, ਤਾਂ ਬੋਲਦੇ ਹਨ।

(੧੦੭) ਆਪੇ ਬੀਜ ਆਪ ਹੀ ਖਾਹੁ। (ਗੁਰਬਾਣੀ)

ਜਦ ਕਿਸੇ ਨੂੰ ਸਮਝਾਉਣਾ ਹੋਵੇ ਕਿ ਤੁਹਾਡੀ ਕੀਤੀ ਦਾ ਫਲ ਤਹਾਨੂੰ ਹੀ ਮਿਲੇਗਾ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—As you sow so shall you reap.

(੧੦੮) ਆਪੇ ਮੈਂ ਰਜੀ ਪੁਜੀ ਆਪੇ ਮੇਰੇ ਬਚੇ ਜੀਉਣ।

ਜਦ ਕੋਈ ਆਦਮੀ ਹਰ ਗਲ ਦਾ ਫੈਸਲਾ ਆਪਣੇ ਹਕ ਵਿਚ ਹੀ ਕਰ ਲਵੇ, ਤਾਂ ਕਹਿੰਦੇ ਹਨ।

(੧੦੯) ਆਪੋਂ ਸੁਝੇ ਤਾਂ ਬਤੀ ਸੁਲਖਣਾ। ਦਿਤੀ ਲਵੇ ਤਾਂ ਤੇਤੀ ਸੁਲਖਣਾ।

ਕਿਸੇ ਨੂੰ ਆਪਣੇ ਮਨੋਂ ਗਲ ਨਾ ਫੁਰੇ ਪਰ ਕਿਸੇ ਦੇ ਸਮਝਾਇਆਂ ਰੁਖ ਸਿਰ ਆ ਜਾਵੇ, ਤਦ ਉਸਨੂੰ ਸ਼ਾਬਾਸ਼ ਦੇਣ ਵਾਸਤੇ, ਵਰਤਦੇ ਹਨ।

ਹੋਰ ਦੇਖੋ:—ਉਹ ਭੁਲ਼ਾ ਨਾ ਜਾਣੀਏਂ ਜੇ ਮੁੜ ਘਰ ਆਵੇ।

(੧੧੦) ਆਬ ੨ ਕਰ ਮੋਇਓਂ ਬੱਚਾ, ਫਾਰਸੀਆਂ ਘਰ ਗਾਲੇ।

ਆਪਣੀ ਸਧਾਰਨ ਬੋਲੀ ਛਡਕੇ ਚੋੜਾਂ ਨਾਲ ਓਪਰੀ ਬੋਲੀ ਵਿਚ ਗਲ ਕਰਨ ਵਾਲੇ ਲਈ ਇਹ ਬੋਲਿਆ ਜਾਂਦਾ ਹੈ।

ਇਹ ਅਖਾਣ ਇਕ ਸੁਆਦਲੀ ਕਹਾਣੀ ਤੋਂ ਬਣਿਆ ਹੈ।

ਜੁਲਾਹਾ ਫੌਜ ਵਿਚ ਭਰਤੀ ਹੋਕੇ ਕੁਝ ਗਿਣਤੀ ਦੇ ਫਾਰਸੀ ਪਦ ਸਿਖ ਆਇਆ, ਘਰ ਆਕੇ ਮਾਂਦਾ ਪੈ ਗਿਆ, ਤੇ ਮਾਂ ਪਾਸੋਂ ਪਾਣੀ ਮੰਗਣ ਵਾਸਤੇ ਆਬ ੨ ਕਰਦਾ ਰਿਹਾ। ਮਾਂ ਇਸਨੂੰ ਸਮਝ ਨ ਸੱਕੀ ਤੇ ਉਧਰੋਂ ਉਸਦਾ ਸੰਘ ਸੁਕ ਕੇ ਜਾਨ ਨਿਕਲ ਗਈ।

(੧੧੧) **ਆ ਭੈਣ ਪਿਆਰ ਕਰੂੰ, ਪੈਰਾਂ ਹੇਠ ਅੰਗਿਆਰ ਧਰੂੰ।**

ਜਦ ਕੋਈ ਉਤੋਂ ੨ ਤਾਂ ਪਿਆਰ ਕਰੇ ਪਰ ਉਂਵ ਉਲਟਾ ਵੈਰ ਲਵੇ, ਤਾਂ ਕਹਿੰਦੇ ਹਨ।

(੧੧੨) **ਆਰੀ ਨੂੰ ਇਕ ਪਾਸੇ ਦੰਦੇ ਨੇ, ਜਹਾਨ ਨੂੰ ਦੋਹੀਂ ਪਾਸੀਂ।**

ਭਾਵ ਕੀ ਕਿ ਦੁਨੀਆ ਕਿਸੇ ਛਾਬੇ ਪੂਰੀ ਨਹੀਂ ਹੁੰਦੀ। ਦੁਨੀਆ ਦੀ ਦੁਰੰਗੀ ਚਾਲ ਨੂੰ ਵੇਖਕੇ ਕਿਹਾ ਜਾਂਦਾ ਹੈ।

(੧੧੩) **ਆ ਲੜਾਈਏ ਮੇਰੇ ਵੇਹੜੇ।**

ਜੇ ਕੋਈ ਬਦੋ ਬਦੀ ਲੜਾਈਆਂ ਸਹੇੜਦਾ ਫਿਰੇ, ਤਾਂ ਲੋਕ ਉਸਨੂੰ ਆਖਦੇ ਹਨ।

(੧੧੪) **ਐਸ ਸੁਹਾਗ ਨਾਲੋਂ ਰੰਡੇਪਾ ਚੰਗਾ।**

ਜਦ ਕਿਤੇ ਕੋਈ ਚੀਜ ਦੁਖਦਾਈ ਸਾਬਤ ਹੋ ਜਾਵੇ, ਤਾਂ ਕਹਿੰਦੇ ਹਨ।

(੧੧੫) **ਐਸਾ ਕੰਮ ਮੂਲੇ ਨ ਕੀਚੈ ਜਿਤ ਅੰਤ ਪਛੋਤਾਈਐ।** (ਗੁਰਬਾਣੀ)

ਭੈੜੇ ਕੰਮਾਂ ਤੋਂ ਰੋਕਣ ਲਈ ਵਰਤਿਆ ਜਾਂਦਾ ਹੈ।

ਫਾਰਸੀ:—ਚਿਰਾ ਕਾਰੇ ਕੁਨਦ ਆਕਿਲ ਕਿ ਬਾਜ਼ ਆਇਦ ਪਸ਼ੇਮਾਨੀ।

(੧੧੬) ਐਸੇ ਕੋ ਤੈਸਾ ਮਿਲੇ ਸੁਣ ਲੈ ਰਾਜਾ ਭੀਲ, ਲੋਹੇ ਨੂੰ ਘੁਣ ਖਾ ਗਿਆ ਲੜਕਾ ਲੈ ਗਈ ਚੀਲ ।

ਇਕ ਕਹਾਣੀ ਹੈਕਿ ਕੋਈ ਸੁਦਾਗਰ ਕੁਝ ਲੋਹਾ ਆਪਣੇ ਇਕ ਮਿਤ੍ਰ ਕੋਲ ਰਖ ਗਿਆ। ਜਾਂ ਵਾਪਸ ਆਕੇ ਮੰਗਿਓਸੁ ਤਾਂ ਉੱਤ੍ਰ ਮਿਲਿਆ ਕਿ ਲੋਹੇ ਨੂੰ ਘੁਣ ਖਾ ਗਿਆ ਹੈ,ਵਿਚਾਰਾ ਇਹ ਸੁਣ ਚੁਪ ਕਰ ਰਿਹਾ। ਪਲ ਕੁ ਮਗਰੋਂ ਕਹਿਣ ਲਗਾ "ਰਤਾ ਆਪਣੇ ਲੜਕੇ ਨੂੰ ਮੇਰੇ ਨਾਲ ਘਲ, ਮੈਂ ਨ੍ਹਾਉਣ ਚਲਿਆ ਹਾਂ। ਇਹ ਮੇਰੇ ਕਪੜਿਆਂ ਦਾ ਧਿਆਨ ਰਖੇਗਾ।" ਉਸ ਨੇ ਭੇਜ ਦਿਤਾ, ਮੁੜਕੇ ਆਕੇ ਦਸਿਓ ਸੁ ਕਿ ਮੁੰਡੇ ਨੂੰ ਤਾਂ ਚੀਲ ਚੁਕ ਕੇ ਲੈ ਗਈ। ਮਾਮਲਾ ਰਾਜੇ ਤਕ ਪੁਜਾ, ਤਾਂ ਉਸ ਇਹ ਦੋਹਿਰਾ ਸੁਣਾਕੇ ਦਸਿਆ ਕਿ ਇਸ ਨੇ ਮੇਰਾ ਲੋਹਾ ਰਖ ਲਿਆ ਹੈ ਤੇ ਮੈਂ ਇਸਦਾ ਮੁੰਡਾ ਲੁਕਾ ਲਿਆ ਹੈ।

ਜਦ ਆਦਮੀ ਆਪਣੇ ਵੈਰੀ ਨਾਲ ਸਾਵਾਂ ਹੋਕੇ ਉਸਦੇ ਦੰਦ ਖੱਟੇ ਕਰ ਦੇਵੇ,ਤਦ ਇਹ ਅਖਾਣ ਵਰਤਿਆ ਜਾਂਦਾ ਹੈ।

ਅੰਗ੍ਰੇਜ਼ੀ:—Tit for tat.

ਉਰਦੂ:—ਈਂਟ ਕਾ ਜਵਾਬ ਪਥਰ ਸੇ ਦੀਆ ਜਾਤਾ ਹੈ।

(੧੧੭) ਐਤਵਾਰ ਤਾਂ ਜਾਣੀਏਂ, ਜੇ ਪੋਚਾ ਪਾਉਣ ਬਾਣੀਏਂ।

ਐਤਵਾਰ ਪੋਚਾ ਪਾਉਣ ਲਗਿਆਂ ਤੀਵੀਂਆਂ ਕਹਿ

ਦੇਂਦੀਆਂ ਹਨ ।

(੧੧੮) ਔਖੇ ਵੇਲੇ ਸਾਥ ਜੋ ਦੇਵੇ ਸੋਈ ਮੀਤ ਪਛਾਣੀਏਂ ।

ਜਦ ਕਿਸੇ ਮਿਤ੍ਰ ਦੀ ਮਹਿਮਾਂ ਕਰਨੀ ਹੋਵੇ ਜਾਂ ਉਸਨੂੰ ਕਿਸੇ ਔਖੇ ਵੇਲੇ ਮਦਦ ਲਈ ਪ੍ਰੇਰਨਾਂ ਹੋਵੇ, ਤਾਂ ਉਸਨੂੰ ਸੁਣਾਉਂਦੇ ਹਨ ।

ਅੰਗ੍ਰੇਜ਼ੀ:—A friend in need is a friend indeed.

ਫਾਰਸੀ:—ਦੋਸਤ ਆਂ ਬਾਸ਼ਦ ਕਿ ਗੀਰਦ ਦਸਤੇ ਦੋਸਤ, ਦਰ ਪਰੇਸ਼ਾਂ ਹਾਲੀਓ ਦਰ ਮਾਂਦਗੀ। ਦੋਸਤ ਮਸੁਮਾਰ ਆਂ ਕਿ ਦਰ ਨੇਹਮਤ ਜ਼ਨਦ, ਲਾਫ ਯਾਰੀ ਓ ਬਿਰਾਦਰ ਖਾਨਗੀ।

(੧੧੯) ਔਲੇ ਦਾ ਖਾਧਾ ਤੇ ਸਿਆਣੇਂ ਦਾ ਆਖਿਆ ਪਿਛੋਂ ਰਸ ਦੇਂਦਾ ਹੈ।

ਬਹੁਤ ਕਰਕੇ ਇੰਞਾਣ ਨੂੰ ਸਿਆਣੇ ਦੀ ਮਤ ਮੰਨਣ ਦਾ ਉਪਦੇਸ਼ ਦੇਣ ਵੇਲੇ ਕਿਹਾ ਜਾਂਦਾ ਹੈ।

ਸਿਆਣੇਂ ਦੀ ਮਤ ਦੀ ਕਦਰ ਉਹ ਮਤ ਵਰਤੋਂ ਵਿਚ ਆਇਆਂ ਮਲੂਮ ਹੁੰਦੀ ਹ ਜਿਵੇਂ ਔਲੇ ਦਾ ਸੁਆਦ ਪਿਛੋਂ ਆਉਂਦਾ ਹੈ।

(੧੨੦) ਅੰਗੂਠੇ ਵਢੀ ਆਰਸੀ ਮੰਗੇ ।

ਵੇਖੋ:—ਅਖੋਂ ਅੰਨ੍ਹੀਂ ਮਮੀਰੇ ਦਾ ਸੁਰਮਾਂ।

(੧੨੧) ਅੰਙਣ ਆਇਆ ਭਾਵੇ ਨਾ ਤੇ ਕੁਛੜ ਬਹੇ ਨਿਲੱਜ।

ਅੰਙਣ = ਅੰਗਣ = ਵੇਹੜਾ।

ਜਿਸ ਆਦਮੀ ਦੀ ਕਦਰ ਦੂਜਿਆਂ ਦੀ ਨਜਰ ਵਿਚ ਉਕਾ ਨਾ ਹੋਵੇ ਤੇ ਉਹ ਬਦੋ ਬਦੀ ਵਧ ਵਧ ਕੇ ਅਗੇ ਬਹਿਣਾ ਚਾਹੇ ਤਾਂ ਵੇਖਣ ਵਾਲੇ ਏਹ ਬੋਲਦੇ ਹਨ।

(੧੨੨) ਅੰਤ ਭਲਾ ਸੋ ਭਲਾ।

ਕਿਸੇ ਕੰਮ ਦੀ, ਮੁਢ ਵਿਚ ਬਹੁਤੀ ਸ਼ਾਨ ਕਾਇਮ ਰਹਿਣ ਦਾ ਕੁਝ ਸ਼ਕ ਹੋਵੇ ਤਾਂ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—All is well that ends well.

ਫਾਰਸੀ:—ਆਕਬਤ ਖੈਰ ਬਿਹ ਅਜ਼ ਹਾਲਤੇ ਖੈਰ।

(੧੨੩) ਅੰਦਰ ਹੋਵੇ ਸਚ ਤੈ ਕੋਠੇ ਚੜ੍ਹਕੇ ਨਚ।

ਕੋਈ ਆਦਮੀ ਆਪਣੇ ਅੰਦਰ ਦੀ ਸਚਾਈ ਦਸਣ ਲਈ ਕਹਿ ਸਕਦਾ ਹੈ।

ਫਾਰਸੀ:—ਰਾਸਤੀ ਮੂਜਬ ਰਜਾਏ ਖੁਦਾ ਅਸਤ।
ਕਸ ਨ ਦੀਦਮ ਗੁੰਮਸ਼ੁਦ ਅਜ਼ਰਾਹੇ ਰਾਸਤ।

ਅੰਗ੍ਰੇਜ਼ੀ:—A clear conscience fears no accusation.

ਉਰਦੂ:—ਸਾਂਚ ਕੋ ਆਂਚ ਨਹੀਂ।

(੧੨੪) ਅੰਦਰ ਪਕੀਆਂ ਬਾਹਰ ਹੀ ਆਉਂਦੀ-ਆਂ ਨੇ ।

ਜਦ ਕੋਈ ਆਦਮੀ ਕੋਈ ਗਲ ਕਿਸੇ ਤੋਂ ਚੋਰੀ ਕਰੇ ਪਰ ਕੁਝ ਚਿਰ ਪਾਕੇ ਗਲ ਦਾ ਪਤਾ ਲਗ ਜਾਣ ਦੀ ਆਸ ਹੋਵੇ, ਤਾਂ ਕਹੀਦਾ ਹੈ।

(੧੨੫) ਅੰਦਰ ਪੈਣ ਕੁੜੱਲਾਂ, ਬਾਹਰ ਬੰਸੀ ਵਾਲੇ ਨਾਲ ਗਲਾਂ।

ਕੋਈ ਆਦਮੀ ਵਡੇ ੨ ਕੰਮਾਂ ਨੂੰ ਹਥ ਪਾਵੇ ਪਰ ਉਸ ਦੀ ਅੰਦਰਲੀ ਹਾਲਤ ਬਹੁਤ ਮਾੜੀ ਹੋਵੇ ਤਾਂ ਅਸਲੀ ਹਾਲਤ ਨੂੰ ਜਾਨਣ ਵਾਲਾ ਕਹਿ ਦੇਂਦਾ ਹੈ।

(੧੨੬) ਅੰਦਰ ਬਹਿਕੇ ਪਾਪ ਕਮਾਵੈ ਸੋ ਚਹੁ ਕੁੰਟੀ ਜਾਣੀਐ।

ਦੇਖੋ:—ਅੰਦਰ ਪਕੀਆਂ ਬਾਹਰ ਹੀ ਆਉਂਦੀਆਂ ਨੇ
ਜਦ ਕਿਸੇ ਦਾ ਚੋਰੀ ਕੀਤਾ ਹੋਇਆ ਪਾਪ ਪ੍ਰਗਟ ਹੋ ਜਾਵੇ, ਤਾਂ ਕਹਿੰਦੇ ਹਨ।

(੧੨੭) ਅੰਧ ਨਗਰੀ ਬੇਦਾਦ ਰਾਜਾ, ਟਕੇ ਸੇਰ ਭਾਜੀ ਟਕੇ ਸੇਰ ਖਾਜਾ।

ਜਦ ਕਿਸੇ ਥਾਂ ਦੇ ਪ੍ਰਬੰਧ ਵਿਚ ਅੰਧ ਧੁੰਧ ਮਚ ਜਾਵੇ

ਤੇ ਚੰਗੇ ਮੰਦੇ ਦੀ ਕੋਈ ਪਰਖ ਨਾ ਰਹੇ, ਤਾਂ ਕਹਿੰਦੇ ਹਨ।

ਫ਼ਾਰਸੀ:—ਬੇ ਤਮੀਜ਼ ਅਰਜ ਮੰਦੇ ਆਕਿਲ ਖ਼੍ਵਾਰ।

(੧੨੮) ਅੰਨ ਵਾਲੇ ਹਥ ਨਾਲ ਕੁਤਾ ਨਹੀ ਮਾਰਦੀ।

ਕਿਸੇ ਬਾਬਤ ਜਦ ਇਹ ਦਸਣਾ ਹੋਵੇ ਕਿ ਉਹ ਅ਼ ਦਰਜੇ ਦਾ ਕੰਜੂਸ ਹੈ, ਤਾਂ ਕਹਿੰਦੇ ਹਨ।

(੧੨੯) ਅੰਨ੍ਹਾਂ ਕੀ ਭਾਲੇ ? ਦੋ ਅਖਾਂ।

ਜਦ ਕਿਸੇ ਨੂੰ ਉਸਦੇ ਮਨ ਭਾਉਂਦੀ ਸ਼ੈਂ ਮਿਲ ਜਾਵੇ, ਤਾਂ ਕਹੀਦਾ ਹੈ।

ਫ਼ਾਰਸੀ:—ਕੋਰ ਚੇ ਖ਼ਾਹਦ ਦੋ ਚਸ਼ਮ।

(੧੩੦) ਅੰਨ੍ਹਾਂ ਕੁਤਾ ਵਾ ਨੂੰ ਭੌਂਕੇ।

ਇਹ ਅਖਾਣ ਉਸ ਜੀ ਤੇ ਘਟਾਇਆ ਜਾਂਦਾਹੈ ਜਿਸ ਨੂੰ ਅਸਲੀ ਗਲ ਬਾਤ ਦਾ ਕੁਝ ਪਤਾ ਨ ਹੋਵੇ ਤੇ ਐਵੇਂ ਸਿਰ ਖਪਾਈ ਕਰੀ ਜਾਵੇ।

(੧੩੧) ਅੰਨ੍ਹਾਂ ਵਟੇ ਰੱਸੀ ਤੇ ਪਿਛੋਂ ਵਛਾ ਖਾਏ।

ਦੇਖੋ:—ਅਗਾ ਦੌੜ ਤੇ ਪਿਛਾ ਚੌੜ।

(੧੩੨) ਅੰਨ੍ਹਾਂ ਵੰਡੇ ਸ਼ੀਰਨੀ ਮੁੜ ਘਿੜ ਆਪਣਿਆਂ।

ਜਦ ਕੋਈ ਆਦਮੀ ਹਰ ਤਰ੍ਹਾਂ ਦਾ ਫੈਦਾ ਆਪਣੇ ਜਾਣੂਆਂ ਨੂੰ ਹੀ ਪੁਚਾਈ ਜਾਵੇ ਤਾਂ ਕਹਿੰਦੇ ਹਨ।

(੧੩੩) ਅੰਨ੍ਹਿਆਂ ਵਿਚ ਕਾਣਾਂ ਰਾਜਾ ।

ਵੇਖੋ:—ਉਜੜੇ ਪਿੰਡ ਭੜੋਲੇ ਮਹਿਲ ।

ਅੰਗ੍ਰੇਜ਼ੀ:—A figure among ciphers,

ਫਾਰਸੀ:—ਖਰਸ ਦਰ ਕੋਹ ਬੂ ਅਲੀ ਸੀਨਾ ।

(੧੩੪) ਅੰਨ੍ਹੀ ਕੁਕੜੀ ਖਸਖਸ ਦਾ ਚੋਗਾ ।

ਜਦ ਕਿਸੇ ਇੰਞਾਣ ਆਦਮੀ ਨੂੰ ਅਜੇਹਾ ਔਖਾ ਕੰਮ ਦਿਤਾ ਜਾਵੇ ਜੋ ਉਹ ਉੱਕਾ ਹੀ ਨ ਕਰ ਸਕਦਾ ਹੋਵੇ, ਤਾਂ ਕਹਿੰਦੇ ਹਨ ।

(੧੩੫) ਅੰਨ੍ਹੀ ਕੁਤੀ ਜਲੇਬੀਆਂ ਦੀ ਰਾਖੀ ।

ਜਦ ਕਿਸੇ ਇਤਬਾਰ ਯੋਗ ਕੰਮ ਤੇ ਅਜੇਹੇ ਆਦਮੀ ਨੂੰ ਲਾਇਆ ਜਾਵੇ ਜੋ ਪਹਿਲਾਂ ਤਾਂ ਉਸ ਜੋਗ ਨ ਹੋਵੇ ਤੇ ਜੇ ਫਿਰ ਕਰੇ ਭੀ ਤਾਂ ਬੇਈਮਾਨੀ ਕਰਨ ਲਗ ਜਾਵੇ, ਤਾਂ ਕਹਿੰਦੇ ਹਨ ।

(੧੩੬) ਅੰਨ੍ਹੀ ਦੇਵੀ ਨਕ ਵਢੇ ਪੁਜਾਰੀ ।

ਜਦ ਕਿਸੇ ਕੋਝੇ ਆਦਮੀ ਦੇ ਹੋਰ ਭੀ ਕਈ ਕੰਮ ਜਾਂ ਸਾਥੀ ਉਜੇਹੇ ਹੀ ਕੋਝੇ ਹੋਣ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—Dirty troughs will serve dirty sows.

ਫਾਰਸੀ:—ਅਬਲਾ ਮੁਫਤ ਦੋ ਪਵਾਨਾ ਬਾਵਰ ਕਰਦ ।

(੧੩੭) ਅੰਨ੍ਹੀ ਨੈਣ ਵੰਞ ਦਾ ਨਹੇਰਨਾ ।

ਜਦ ਕਿਸੇ ਔਖੇ ਕੰਮ ਨੂੰ ਕਰਨ ਵਾਲਾ ਅਨਜਾਣ

ਹੋਵੇ ਤੇ ਉਸਦੇ ਸੰਦ ਭੀ ਬਹੁਤ ਭੈੜੇ ਹੋਣ ਤਾਂ ਕਿਹਾ ਜਾਂਦਾ ਹੈ।

(੧੩੮) ਅੰਨ੍ਹੀ ਮਾਂ ਪੁਤਾਂ ਦਾ ਮੂੰਹ ਨਾਂ ਧੋਵੇ।

ਜਦ ਕੋਈ ਮਾਂ ਆਪਣੀ ਭੈੜੀ ਉਲਾਦ ਦੀਆਂ ਕਰਤੂਤਾਂ ਤੇ ਪੜਦਾ ਪਾਵੇ ਤਾਂ ਉਸ ਤੇ ਘਟਾਉਂਦੇ ਹਨ।

(੧੩੯) ਅੰਨ੍ਹੀ ਰੂਹ ਤੇ ਗੰਦੇ ਫਰਿਸ਼ਤੇ।

ਦੇਖੋ:—ਅੰਨ੍ਹੀ ਦੇਵੀ ਨਕ ਵਢੇ ਪੁਜਾਰੀ।

(੧੪੦) ਅੰਨ੍ਹੇ ਅਗੇ ਰੋਣਾਂ ਅਖੀਆਂ ਦਾ ਖੋ।

ਜਦ ਕਿਸੇ ਅਜੇਹੇ ਆਦਮੀ ਅਗੇ ਦੁਖ ਫੋਲਿਆ ਜਾਵੇ ਜੋ ਉਸ ਗਲ ਨੂੰ ਜਾਂ ਤਾ ਸਮਝ ਨ ਸਕੇ ਤੇ ਜੇ ਸਮਝੇ ਤਾਂ ਕੋਈ ਪਰਵਾਹ ਨ ਕਰੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A nod is as good as a wink to a blind horse.

ਫਾਰਸੀ:—ਆਈਨਾ ਦਾਰੀ ਦਰ ਮਜਲਸੇ ਕੋਰਾਂ।

(੧੪੧) ਅੰਨ੍ਹੇ ਕੁਤੇ ਹਰਨਾ ਮਗਰ।

ਜਦ ਕੋਈ ਕੰਮ ਕਰਨ ਵਾਲਾ ਅਸਲ ਰਸਤੇ ਨੂੰ ਛਡ ਕੇ ਲਾਂਭੇ ਚਾਂਭੇ ਭਟਕਣ ਲਗ ਜਾਵੇ, ਤਾਂ ਕਹਿੰਦੇ ਹਨ।

ਭਾਵ ਹਰਨ ਪਿਛੇ ਰਹਿ ਗਿਆ ਤੇ ਕੁਤਾ ਅਗੇ ਨਸਾ ਜਾਂਦਾ ਹੈ।

(੧੪੨) ਅੰਨ੍ਹੇ ਖੂਹ ਵਿਚ ਇਟਾਂ ਨਹੀਂ ਮਾਰੀ ਦੀਆਂ।

ਅੰਨ੍ਹੇ ਵਾਹ ਕੰਮ ਕਰਨ ਵਾਲੇ ਨੂੰ ਸਮਝਾਉਣ ਲਈ ਵਰਤਦੇ ਹਨ ।

(੧੪੩) **ਅੰਨ੍ਹੇ ਦੀ ਜੋਰੂ ਰਬ ਰਖਵਾਲਾ।**

ਕਿਸੇ ਅਜੇਹੇ ਆਦਮੀ ਕੋਲ ਕੋਈ ਚੀਜ ਵੇਖ ਕੇ ਜੋ ਉਹ ਸਾਂਭ ਨ ਸਕਦਾ ਹੋਵੇ ਇਹ ਅਖਾਣ ਬੋਲਿਆ ਜਾਂਦਾ ਹੈ।

(੧੪੪) **ਅੰਨ੍ਹੇ ਦੀ ਰੀਝ ਗੁਲੇਲ ਉਤੇ।**

ਜਦ ਕੋਈ ਅਨਜਾਣ ਜਾ ਮੂਰਖ ਕਿਸੇ ਬੜੇ ਔਖੇ ਕੰਮ ਨੂੰ ਹਥ ਪਾਉਂਦਾ ਫਿਰੇ ਤਾਂ ਦੇਖਣ ਵਾਲੇ ਹਸਕੇ ਇਹ ਅਖਾਣ ਪਾਉਂਦੇ ਹਨ ।

(੧੪੫) **ਅੰਨ੍ਹੇ ਨੂੰ ਕਾਣਾਂ ਸੌ ਵਲ ਪਾਕੇ ਮਿਲਦਾ ਹੈ।**

ਇਕੋ ਜਿਹੇ ਖਿਆਲਾਂ ਦੇ ਦੋ ਆਦਮੀਆਂ ਦਾ ਆਪੋ ਵਿਚ ਮੇਲ ਮੁਹਬਤ ਹੋ ਜਾਵੇ ਤਾਂ ਇਹ ਅਖਾਣ ਬੋਲ ਦੇਂਦੇ ਹਨ ।

ਅੰਗ੍ਰੇਜ਼ੀ:—Bird of a feather flock together.

ਫਾਰਸੀ:—ਕੁਨਦ ਹਮ ਜਿਨਸ ਬ ਹਮ ਜਿਨਸ ਪ੍ਰਵਾਜ਼
ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼।

(੧੪੬) **ਅੰਨ੍ਹੇ ਨੂੰ ਮਾਂ ਮਸੀਤੇ (ਛਡ ਗਈ)।**

ਜਦ ਕੋਈ ਕਿਸੇ ਨੂੰ ਆਸ ਬੰਨ੍ਹਾ ਕੇ ਬੈਠਾ ਜਾਵੇ ਪਰ ਪਿਛੋਂ ਆ ਕੇ ਖਬਰ ਸੁਰਤ ਨ ਲਵੇ ਤਦ ਇਹ ਅਖਾਣ ਬੋਲਿਆ ਜਾਂਦਾ।

(੧੪੭) **ਅੰਬ ਖਾਣੇ ਨੇ ਕਿ ਪੇੜ ਗਿਣਨੇ ਨੇ**

ਜਦ ਕੋਈ ਆਦਮੀ ਆਪਣਾ ਅਸਲੀ ਮਤਲਬ ਛਡ ਉਲਟਾ ਵਾਲ ਦੀ ਖਲ ਲਾਹੁਣ ਲਗ ਜਾਵੇ, ਤਾਂ ਕਹਿੰਦੇਹਨ।

(੧੪੮) **ਅੰਬਰੋਂ ਡਿਗੀ ਧਰਤ ਪੜੱਛੀ।**

ਜਦ ਕਿਸੇ ਦਾ ਨੁਕਸਾਨ ਤਾਂ ਕੋਈ ਹੋਰ ਕਰੇ ਪਰ ਉਹ ਗੁਸਾ ਹੋਰ ਤੇ ਕਰਦਾ ਫਿਰੇ, ਤਾਂ ਕਹਿੰਦੇ ਹਨ।

ਵੇਖੋ:—ਡਿਗੀ ਖੋਤੇ ਤੋਂ ਗੁਸਾ ਘੁਮਿਆਰ ਤੇ।

(੧੪੯) **ਅੰਬਾਂ ਦੀ ਭੁਖ ਅੰਬਾਕੜੀਆਂ ਨਾਲ ਨਹੀਂ ਲਹਿੰਦੀ।**

ਜਦ ਕਿਸੇ ਨੂੰ ਸਧਰ ਜਾਂ ਉਡੀਕ ਹੋਵੇ ਕਿਸੇ ਬੜੇ ਸਨੇਹੀ ਦੇ ਮਿਲਣ ਦੀ, ਪਰ ਆ ਜਾਵੇ ਕੋਈ ਹੋਰ (ਜਿਹਾ ਕਿ ਜਵਾਈ ਦੇ ਥਾਂ ਉਸਦਾ ਭਾਈ, ਤਦ ਉਸਤੋਂ ਪਰੋਖੇ ਹੋਕੇ ਇਹ ਅਖਾਣ ਬੋਲਦੇ ਹਨ।

(੧੫੦) **ਅੰਬਾਂ ਵਿਚੋਂ ਅਕ ਨਿਕਲ ਆਇਆ।**

ਜਦ ਕਿਸੇ ਚੰਗੇ ਖਾਨਦਾਨ ਵਿਚ ਕੋਈ ਭੈੜੇ ਸੁਭਾ ਦਾ ਬੰਦਾ ਨਿਕਲ ਆਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A good cow may have an ill calf.

(੧੫੧) **ਅੰਮਾਂ ਜਾਏ ਪੰਜ ਪੁਤ ਕਰਮ ਨ ਦੇਂਦੀ ਵੰਡ।**

ਜਦ ਇਕੋ ਮਾਂ ਦੇ ਪੁਤ ਵਖ ਵਖ ਹਾਲਤਾਂ ਵਿਚ ਹੋਣ,

ਤਾਂ ਕਿਹਾ ਜਾਂਦਾ ਹੈ।

(੧੫੨) **ਅੰਮਾਂ ਨਾਲੋਂ ਧੀ ਸਿਆਣੀ, ਰਿਧੇ ਪਕੇ ਪਾਵੇ ਪਾਣੀ।**

ਜਦ ਕੋਈ ਵਡਿਆਂ ਦੇ ਛੋਹੇ ਹੋਏ ਕੰਮ ਨੂੰ ਚਾਲੂਰਖਣ ਦੀ ਥਾਂ ਉਸਦਾ ਸਤਿਆਨਾਸ ਕਰੇ, ਤਾਂ ਕਹਿੰਦੇ ਹਨ।

(੧੫੩) **ਅੰਮਾਂ ਨੀ ਅੰਮਾਂ, ਮੈਂ ਕੇਹੜੇ ਵੇਲੇ ਨਿਕੰਮਾਂ।**

ਜਦ ਕੋਈ ਵੇਹਲਾ ਬੰਦਾ ਕਹੇ ਕਿ ਮੈਨੂੰ ਵੇਹਲ ਨਹੀਂ, ਤਾਂ ਉਸ ਉਤੇ ਘਟਾਇਆ ਜਾਂਦਾ ਹੈ।

ਅੰਗ੍ਰੇਜ਼ੀ:—Idle folk have least leisure.

*****
* ੲ *
* *
*****

(੧) ਇਸ ਬਾਬਲ ਦਾ ਕੀ ਭਰਵਾਸਾ ਜੋ ਡੋਲੀ ਪਿਆਂ ਵੀ ਕਢੇ।

ਅਜੇਹਾ ਆਦਮੀ ਜੋ ਕਿਸੇ ਕੰਮ ਨੂੰ ਕਰਦਾ ਕਰਦਾ ਐਨ ਵੇਲੇ ਸਿਰ ਆਕੇ ਅਖਾਂ ਫੇਰ ਲੈਂਦਾ ਹੋਵੇ ਉਸ ਪਰ ਘਟਾਉਂਦੇ ਹਨ।

(੨) ਇਹ ਜੁਗ ਮਿਠਾ, ਅਗਲਾ ਕਿਨ ਡਿਠਾ।

ਜਦ ਕੋਈ ਆਦਮੀ ਮੌਤ ਦੇ ਪਿਛੋਂ ਦਾ ਹਾਲ ਭੁਲਕੇ ਪਾਪ ਕਰਨ ਲਗ ਪਵੇ, ਤਾਂ ਉਸ ਉਪਰ ਇਹ ਅਖਾਣ ਘਟਾਉਂਦੇ ਹਨ।

ਅੰਗ੍ਰੇਜ਼ੀ—: Think of present, tomorrow will take care of itself.

ਉਰਦੂ:—ਅਬ ਤੋ ਆਰਾਮ ਸੇ ਗੁਜਰਤੀ ਹੈ ਅਕਬਤ ਕੀ ਖਬਰ ਖੁਦਾ ਜਾਨੇ।

(੩) ਇਕ ਇਕ ਤੇ ਦੋ ਯਾਰਾਂ।

ਦੋ ਏਕੇ ਨਾਲੋ ਨਾਲ ਜੋੜਿਆਂ,(ਜਿਸ ਤਰਾਂ,੧੧)ਯਾਰਾਂ ਬਣ ਜਾਂਦੇ ਹਨ, ਇਸੇ ਤਰਾਂ ਏਕੇ ਦੀ ਬਰਕਤ ਸਮਝਾਉਣ ਲਈ ਵਰਤਦੇ ਹਨ।

ਅੰਗ੍ਰੇਜ਼ੀ:—Union is strength.

ਫਾਰਸੀ:—ਦੋ ਦਿਲ ਚੁ ਯਕ ਸ਼ਵੰਦ ਬਿ ਸ਼ਿਕ

ਨੰਦ ਦੋ ਹਰਾਂ।

(੪) ਇਕ ਇਕੱਲਾ ਦੂਜਾ ਭਲਾ, ਤੀਜਾ ਰਲਿਆ ਝੁਗਾ ਗਲਿਆ।

ਕਿਸੇ ਭੇਤ ਨੂੰ ਤੀਜੇ ਆਦਮੀ ਦੇ ਕੰਨਾਂ ਤਕ ਜਾਣ ਤੋਂ ਰੋਕਣ ਲਈ ਕਹਿੰਦੇ ਹਨ।

(੫) ਇਕ ਸਪ ਦੂਆ ਉੱਡਣਾਂ।

ਜਦ ਕਿਸੇ ਬੰਦੇ ਵਿਚ ਦੋ ਔਗੁਣ ਇਕ ਦੂਜੇ ਤੋਂ ਚੜ੍ਹਦੇ ਕਠੇ ਹੀ ਆਉਣ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—A pimple grown on an ulcer.

(੬) ਇਕ ਸੀ ਅਗੇ ਆਲੀ ਭੋਲੀ, ਦੂਜੇ ਪੈ ਗਈ ਮੜ੍ਹੀਆਂ ਦੇ ਰਾਹ।

ਦੇਖੋ.—ਇਕ ਕਮਲੀ ਦੂਜੇ ਪੈ ਗਈ ਮੜ੍ਹੀਆਂ ਦੇ ਰਾਹ।

(੭) ਇਕ ਹਥ ਤਾਉੜੀ ਨਹੀਂ ਵਜਦੀ।

ਜਦ ਏਹ ਸਮਝਾਉਣਾ ਹੋਵੇ ਕਿ ਜੇ ਦੂਜੇ ਪਾਸਿਓਂ ਜਵਾਬ ਨਾ ਦਿਤਾ ਜਾਵੇ ਤਾਂ ਲੜਾਈ ਵਧ ਹੀ ਨਹੀਂ ਸਕਦੀ, ਤਾਂ ਇਹ ਅਖਾਣ ਵਰਤਦੇ ਹਨ।

ਜਾਂ ਜਦ ਇਹ ਦਸਣਾ ਹੋਵੇ ਕਿ ਦੋਹਾਂ ਪਾਸਿਆਂ ਤੋਂ ਰਲਕੇ ਕੰਮ ਹੁੰਦਾ ਹੈ, ਤਾਂ ਬੋਲਦੇ ਹਨ।

ਫ਼ਾਰਸੀ:—ਅਜ਼ ਯਕ ਦਸਤ ਸਦਾ ਬਰ ਨਮੀ ਅਇਦ।

(੮) ਇਕ ਕਮਲੀ ਦੂਜੇ ਪੈ ਗਈ ਮੜ੍ਹੀਆਂ ਦੇ ਰਾਹ।

ਜਦ ਇਕ ਇੰਞਾਣ ਆਦਮੀ ਨੂੰ ਬਹੁਤ ਹੀ ਔਖੇ ਕੰਮ ਲਾ ਦਿਤਾ ਜਾਵੇ, ਤੇ ਉਸ ਪਾਸੋਂ ਕੰਮ ਵਿਗੜ ਜਾਵੇ, ਤਾਂ ਆਖਦੇ ਹਨ।

(੯) ਇਕ ਕਰੇਲਾ ਦੂਆ ਨਿੰਮ ਚੜ੍ਹਿਆ।

ਦੇਖੋ:—ਇਕ ਸਪ ਦੂਆ ਉੱਡਣਾਂ।

(੧੦) ਇਕ ਚਣਾ ਹੇੜ ਕਬੂਤਰਾਂ ਦੀ।

ਦੇਖੋ:—ਇਕ ਨਿੰਬੂ ਪਿੰਡ ਭੁਸਿਆਂ ਦਾ।

(੧੧) ਇਕ ਚੁਪ ਤੇ ਸੌ ਸੁਖ।

ਜਿਸ ਨੂੰ ਚੁਪ ਕਰਨ ਦਾ ਉਪਦੇਸ਼ ਦੇਣਾ ਹੋਵੇ, ਉਸ ਨੂੰ ਸੁਣਾਉਂਦੇ ਹਨ।

ਅੰਗ੍ਰੇਜ਼ੀ:—Silence is gold.

ਫਾਰਸੀ:—ਹੇਚ ਆਫਤ ਨਾਰਸਤ ਗੋਸ਼ਾਏ ਤਨਹਾਈਰਾ।

(੧੨) ਇਕ ਦਰ ਬੰਦ ਸਹੰਸ ਦਰ ਖੁਲਾ।

ਸਹੰਸ = ਹਜ਼ਾਰ। ਦਰ = ਦਰਵਾਜ਼ਾ।

ਜਦ ਕਿਸੇ ਆਦਮੀ ਦਾ ਕੋਈ ਇਕ ਆਸਰਾ ਟੁਟ ਜਾਵੇ, ਤਾਂ ਉਹ ਕਹਿੰਦਾ ਹੈ।

ਭਾਵ ਇਹ ਕਿ ਮੈਂ ਹੁਣ ਹਰ ਦਰਵਾਜ਼ੇ ਤੇ ਮੰਗ ੨ ਕੇ ਗੁਜ਼ਾਰਾ ਕਰ ਲਵਾਂਗਾ।

ਫਾਰਸੀ:- ਸਦ ਦਰ, ਸ਼ਵਦ ਕੁਸ਼ਾਦਾ ਚੂੰ ਬਸਤੀ, ਸ਼ਵਦ ਦਰੇ।

(੧੩) **ਇਕ ਦਾ ਮੂੰਹ ਖੰਡ ਨਾਲ ਭਰ ਸਕੀਦਾ ਹੈ, ਬਹੁਤਿਆਂ ਦਾ ਸਵਾਹ ਨਾਲ ਭੀ ਨਹੀਂ ਭਰ ਸਕੀਦਾ।**

ਦੇਖੋ:—ਊਠਾਂ ਨੂੰ ਕਿਨ ਛਪਰ ਛਾਏ।

(੧੪) **ਇਕ ਦਿਨ ਪ੍ਰਾਹੁਣਾ, ਦੂਜੇ ਦਿਨ ਡਰਾਉਣਾ, ਤੀਜੇ ਦਿਨ ਦਾਦੇ ਮਘਾਉਣਾ।**

ਕੋਈ ਪ੍ਰਾਹੁਣਾ ਕਿਤੇ ਬਹੁਤ ਸਾਰਾ ਚਿਰ ਅੱਡਾ ਲਾਕੇ ਬੈਠਾ ਰਹੇ, ਤਾਂ ਉਸ ਉਤੇ ਘਟਾਇਆ ਜਾਂਦਾ ਹੈ।

ਅੰਗ੍ਰੇਜ਼ੀ:—One day guest, next day a pest.

ਫਾਰਸੀ:—ਮਿਹਮਾਨ ਅਜੀਜ਼ ਅਸਤ ਮਗਰ ਤਾ ਸਿਹ ਰੋਜ਼।

(੧੫) **ਇਕ ਨਿੰਬੂ ਪਿੰਡ ਭੁਸਿਆਂ ਦਾ।**

ਭੁਸਿਆਂ = ਭੁਸ ਦੇ ਰੋਗੀ, ਜਿਨ੍ਹਾਂ ਦਾ ਪੇਟ ਵਧਕੇ ਰੰਗ ਪੀਲਾ ਜਿਹਾ ਪੈ ਜਾਵੇ। ਇਸ ਰੋਗ ਦੀ ਦਵਾਈ ਨਿੰਬੂ ਹੈ, ਜਦ ਥੋੜੀ ਜੇਹੀ ਚੀਜ਼ ਤੇ ਬਹੁਤ ਸਾਰੇ ਲੋਕ ਡਿਗ ਡਿਗ ਪੈਣ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—One post and hundred candidates.

ਫਾਰਸੀ:—(੧) ਯਕ ਅਨਾਰ ਵ ਸਦ ਬੀਮਾਰ।

(ਅ) ਯਕ/ਸ਼ਤ ਵ ਹਜਾਰ ਸੌਦਾ।

(੧੬) ਇਕ ਨੂਰ ਆਦਮੀ ਤੇ ਸੌ ਨੂਰ ਕਪੜਾ, ਹਜਾਰ ਰੂਪ ਗਹਿਣਾ ਤੇ ਲਖ ਰੂਪ ਨਖਰਾ।

ਜਦ ਇਹ ਸਮਝਾਉਣਾ ਹੋਵੇ ਕਿ ਚੰਗੇ ਕਪੜੇ ਨਾਲ ਆਦਮੀ ਸੌ ਗੁਣਾਂ ਚੰਗਾ ਲਗਦਾ ਹੈ, ਤਾਂ ਬੋਲਦੇ ਹਨ।

ਅੰਗ੍ਰੇਜ਼ੀਃ—Fair feathers make fair fowls.

ਫਾਰਸੀਃ—ਅਲ ਨਾਸ, ਬਿ ਲਬਾਸ,

(੧੭) ਇਕ ਨੂੰ ਕੀ ਰੋਨੀ ਏਂ ਊਤ ਗਿਆ ਈ ਆਵਾ।

ਜਦ ਇਕ ਦੀ ਭੁਲ ਸੁਧਾਰਦਿਆਂ ੨ ਏਹ ਪਤਾ ਲਗੇ, ਕਿ ਸਭ ਦਾ ਏਹੋ ਹੀ ਹਾਲ ਹੁੰਦਾ ਜਾਂਦਾ ਹੈ, ਜਾਂ ਹੋ ਚੁਕਾ ਹੈ, ਤਾਂ ਬੋਲਦੇ ਹਨ।

ਆਵੇ ਤੋਂ ਭਾਵ ਸਾਰਾ ਖਾਨਦਾਨ ਹੈ।

(੧੮) ਇਕ ਪੰਥ ਦੋ ਕਾਜ।

ਇਕ ਕੰਮ ਕਰਦਿਆਂ ਜਦ ਨਾਲ ਕੋਈ ਹੋਰ ਲਾਭ ਭੀ ਨਿਕਲ ਆਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀਃ--To kill two birds with one stone.

ਫਾਰਸੀਃ--ਚੇ ਖੁਸ਼ ਬਵਦ ਕਿ ਅਇਦ ਬਯਕ ਕਰਿਸ਼ਮਾਂ ਦੋ ਕਾਰ।

(੧੯) ਇਕ ਬੇਲੇ ਵਿਚ ਦੋ ਸ਼ੇਰ ਨਹੀਂ ਰਹਿੰਦੇ।

ਜਦ ਇਕੋ ਥਾਂ ਵਿਚ ਦੋ ਬੰਦੇ ਪੈਂਚ ਬਣ ਬਣ ਬਹਿਣ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀਃ—Two of a trade seldom agree.

ਫਾਰਸੀਃ—ਦਹ ਦਰਵੇਸ਼ ਦਰ ਯਕ ਗਲੀਮ ਮੇਂਗੰਜਦ। ਵ ਦੋ ਬਾਦਸਾਹ ਦਰ ਯਕ ਕਲੀਮ ਨਮੀਂ ਗੰਜਦ।

(੨੦) ਇਕ ਬੋਟੀ ਸੌ ਕੁਤੇ।

ਦੇਖੋਃ—ਇਕ ਨਿੰਬੂ ਪਿੰਡ ਭੁਸਿਆਂ ਦਾ।

(੨੧) ਇਕ ਮਛੀ ਸਾਰਾ ਜਲ ਗੰਦਾ ਕਰ ਦੇਂਦੀ ਹੈ।

ਜਦ ਇਕ ਭੈੜਾ ਆਦਮੀ, ਆਪਣੇ ਕੁਲੱਛਣਾਂ ਨਾਲ ਬਾਕੀ ਦੇ ਸਾਥੀਆਂ ਦਾ ਇਤਬਾਰ ਭੀ ਗਵਾ ਦੇਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀਃ—Rotten sheep infects the whole flock..

ਫਾਰਸੀਃ—(ੳ) ਅਗਰ ਬਿਰਕਾਏ ਪੁਰ ਕੁਨੰਦ ਅਜ਼ ਗੁਲਾਬ। ਸਗੇ ਦਰ ਵੈ, ਉਫਤਦ, ਕੁਨੰਦ ਮਿੰਜਲਾਬ।

(ਅ) ਚੂੰ ਅਜ਼ ਕੌਮੇਂ ਯਕੇ ਬੇਦਾਨਸ਼ੀ ਕਰਦ ਨ ਕਿਹਰਾ ਮੰਜ਼ਲਤ ਮਾਨਦ, ਨ ਮੇਹਰਾ।

(੨੨) ਇਕ ਮਛ ਲਿਬੜੀ ਸਤਾਂ ਨੂੰ ਲਬੇੜ-ਦੀ ਹੈ।

ਵੇਖੋਃ—ਇਕ ਮਛੀ ਸਾਰਾ ਜਲ ਗੰਦਾ ਕਰ ਦੇਂਦੀ ਹੈ।

(੨੩) ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਮਿਓਂਦੀਆਂ।

ਵੇਖੋਃ—ਇਕ ਬੇਲੇ ਵਿਚ ਦੋ ਸ਼ੇਰ ਨਹੀਂ ਰਹਿੰਦੇ।

(੨੪) ਇਕ ਵੇ ਜਟਾ ਦੋ ਵੇ ਜਟਾ, ਤੀਜੀ ਵਾਰੀ ਪਿਆ ਘਟਾ।

ਜਦ ਕੋਈ ਆਦਮੀ ਬਾਰ ਬਾਰ ਭੁਲ ਕਰੀ ਜਾਵੇ ਤਾਂ ਉਸਨੂੰ ਸਮਝਾਉਣ ਲਈ ਕਿ ਹੁਣ ਤੂੰ ਇਸ ਗਲ ਦਾ ਪਿਛਾ ਛਡ ਦੇਹ ਇਹ ਅਖਾਣ ਕਹਿੰਦੇ ਹਨ।

ਫਾਰਸੀਃ-:ਆਜਮੂਦ੍ਹਾ ਰਾ ਅਜਮੂਦਨ ਜੇਹਲ ਅਸਤ।

(੨੫) ਇਕੋ ਅੰਡਾ ਉਹ ਭੀ ਗੰਦਾ।

ਜਦ ਕਿਸੇ ਦਾ ਇਕੋ ਇਕ ਸਹਾਰਾ ਹਥੋਂ ਨਿਕਲਦਾ ਤਦ ਇਹ ਅਖਾਣ ਵਰਤਦੇ ਹਨ।

ਅੰਗ੍ਰੇਜ਼ੀਃ-But one egg and that too addled.

(੨੬) ਇਕੋ ਈ ਚੂੰਢੀ ਵੱਢਾਂ, ਨੌ ਮਣ ਲਹੂ ਕੱਢਾਂ।

ਜਦ ਇਕ ਆਦਮੀ ਬਹੁਤ ਵਾਰੀ ਦੂਸਰੇ ਦਾ ਥੋੜਾ ਨੁਕਸਾਨ ਕਰੇ, ਪਰ ਦਸਰਾ ਇਕੋ ਵਾਰ ਵਿਚ ਸਾਰੀ ਕਸਰ ਕਢ ਲਵੇ, ਤਾਂ ਬੋਲਦੇ ਹਨ।

(੨੭) ਇਕੋ ਤਵੇ ਦੀ ਰੋਟੀ, ਕੀ ਵਡੀ ਕੀ ਛੋਟੀ।

ਜਦ ਏਹ ਦਸਣਾ ਹੋਵੇ ਕਿ ਕੋਈ ਦੋ ਚੀਜਾਂ ਲਗ ਭਗ ਇਕੋ ਜਿਹਾ ਨੁਕਸਾਨ ਪੁਚਾਉਣ ਵਾਲੀਆਂ ਹਨ, ਤੇ ਜੇ ਕੋਈ ਫਰਕ ਭੀ ਹੈ, ਤਾਂ ਬਹੁਤ ਥੋੜਾ ਹੈ, ਤਾਂ ਕਹਿੰਦੇ ਹਨ।

(੨੮) ਇਕੋ ਦਾਦੂ ਬਾਹਰੇ ਖੇਹ ਉਡੀ ਮੁਲਾਂ ਵਾਲੇ।

ਬਾਹਰੇ = ਬਿਨਾਂ। ਮੁਲਾਂ ਵਾਲੇ = ਇਕ ਪਿੰਡ ਜੋ ਕਿ ਦਾਦੂ ਭਗਤ ਦੇ ਰਹਿਣ ਦਾ ਥਾਂ ਸੀ।

ਦਾਦੂ ਜੀ ਮਰਾਸੀਆਂ ਦੀ ਚੰਗੀ ਕਦਰ ਕਰਦੇ ਸੀ। ਇਕ ਵਾਰੀ ਉਨ੍ਹਾਂ ਦੇ ਚਲਾਣੇ ਪਿਛੋਂ ਕੋਈ ਮਰਾਸੀ ਗਿਆ, ਉਸਦੀ ਅਗੇ ਵਾਲੀ ਕਦਰ ਕਿਸੇ ਨ ਕੀਤੀ, ਓਦੋਂ ਦਾ ਕਿਸੇ ਇਕ ਉਸ ਦਾ ਬਣਾਇਆ ਏਹ ਅਖਾਣ ਹੈ।

(੨੯) ਇਕੋ ਪੁਤ ਸੋ ਬਲੀਂ ਵਿਆਹਿਆ।

ਬਲ = ਜਟਾਂ ਦੀ ਇਕ ਜਾਤ ਹੈ, ਜੋ ਕਿਸੇ ਸਮੇਂ ਬਾਕੀ ਦੀਆਂ ਜਟ ਜਾਤਾਂ ਵਲੋਂ ਛੇਕੀ ਹੋਈ ਸੀ। ਜਿਸ ਕਿਸੇ ਦਾ ਪੁਤ ਬਲੀਂ ਵਿਆਹਿਆ ਜਾਂਦਾ ਸੀ ਉਹ ਭੀ ਛੇਕਿਆ ਜਾਂਦਾ ਸੀ।

ਦੇਖੋ:—ਇਕ ਅੰਡਾ ਉਹ ਭੀ ਗੰਦਾ।

(੩੦) ਇੱਟ ਚੁਕਦੇ ਨੂੰ ਪੱਥਰ (ਜਾਂ ਵੱਟਾ)

ਜੇ ਕੋਈ ਆਪਣੇ ਵੈਰੀ ਨੂੰ ਅਗੋਂ ਦੂਣਾ ਹੋ ਕੇ ਟਕਰੇ, ਤਾਂ ਬੋਲਦੇ ਹਨ। ਉਂਞ ਉਪਦੇਸ਼ ਭੀ ਹੈ ਕਿ ਜਿਹੋ ਜਿਹਾ ਕਿਸੇ ਨਾਲ ਵਰਤੋਗੇ, ਉਹ ਤੁਹਾਡੇ ਨਾਲ ਓਹੋ ਜਿਹਾ ਵਰਤਾਉ ਕਰੇਗਾ।

ਅੰਗ੍ਰੇਜ਼ੀ:—(*a*) Blows will answer blows.
(*b*) Tit for tat.

(੩੧) ਇੱਟ ਦੀ ਦੇਣੀ ਪੱਥਰ ਦੀ ਲੈਣੀ।

ਦੇਖੋ:--ਇਟ ਚੁਕਦੇ ਨੂੰ ਪਥਰ।

(੩੨) ਇੱਟ ਨੂੰ ਕੀ ਰੋਨੀ ਏਂ, ਔਂਤ ਗਿਆ ਈ ਆਵਾ।

ਦੇਖੋ:—ਇਕ ਨੂੰ ਕੀ ਰੋਨੀਏਂ ਊਤ ਗਿਆ ਈ ਆਵਾ।

(੩੩) ਇੱਟਾਂ ਨਾਲ ਪਕੌੜੇ ਨਹੀਂ ਖਾਈਦੇ।

ਜਦ ਕੋਈ ਆਦਮੀ ਅਗ ਪਾਣੀ ਦਾ ਮੇਲ ਕਰੇ ਜਾਂ ਅਜੋੜ ਜੋੜ ਜੋੜੇ, ਤਾਂ ਕਹਿੰਦੇ ਹਨ।

(੩੪) ਇਨ੍ਹਾਂ ਤਿਲਾਂ ਵਿਚ ਤੇਲ ਨਹੀਂ।

ਜਦ ਕਿਸੇ ਦੀ ਆਸ ਪੂਰੀ ਨ ਹੁੰਦੀ ਜਾਪੇ, ਤਾਂ ਉਹ ਕਹਿੰਦਾ ਹੈ।

(੩੫) ਇਨ੍ਹੀਂ ਘਰਾਟੀਂ ਇਹੋ ਜਿਹਾ ਪੀਸਦਾ ਹੈ।

ਜਦ ਕਿਸੇ ਦੀ ਸੁਭਾਵਕ ਖਰਾਬੀ ਨੂੰ ਦੂਰ ਨ ਕੀਤਾ ਜਾ ਸਕੇ, ਤਾਂ ਕਹਿੰਦੇ ਹਨ।ਭਾਵ ਇਸ ਤੋਂ ਚੰਗਾ ਕੰਮ ਹੋਣ ਦੀ

ਆਸ ਹੀ ਵਿਅਰਥ ਹੈ।

(੩੬) ਇੰਨਾ ਪਕਾ ਜੇਹੜਾ ਬੇਹਾ ਤਰੱਕਾ।

ਜਦ ਕਿਸੇ ਪਾਸੋਂ ਮੰਗ ਕੀਤੀ ਜਾਵੇ, ਪਰ ਉਸ ਪਾਸ ਆਪਣੇ ਗੁਜ਼ਾਰੇ ਨਾਲੋਂ ਭੀ ਘਟ ਚੀਜ ਹੋਵੇ, ਤਦ ਉਸਦੀ ਲਚਾਰੀ ਪਰ ਏਹ ਅਖਾਣ ਬੋਲਦੇ ਹਨ।

(੩੭) ਇੱਲ ਦਾ ਨਨਾਣਵਈਆ ਕਾਂ।

ਜਦ ਕਿਸੇ ਮਾੜੇ ਆਦਮੀ ਦੀ ਮਦਤ ਉਪਰ ਕੋਈ ਉਜੇਹਾ ਹੀ ਬੰਦਾ ਬੋਲੇ, ਤਾਂ ਕਹਿੰਦੇ ਹਨ।

ਜੇਹਾ ਕੁ:—ਖਵਾਜੇ ਦਾ ਗਵਾਹ ਡੱਡੂ।

(੩੮) ਇੱਲ ਦਾ ਨਾਂ ਕੋਕੋ ਨਹੀ ਜਾਣਦਾ।

ਜਦ ਕਿਸੇ ਨੂੰ ਬਹੁਤ ਹੀ ਬੁਧੂ ਦਸਣਾ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—He knows not B from a Bull's foot.

(੩੯) ਇੱਲ ਮੰਡਾ ਲੈ ਗਈ ਜਠੇਰਿਆਂ ਦੇ ਨਾਂ।

ਜਠੇਰੇ = ਵਡ ਵਡੇਰੇ, ਪਿਤਰ।

ਜਦ ਕਿਸੇ ਨੁਕਸਾਨ ਹੋਈ ਚੀਜ ਦਾ ਅਹਿਸਾਨ ਕਿਸੇ ਹੋਰ ਦੇ ਸਿਰ ਚੜ੍ਹਾਇਆ ਜਾਵੇ, ਤਾਂ ਕਹਿੰਦੇ ਹਨ।

ਫਾਰਸੀ:—ਆਹੂਏ ਨ ਗਰਿਫਤਾ ਮੀ ਬਖਸ਼ਦ।

(੪੦) ਇੱਲਾਂ ਦੇ ਆਹਲਣਿਓਂ ਮਾਸ ਦੀਆਂ ਮੁਰਾਦਾਂ।

ਕੋਈ ਆਦਮੀ ਅਜੇਹੀ ਥਾਂ ਤੋਂ ਕੋਈ ਚੀਜ ਲਭੇ, ਜਿਥੇ ਅਗੇ ਹੀ ਉਸਦੇ ਲੁਟੇਰੇ ਬੈਠੇ ਹੋਣ, ਤਾਂ ਕਿਹਾ ਜਾ ਸਕਦਾ ਹੈ ।

੪੧) ਈਸਬਗੋਲ ਤੇ ਕੁਝ ਨ ਫੋਲ ।

ਈਸਬਗੋਲ ਨੂੰ ਛਿਲਿਆਂ ਵਿਚੋਂ ਕੋਈ ਦਾਣੇ ਆਦਿਕ ਨਹੀਂ ਨਿਕਲਦੇ । ਜਦ ਕੋਈ ਦੁਖ ਪੁਛੇ, ਤਾ ਦੁਖ ਬਹੁਤਾ ਦਸਣ ਲਈ ਕਹਿੰਦੇ ਹਨ । ਭਾਵ ਏਹ ਕਿਚੁਪਹੀ ਭਲੀ ਹੈ ।

(੪੨) ਈਦੋਂ ਬਾਦ ਤੰਬਾ ਫੂਕਣ ਲਈ ।

ਜਦ ਕਿਸੇ ਚੀਜ ਦੀ ਲੋੜ ਦਾ ਵੇਲਾ ਲੰਘ ਜਾਵੇ, ਤੇ ਉਸਤੋਂ ਬਹੁਤ ਪਿਛੋਂ ਕੋਈ ਉਹੋ ਸ਼ੈ ਲਿਆ ਮਥੇ ਮਾਰੇ, ਤਾਂ ਕਹਿੰਦੇ ਹਨ ।

ਫਾਰਸੀ:–ਮੁਸ਼ਤੇ ਕਿ ਬਾਦ ਅਜ਼ ਜੰਗ ਯਾਦ ਆਇਦ,
ਬਰ ਕੱਲਾ ਏ ਖੁਦ ਬਾਇਜ਼ ਜ਼ਦ ।

*****
* ਸ *
*   *
*****

(੧) ਸਸਤਾ ਰੋਵੇ ਵਾਰ ਵ੍ਾਰ, ਮਹਿੰਗਾ ਰੋਵੇ ਏਕ ਵਾਰ ।

(ਜਦ ਕੋਈ ਸਸਤੀ ਚੀਜ਼ ਖਰਾਬ ਨਿਕਲੇ ਜਾਂ ਕਿਸੇ ਮਹਿੰਗੀ ਚੀਜ਼ ਲਈ ਉਕਸਾਉਣਾ ਹੋਵੇ, ਤਦ ਵਰਤਦੇ ਹਨ)

ਫਾਰਸੀ:—ਅਰਜਾਂ ਬ ਇਲਤ ਗਿਰਾਂ ਬ ਹਿਕਮਤ ।

ਅੰਗ੍ਰੇਜ਼ੀ:—A cheap buyer takes a bad meat.

(੨) ਸਸ ਤੋਂ ਚੋਰੀ ਆਈ ਹਾਂ ਜਵਾਂ ਤੋਂ ਕਣਕ ਵਟਾ ਦੇ ।

ਜਦ ਕੋਈ ਆਦਮੀ ਉਪਰੋਂ ਇਹ ਪਰਗਟ ਕਰੇ ਕਿ ਮੈਂ ਘਾਟਾ ਉਠਾਉਣ ਨੂੰ ਤਿਆਰ ਹਾਂ ਪਰ ਅਸਲ ਵਿਚ ਅਗਲੇ ਦੇ ਹੀ ਕਪੜੇ ਲਾਹੁਣੇ ਚਾਹੇ, ਤਦ ਇਹ ਅਖਾਣ ਵਰਤੀਦਾ ਹੈ।

(੩) ਸਸ ਦੀਆਂ ਮੇਲਣਾਂ, ਜੁਲਾਹੀਆਂ ਤੇ ਤੇਲਣਾਂ ।

ਕਿਸੇ ਆਦਮੀ ਦੇ ਭੈੜੇ ਮੇਲੀ ਵੇਖਕੇ ਕਿਹਾ ਜਾ ਸਕਦਾ ਹੈ।

(੪) ਸਸ ਨਹੀਂ ਸੰਗ ਚਲਾਂ, ਸਹੁਰਾ ਨਹੀਂ ਘੁੰਡ ਕਢਾਂ ।

ਇਹ ਅਖਾਣ ਉਹ ਤੀਵੀਂ ਵਰਤਦੀ ਹੈ ਜਿਸ ਦੇ ਸਿਰ ਤੇ ਕੋਈ ਆਦਮੀ ਨਾ ਹੋਵੇ ਜਾਂ ਜਿਸ ਨੂੰ ਕਿਸੇ ਦਾ ਡਰ ਨਾ ਹੋਵੇ।

(੫) ਸਸ ਨ ਨਿਣਾਨ ਵਹੁਟੀ, ਆਪੇ ਹੀ ਪਰਧਾਨ।

ਕਿਸੇ ਨੂੰ ਆਪਣੇ ਆਪ ਹੀ ਸਾਰੇ ਕੰਮ ਦਾ ਕਾਰ ਮੁਖਤਿਆਰ ਹੋਇਆ ਵੇਖਕੇ ਕਹਿੰਦੇ ਹਨ ।

(੬) ਸਸੇ ਨੀ ਮੈਂ ਥਕੀ, ਛਡ ਚਰਖਾ ਤੇ ਝੋ ਚਕੀ।

ਵੇਖੋ:-ਉਠ ਨੀ ਨੂੰਹੇਂ ਨਿਸਲ ਹੋ, ਚਰਖਾ ਛਡ ਤੇ ਚਕੀ ਝੋ ।

(੭) ਸਹਿ ਕੀ ਸਾਰ ਸੁਹਾਗਨ ਜਾਨੈ। (ਗੁਰਬਾਣੀ)

ਵਿਧਵਾ ਤ੍ਰੀਮਤਾਂ ਆਪਣੇ ਪਤੀਆਂ ਦੀ ਯਾਦ ਵਿਚ ਕਈ ਵਾਰੀ ਕਹ ਦੇਂਦੀਆਂ ਹਨ। ਭਾਵ ਮੈਂ ਨਿਭਾਗਣ ਇਨ੍ਹਾਂ ਸੁਖਾਂ ਨੂੰ ਕੀ ਜਾਣਾਂ ?

(੮) ਸਹਿਜ ਪਕੇ ਸੋ ਮੀਠਾ ਹੋਇ। (ਗੁਰਬਾਣੀ)

ਜਦ ਕੋਈ ਕੰਮ ਸਹਜੇ ਕਰਨ ਦਾ ਉਪਦੇਸ਼ ਦੇਣਾ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:-Slow and steady wins the race.

ਫਾਰਸੀ:-ਦੇਰ ਆਇਦ ਦਰੁਸਤ ਆਇਦ ।

(੯) ਸ਼ਹੁਰਾ ਨ ਸਾਲਾ, ਮੈਂ ਆਪੇ ਹੀ ਘਰ ਵਾਲਾ।

ਦੇਖੋ:—ਸਸ ਨ ਨਿਣਾਨ ਵਹੁਟੀ ਆਪੇ ਪ੍ਰਧਾਨ,ਲਾਇਕ ਦੀ

(੧੦) ਸਹੇ ਦੀ ਨਹੀਂ, ਮੈਨੂੰ ਪਹੇ ਦੀ ਪਈ ਹੋਈ ਏ।

ਜਦ ਥੋੜ੍ਹੇ ਜਿਹੇ ਨੁਕਸਾਨ ਨੂੰ ਵੇਖਕੇ ਕੋਈ ਚੇਤੰਨ ਹੋ ਜਾਵੇ ਕਿ ਮਤਾਂ ਅਗੇ ਨੂੰ ਇਹ ਚਾਲ ਹੀ ਨ ਪੈ ਜਾਵੇ, ਤਾਂ ਕਹਿੰਦੇ ਹਨ।

ਇਕ ਜ਼ਿਮੀਂਦਾਰ ਸਹੇ ਨੂੰ ਪੈਲੀ ਵਿਚਦੀ ਲੰਘਦਾ ਦੇਖ ਕੇ ਰੋਕ ਪਾਉਂਦਾ ਹੈ ਕਿ ਇਸ ਦੀ ਰੀਸੇ ਆਮ ਲਾਂਘਾ (ਪਹਿਆ) ਨ ਪੈ ਜਾਵੇ।

(੧੧) ਸਕਿਆਂ ਦੇ ਸਕ ਲਾਹੁਣੇ ਹਨ ?

ਜੇ ਕੋਈ ਸਾਕ ਵੇਲੇ ਸਿਰ ਸਹਾਇਤਾ ਨ ਕਰੇ, ਤਾਂ ਕਹਿੰਦੇ ਹਨ। ਭਾਵ ਔਖ ਸੌਖ ਦੇ ਸਹਾਰੇ ਵਾਸਤੇ ਹੀਸਾਕ ਅੰਗ ਬਣਾਈ ਦੇ ਹਨ, ਸਕ ਲਾਹਕੇ ਤਾਂ ਬਾਲੇ ਹੀ ਨਹੀਂ ਜਾਂਦੇ।

(੧੨) ਸਖੀ ਸੂਮ ਦਾ ਲੇਖਾ ਬਰਾਬਰ ਹੋਇਆ।

ਜਦ ਕੋਈ ਸੂਮ ਆਪਣੀ ਚੀਜ ਐਂਵੇ ਗਵਾ ਬੈਠੇ ਤਾਂ ਬੋਲਦੇ ਹਨ। ਭਾਵ ਸਖੀ (ਉਦਾਰ) ਇਕੋ ਵਾਰ ਦੇ ਦੇਂਦਾ ਹੈ ਪਰ ਸੂਮ (ਕੰਜੂਸ) ਹੌਲੀ ੨ ਕਰਕੇ ਦੇਂਦਾ ਹੈ।

ਜੇਹਾ ਕੁ:— ਜਟ ਗੰਨਾ ਨਹੀਂ ਦੇਂਦਾ ਗੁੜ ਦੀ ਰੋੜੀ ਦੇ ਦੇਂਦਾ ਹੈ।

ਇਹ ਅਖਾਣ ਉਹ ਤੀਵੀਂ ਵਰਤਦੀ ਹੈ ਜਿਸ ਦੇ ਸਿਰ ਤੇ ਕੋਈ ਆਦਮੀ ਨਾ ਹੋਵੇ ਜਾਂ ਜਿਸ ਨੂੰ ਕਿਸੇ ਦਾ ਡਰ ਨਾ ਹੋਵੇ।

(੫) ਸਸ ਨ ਨਿਣਾਨ ਵਹੁਟੀ, ਆਪੇ ਹੀ ਪਰਧਾਨ।

ਕਿਸੇ ਨੂੰ ਆਪਣੇ ਆਪ ਹੀ ਸਾਰੇ ਕੰਮ ਦਾ ਕਾਰ ਮੁਖਤਿਆਰ ਹੋਇਆ ਵੇਖਕੇ ਕਹਿੰਦੇ ਹਨ ।

(੬) ਸਸੇ ਨੀ ਮੈਂ ਥਕੀ, ਛਡ ਚਰਖਾ ਤੇ ਝੋ ਚਕੀ।

ਦੇਖੋ:—ਉਠ ਨੀ ਨੂੰਹੇਂ ਨਿਸਲ ਹੋ, ਚਰਖਾ ਛਡ ਤੇ ਚਕੀ ਝੋ ।

(੭) ਸਹਿ ਕੀ ਸਾਰ ਸੁਹਾਗਨ ਜਾਨੈ। (ਗੁਰਬਾਣੀ)

ਵਿਧਵਾ ਤ੍ਰੀਮਤਾਂ ਆਪਣੇ ਪਤੀਆਂ ਦੀ ਯਾਦ ਵਿਚ ਕਈ ਵਾਰੀ ਕਹ ਦੇਂਦੀਆਂ ਹਨ। ਭਾਵ ਮੈਂ ਨਿਭਾਗਣ ਇਨ੍ਹਾਂ ਸੁਖਾਂ ਨੂੰ ਕੀ ਜਾਣਾਂ ?

(੮) ਸਹਿਜ ਪਕੇ ਸੋ ਮੀਠਾ ਹੋਇ। (ਗੁਰਬਾਣੀ)

ਜਦ ਕੋਈ ਕੰਮ ਸਹਜੇ ਕਰਨ ਦਾ ਉਪਦੇਸ਼ ਦੇਣਾ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Slow and steady wins the race.

ਫ਼ਾਰਸੀ:—ਦੇਰ ਆਇਦ ਦਰੁਸਤ ਆਇਦ ।

(੯) ਸ਼ਹੁਰਾ ਨ ਸਾਲਾ, ਮੈਂ ਆਪੇ ਹੀ ਘਰ ਵਾਲਾ।

ਦੇਖੋ:—ਸਸ ਨ ਨਿਣਾਨ ਵਹੁਟੀ ਆਪੇ ਹੀ ਪਰਧਾਨ।

(੧੦) ਸਹੇ ਦੀ ਨਹੀਂ, ਮੈਨੂੰ ਪਹੇ ਦੀ ਪਈ ਹੋਈ ਏ ।

ਜਦ ਥੋੜੇ ਜਿਹੇ ਨੁਕਸਾਨ ਨੂੰ ਵੇਖਕੇ ਕੋਈ ਚੇਤੰਨ ਹੋ ਜਾਵੇ ਕਿ ਮਤਾਂ ਅਗੇ ਨੂੰ ਇਹ ਚਾਲ ਹੀ ਨ ਪੈ ਜਾਵੇ, ਤਾਂ ਕਹਿੰਦੇ ਹਨ।

ਇਕ ਜ਼ਿਮੀਂਦਾਰ ਸਹੇ ਨੂੰ ਪੈਲੀ ਵਿਚਦੀ ਲੰਘਦਾ ਦੇਖ ਕੇ ਰੋਕ ਪਾਉਂਦਾ ਹੈ ਕਿ ਇਸ ਦੀ ਰੀਸੇ ਆਮ ਲਾਂਘਾ (ਪਹਿਆ) ਨ ਪੈ ਜਾਵੇ।

(੧੧) ਸਕਿਆਂ ਦੇ ਸਕ ਲਾਹੁਣੇ ਹਨ ?

ਜੇ ਕੋਈ ਸਾਕ ਵੇਲੇ ਸਿਰ ਸਹਾਇਤਾ ਨ ਕਰੇ, ਤਾਂ ਕਹਿੰਦੇ ਹਨ। ਭਾਵ ਔਖ ਸੌਖ ਦੇ ਸਹਾਰੇ ਵਾਸਤੇ ਹੀਸਾਕ ਅੰਗ ਬਣਾਈ ਦੇ ਹਨ, ਸਕ ਲਾਹਕੇ ਤਾਂ ਬਾਲੇ ਹੀ ਨਹੀਂ ਜਾਂਦੇ।

(੧੨) ਸਖੀ ਸੂਮ ਦਾ ਲੇਖਾ ਬਰਾਬਰ ਹੋਇਆ।

ਜਦ ਕੋਈ ਸੂਮ ਆਪਣੀ ਚੀਜ ਐਂਵੇ ਗਵਾ ਬੈਠੇ ਤਾਂ ਬੋਲਦੇ ਹਨ। ਭਾਵ ਸਖੀ (ਉਦਾਰ) ਇਕੋ ਵਾਰ ਦੇ ਦੇਂਦਾ ਹੈ ਪਰ ਸੂਮ (ਕੰਜੂਸ) ਹੌਲੀ ੨ ਕਰਕੇ ਦੇਂਦਾ ਹੈ।

ਜੇਹਾ ਕੁ:— ਜਟ ਗੰਨਾ ਨਹੀਂ ਦੇਂਦਾ ਗੁੜ ਦੀ ਰੋੜੀ ਦੇ ਦੇਂਦਾ ਹੈ।

(੧੩) ਸਖੀ ਨਾਲੋਂ ਸੂਮ ਭਲਾ ਜੇਹੜਾ ਤੁਰਤ ਦੇਇ ਜਵਾਬ ।

ਜਦ ਕੋਈ ਆਦਮੀ ਕੋਈ ਚੀਜ ਦੇਣ ਦਾ ਭਰੋਸਾ ਦੇਕੇ ਫੇਰੇਂ ਪਵਾਈ ਜਾਵੇ ।ਨਾ ਤੇ ਦੇਵੇ ਨਾ ਨਾਂਹ ਕਰੇ,ਤਦ ਬੋਲਦੇ ਹਨ।

(੧੪) ਸਚ ਕਹੇ ਪਰੇਡੇ ਬਹੇ ।

ਮਿਠੀਆਂ ਮਿਠੀਆਂ ਝੂਠੀਆਂ ਗਲਾਂ ਕਹਿਣ ਨਾਲ ਕਿਸੇ ਨੂੰਆਦਰ ਮਿਲ ਜਾਵੇ ਤਾਂ ਸਚ ਕਹਿਣਵਾਲਾ ਇਉਂ ਕਹਿੰਦਾ ਹੈ।

(੧੫) ਸਚ ਨਹੀ, ਕਹਿਣਾ, ਤੇ ਢਹੀਆਂ ਲੈਕੇ ਡਹਿਣਾ ।

ਜਿਥੇ ਕੋਈ ਸਚ ਨੂੰ ਲੁਕਾਉਣ ਵਾਸਤੇ ਸਗੋਂ ਢੁਚਰਾਂ ਜਿਹੀਆਂ ਡਾਰੇ ਜਾਂ ਲੜਨ ਨੂੰ ਪਏ ਤਦ ਬੋਲਦੇ ਹਨ ।

(੧੬) ਸਚ ਮਿਰਚਾਂ ਤੇ ਝੂਠ ਗੁੜ, ਪੀਰ ਪੈਸਾ ਤੇ ਰੰਨ ਗੁਰ ।

ਕਿਸੇ ਆਦਮੀ ਨੂੰ ਸਚੀ ਗਲ ਤੋਂ ਚਿੜਦਾ ਦੇਖਕੇ, ਅਥਵਾ ਧਨਵਾਸਤੇ ਧਰਮ ਹਾਰਦਾ ਜਾਂ ਇਸਤਰੀ ਦੇ ਆਖੇ ਸਾਕਾਂ ਅੰਗਾਂ ਨਾਲ ਵਿਗਾੜ ਪਾਉਂਦਾ ਵੇਖਕੇ ਇਹ ਅਖਾਣ ਵਰਤਦੇ ਹਨ ।

(੧੭) ਸਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ । (ਗੁਰਬਾਣੀ)

ਨੇਕੀ ਦਾ ਉਪਦੇਸ਼ ਦੇਣ ਵੇਲੇ ਜਾਂ ਲਾਇਕ ਦੀ ਉਸਤਤ ਕਰਦੇ ਬੋਲਦੇ ਹਨ।

(੧੮) ਸਜਣ ਛਡੀਏ ਰੰਗ ਸਿਉਂ, ਬਹੁੜ ਭੀ ਆਵਨ ਕੰਮ।

ਵਿਗੜੇ ਹੋਏ ਸਜਣਾਂ ਵਿਚ ਜੇ ਮਾੜੀ ਮੋਟੀ ਅਣਬਣ ਹੋਵੇ ਤਾਂ ਉਸਨੂੰ ਭੁਲਾ ਦੇਣ ਲਈ ਇਹ ਉਪਦੇਸ਼ ਦਿਤਾ ਜਾਂਦਾ ਹੈ।

(੧੯) ਸਜਣ ਤਾਂ ਅਖਾਂ ਵਿਚ ਸਮਾ ਜਾਂਦੇ ਹਨ ਤੇ ਵੈਰੀ ਵੇਹੜੇ ਵਿਚ ਨਹੀਂ ਸਮਾਉਂਦੇ।

ਜਦ ਕੋਈ ਮਿਤਰ ਕਹੇ ਕਿ ਮੇਰੇ ਆਇਆਂ ਤੁਹਾਨੂੰ ਖੇਚਲ ਹੋਵੇਗੀ ਤਾਂ ਉਹ ਅਗੋਂ ਕਹ ਦੇਂਦਾ ਹੈ।

(੨੦) ਸਜਣ ਬਾਂਹ ਦੇਵੇ ਤਾਂ ਨਿਗਲ ਨਹੀਂ ਲਈ ਦੀ।

ਜਦ ਕੋਈ ਆਦਮੀ ਸਹਾਇਤਾ ਦੇਣ ਵਾਲੇ ਉਪਰ ਅਯੋਗ ਭਾਰ ਪਾਈ ਜਾਵੇ ਤਾਂ ਕਹਿੰਦੇ ਹਨ।

(੨੧) ਸਜਰੀ ਨ ਬੇਹੀ ਤੇ ਹਮੇਸ਼ ਇਕੋ ਜਿਹੀ।

ਕਿਸੇ ਦੀ ਸਦਾ ਇਕੋ ਭੈੜੀ ਹਾਲਤ ਰਹਿੰਦੀ ਵੇਖ, ਕਿਹਾ ਜਾਂਦਾ ਹੈ।

(੨੨) ਸਜਾ ਧੋਵੇ ਖਬੇ ਨੂੰ, ਤੇ ਖਬਾ ਧੋਵੇ ਸਜੇ ਨੂੰ।

ਪਰਸਪਰ ਸਹਾਇਤਾ ਦੇ ਲਾਭ ਸਮਝਾਉਨ ਵਾਸਤੇ ਇਹ ਅਖਾਣ ਵਰਤਿਆ ਜਾਂਦਾ ਹੈ।

ਭਾਵ ਸਜਾ ਹਥ ਖਬੇ ਦੀ ਸਫਾਈ ਕਰਦਾ ਹੈ ਅਰ ਖਬਾ ਸਜੇ ਦੀ ਕਰਦਾ ਹੈ।

(੨੩) ਸਦਾ ਭਿਵਾਨੀ ਚੱਪੇ ਜਿੰਨੀ।

ਜਦ ਕਿਸੇ ਆਦਮੀ ਦੀ ਹਾਲਤ ਬਹੁਤ ਮੇਹਨਤ ਪਿਛੋਂ ਭੀ ਓਹੋ ਰਹੇ, ਤਾਂ ਕਹਿੰਦੇ ਹਨ।

(੨੪) ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ।

ਜਦ ਕੋਈ ਘੜੰਮ ਚੌਧਰੀ ਆਪਣੇ ਆਪ ਹੀ ਹਰ ਕੰਮ ਵਿਚ ਲਤ ਅੜਾਉਂਦਾ ਫਿਰੇ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—An uninvited guest is never welcomed.

(੨੫) ਸਪ ਦਾ ਡਸਿਆ ਰਸੀ ਤੋਂ ਡਰਦਾ ਹੈ।

ਦੇਖੋ:—ਅਗ ਦਾ/ਦਝਾ ਟਟੈਹਣਿਓਂ ਵੀ ਡਰਦਾ ਹੈ।

(੨੬) ਸਪ ਦੇ ਸਾਮ੍ਹਣੇ ਦੀਵਾ ਨਹੀਂ ਬਲਦਾ।

੧. ਕਿਸੇ ਤਕੜੇ ਆਦਮੀ ਦੇ ਟਾਕਰੇ ਪਰ ਮਾੜੇ ਆਦਮੀ ਦੀ ਕੁਝ ਵਾਹ ਨਾ ਜਾਵੇ, ਤਾਂ ਵਰਤੀਦਾ ਹੈ।

੨. ਜਦ ਕੋਈ ਜਿਤਣ ਦਾ ਔਖਾ ਜਿਹਾ ਢੰਗ ਦਸੇ ਤਾਂ ਬੋਲਦੇ ਹਨ।

ਭਾਵ ਸਪ ਦੇ ਰੂਬਰੂ ਕੰਬਦੇ ਹਥਾਂ ਨਾਲ ਦੀਵਾ ਜਗਾਉਣਾ ਮੁਸ਼ਕਲ ਹੋ ਜਾਂਦਾ ਹੈ।

(੨੭) ਸਪ ਦੇ ਮੂੰਹ ਕੋੜ੍ਹ ਕਿਰਲੀ, ਖਾਵੇ ਤੇ ਕੋਹੜੀ ਛਡੇ ਤੇ ਅੰਨ੍ਹਾਂ।

ਜਦ ਕੋਈ ਆਦਮੀ ਕਿਸੇ ਅਜੇਹੀ ਹਾਲਤ ਵਿਚ ਫਸ ਜਾਵੇ ਕਿ ਕਿਸੇ ਪਾਸੇ ਭੀ ਉਸਨੂੰ ਆਪਣੀ ਇਜ਼ਤ ਦਾ ਬਚਾ ਨਾ ਦਿਸੇ, ਤਾਂ ਕਹਿੰਦੇ ਹਨ।

ਨੋਟ:—ਇਹ ਖਿਆਲ ਕੀਤਾ ਜਾਂਦਾ ਹੈ ਕਿ ਸਪ ਜੇ ਕੋੜ੍ਹ ਕਿਰਲੀ ਖਾ ਲਵੇ ਤਾਂ ਕੋਹੜਾ ਹੋ ਜਾਂਦਾ ਹੈ ਤੇ ਜੇ ਛਡ ਦੇਵੇ ਤਾਂ ਉਹ ਉਸ ਦੀਆਂ ਅਖਾਂ ਵਿਚ ਥੁਕ ਦੇਂਦੀ ਹੈ ਜਿਸ ਨਾਲ ਉਹ ਅੰਨ੍ਹਾਂ ਹੋ ਜਾਂਦਾ ਹੈ।

ਅੰਗ੍ਰੇਜ਼ੀ:—Go forward and fall, go back and mar all.

ਫਾਰਸੀ:—ਨ ਜਾਏ ਰਫਤਨ ਨ ਪਾਏ ਮਾਦਨ।

(੨੮) ਸਪ ਨੂੰ ਸਪ ਲੜੇ, ਤੇ ਵਿਹੁ ਕਿਹਨੂੰ ਚੜ੍ਹੇ।

ਜਦ ਇਕੋ ਜਿਹੇ ਦੋ ਆਦਮੀ ਇਕ ਦੂਜੇ ਨਾਲ ਵੈਰ ਕਰਨ ਲਗ ਪੈਣ ਪਰ ਕੋਈ ਕਿਸੇ ਦਾ ਨੁਕਸਾਨ ਨਾ ਕਰ ਸਕੇ, ਤਾਂ ਬੋਲਦੇ ਹਨ।

(੨੯) ਸਪ ਵੀ ਮਰ ਜਾਏ, ਤੇ ਸੋਟਾ ਵੀ ਬਚ ਜਾਵੇ।

ਜਦ ਇਹ ਕਹਿਣਾਂ ਹੋਵੇ ਕਿ ਕੋਈ ਅਜੇਹਾ ਢੰਗ ਵਰਤੋ ਜਿਸ 'ਨਾਲ ਦੋਹੀਂ ਪਾਸੀਂ ਰਹਿ ਆਵੇ, ਤਾਂ

ਕਹਿੰਦੇ ਹਨ।

ਅੰਗ੍ਰੇਜ਼ੀ:—Kill the snake, yet save the stick

(੩੦) ਸਪਾਂ ਦੇ ਪੁੱਤ ਕਦੀ ਨ ਹੁੰਦੇ ਮਿੱਤ।

ਜਦ ਇਹ ਸਮਝਾਉਣਾ ਹੋਵੇ, ਕਿ ਵੈਰੀ ਦੀ ਉਲਾਦ ਦਾ ਵੀ ਵਿਸਾਹ ਨਹੀਂ ਕਰੀਦਾ ਜਾਂ ਜਦ ਕਿਸੇ ਦੇ ਖਮੀਰ ਵਿਚ ਹੀ ਬੁਰਾਈ ਕਰਨ ਦੀ ਵਾਦੀ ਹੋਵੇ ਤਾਂ ਇਹ ਅਖਾਣ ਵਰਤਦੇ ਹਨ।

ਇਸ ਨੂੰ ਐਉਂ ਭੀ ਬੋਲਦੇ ਹਨ। 'ਸਪਾਂ ਦੇ ਪੁਤਰ ਕਦੇ ਮਿਤਰ ਨਾ ਬਣਦੇ ਭਾਵੇਂ ਚੁਲੀਆਂ ਦੁੱਧ ਪਿਆਈਏ।'

(੩੧) ਸਬਰ ਸਬੂਰੀ ਨਾਨਕਾ ਦਰਗਾਹੇ ਲੇਖਾ।

ਜਦ ਕੋਈ ਨੁਕਸਾਨ ਉਠਾਕੇ ਸਬਰ ਕਰ ਲਵੇ, ਤਾਂ ਕਹਿੰਦੇ ਹਨ।

ਭਾਵ ਮੈਂ ਤੇਰਾ ਕੁਝ ਨਹੀਂ ਵਿਗਾੜਿਆ ਤੇ ਤੂ ਮੈਨੂੰ ਤੰਗੀ ਦੇਂਦਾ ਹੈ ਇਸਦਾ ਫਲ ਦਰਗਾਹੇ ਮਿਲ ਜਾਵੇਗਾ।

ਅੰਗ੍ਰੇਜ਼ੀ:—He that can have patience can have what he wills.

ਫਾਰਸੀ:—ਸਬਰ ਗਰ ਚੇ ਤਲਖ ਅਸਤ, ਵ ਲੇਕਨ ਬਰ ਸ਼ੀਰੀਂ ਦਾਰਦ।

(੩੨) ਸਭੇ ਭੇਡਾਂ ਮੂੰਹ ਕਾਲੀਆਂ।

ਜਦ ਕਿਸੇ ਥਾਂ ਦੇ ਸਾਰੇ ਬੰਦੇ ਕਿਸੇ ਨੂੰ ਭੈੜੇ ਹੀ ਸਾਬਤ ਹੋਣ, ਤਾਂ ਉਹ ਕਹਿ ਦੇਂਦਾ ਹੈ।

ਹੋਰ ਜਥਾ ਕਾਲੀ ਤਥਾ ਧੌਲੀ:—

(੩੩) ਸਮਝ ਦੀ ਗੱਲ ਸਦਾ ਸੁਖੱਲ ।

ਜਦ ਇਹ ਸਮਝਾਉਣਾ ਹੋਵੇ, ਕਿ ਹਰ ਕੰਮ ਸੋਚ ਕੇ ਕਰੀਦਾ ਹੈ, ਤਾਂ ਕਹਿੰਦੇ ਹਨ ।

(੩੪) ਸਰਹਾਂਦੀ ਸੌਂ ਪਵਾਂਦੀ ਸੌਂ, ਲਕ ਵਿਚ-ਕਾਹੇ ਆਉ ।

ਜਦ ਇਹ ਦਸਣਾ ਹੋਵੇ ਕਿ ਭਾਵੇਂ ਕੋਈ ਢੰਗ ਵਰਤੋ ਨਤੀਜਾ ਓਹੋ ਹੀ ਹੋਵੇਗਾ, ਤਾਂ ਬੋਲਦੇ ਹਨ ।

(੩੫) ਸਰਫਾ ਕਰਕੇ ਸੁੱਤੀ, ਆਟਾ ਖਾ ਗਈ ਕੁਤੀ ।

ਵੇਖੋ:—ਸਖੀ ਸੂਮ ਦਾ ਲੇਖਾ ਬਰਾਬਰ ।

(੩੬) ਸਰ੍ਹੋਂ ਜਿਡੇ ਪੇਠੇ ਨਹੀਂ ਹੁੰਦੇ ।

ਜਦ ਕੋਈ ਆਦਮੀ ਵਡੀ ਸਾਰੀ ਗਪ ਮਾਰਕੇ ਭੁਲੇਖਾ ਦੇਣਾ ਚਾਹੇ ਤਾਂ ਅਗੋਂ ਕਿਹਾ ਜਾਂਦਾ ਹੈ, ਭਾਵ ਏਡੀ ਅਨਹੋਣੀ ਗਲ ਨਹੀਂ ਹੋ ਸਕਦੀ ।

(੩੭) ਸਲਾਹੀ ਦਾ ਗੁੜ ਦੰਦੀਂ ਲਗਾ ।

ਜਦ ਕਿਸੇ ਆਦਮੀ ਦੀ ਬੜੀ ਸਿਫਤ ਕਰੀਏ ਤੇ ਉਹ ਸਗੋਂ ਬਹੁਤਾ ਦੁਖਦਾਈ ਸਾਬਤ ਹੋਵੇ, ਤਾਂ ਕਹਿੰਦੇ ਹਨ ।

ਜੇਹਾ ਕੁ:—ਚੰਗੀ ਕਰ ਬਹਾਲੀ ਤੇ ਪੇੜੇ ਲਏ ਚੁਰਾ ।

ਕਹਿੰਦੇ ਹਨ।

ਅੰਗ੍ਰੇਜ਼ੀ:—Kill the snake, yet save the stick

(੩੦) ਸਪਾਂ ਦੇ ਪੁੱਤ ਕਦੀ ਨ ਹੁੰਦੇ ਮਿੱਤ।

ਜਦ ਇਹ ਸਮਝਾਉਣਾ ਹੋਵੇ, ਕਿ ਵੈਰੀ ਦੀ ਉਲਾਦ ਦਾ ਵੀ ਵਿਸਾਹ ਨਹੀਂ ਕਰੀਦਾ ਜਾਂ ਜਦ ਕਿਸੇ ਦੇ ਖਮੀਰ ਵਿਚ ਹੀ ਬੁਰਾਈ ਕਰਨ ਦੀ ਵਾਦੀ ਹੋਵੇ ਤਾਂ ਇਹ ਅਖਾਣ ਵਰਤਦੇ ਹਨ।

ਇਸ ਨੂੰ ਐਉਂ ਭੀ ਬੋਲਦੇ ਹਨ। 'ਸਪਾਂ ਦੇ ਪੁਤਰ ਕਦੇ ਮਿਤਰ ਨਾ ਬਣਦੇ ਭਾਵੇਂ ਚੁਲੀਆਂ ਦੁੱਧ ਪਿਆਈਏ।'

(੩੧) ਸਬਰ ਸਬੂਰੀ ਨਾਨਕਾ ਦਰਗਾਹੇ ਲੇਖਾ।

ਜਦ ਕੋਈ ਨੁਕਸਾਨ ਉਠਾਕੇ ਸਬਰ ਕਰ ਲਵੇ, ਤਾਂ ਕਹਿੰਦੇ ਹਨ।

ਭਾਵ ਮੈਂ ਤੇਰਾ ਕੁਝ ਨਹੀਂ ਵਿਗਾੜਿਆ ਤੇ ਤੂੰ ਮੈਨੂੰ ਤੰਗੀ ਦੇਂਦਾ ਹੈ ਇਸਦਾ ਫਲ ਦਰਗਾਹੇ ਮਿਲ ਜਾਵੇਗਾ।

ਅੰਗ੍ਰੇਜ਼ੀ:—He that can have patience can have what he wills.

ਫਾਰਸੀ:—ਸਬਰ ਗਰ ਚੇ ਤਲਖ ਅਸਤ, ਵ ਲੇਕਨ ਬਰ ਸੀਰੀਂ ਦਾਰਦ।

(੩੨) ਸਭੇ ਭੇਡਾਂ ਮੂੰਹ ਕਾਲੀਆਂ।

ਜਦ ਕਿਸੇ ਥਾਂ ਦੇ ਸਾਰੇ ਬੰਦੇ ਕਿਸੇ ਨੂੰ ਭੈੜੇ ਹੀ ਸਾਬਤ ਹੋਣ, ਤਾਂ ਉਹ ਕਹਿ ਦੇਂਦਾ ਹੈ।

ਹੋਰ ਜਥਾ ਕਾਲੀ ਤਥਾ ਧੌਲੀ:—

(੩੩) ਸਮਝ ਦੀ ਗੱਲ ਸਦਾ ਸੁਖੱਲ ।

ਜਦ ਇਹ ਸਮਝਾਉਣਾ ਹੋਵੇ, ਕਿ ਹਰ ਕੰਮ ਸੋਚ ਕੇ ਕਰੀਦਾ ਹੈ, ਤਾਂ ਕਹਿੰਦੇ ਹਨ ।

(੩੪) ਸਰਹਾਂਦੀ ਸੌਂ ਪਵਾਂਦੀ ਸੌਂ, ਲਕ ਵਿਚ-ਕਾਹੇ ਆਊ ।

ਜਦ ਇਹ ਦਸਣਾ ਹੋਵੇ ਕਿ ਭਾਵੇਂ ਕੋਈ ਢੰਗ ਵਰਤੋ ਨਤੀਜਾ ਓਹੋ ਹੀ ਹੋਵੇਗਾ, ਤਾਂ ਬੋਲਦੇ ਹਨ ।

(੩੫) ਸਰਫਾ ਕਰਕੇ ਸੁੱਤੀ, ਆਟਾ ਖਾ ਗਈ ਕੁਤੀ ।

ਵੇਖੋ:—ਸਖੀ ਸੂਮ ਦਾ ਲੇਖਾ ਬਰਾਬਰ ।

(੩੬) ਸਰ੍ਹੋਂ ਜਿਡੇ ਪੇਠੇ ਨਹੀਂ ਹੁੰਦੇ ।

ਜਦ ਕੋਈ ਆਦਮੀ ਵਡੀ ਸਾਰੀ ਗਪ ਮਾਰਕੇ ਭੁਲੇਖਾ ਦੇਣਾ ਚਾਹੇ ਤਾਂ ਅਗੋਂ ਕਿਹਾ ਜਾਂਦਾ ਹੈ, ਭਾਵ ਏਡੀ ਅਨਹੋਣੀ ਗਲ ਨਹੀਂ ਹੋ ਸਕਦੀ ।

(੩੭) ਸਲਾਹੀ ਦਾ ਗੁੜ ਦੰਦੀਂ ਲਗਾ ।

ਜਦ ਕਿਸੇ ਆਦਮੀ ਦੀ ਬੜੀ ਸਿਫਤ ਕਰੀਏ ਤੇ ਉਹ ਸਗੋਂ ਬਹੁਤਾ ਦੁਖਦਾਈ ਸਾਬਤ ਹੋਵੇ, ਤਾਂ ਕਹਿੰਦੇ ਹਨ ।

ਜੇਹਾ ਕੁ:—ਚੰਗੀ ਕਰ ਬਹਾਲੀ ਤੇ ਪੇੜੇ ਲਏ ਚੁਰਾ ।

(੩੮) ਸਵਾਲ ਕਣਕ ਜਵਾਬ ਛੋਲੇ।

ਜਦ ਪੁਛੋ ਕੁਝ ਹੋਰ ਤੇ ਉਤ੍ਰ ਕੁਝ ਹੋਰ ਮਿਲੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—I talk of chalk and you say of cheese.

(੩੯) ਸੜੇ ਘਰ ਦੇ ਕੋਲੇ ਹੀ ਸਹੀ।

ਜਦ ਕੋਈ ਨੁਕਸਾਨ ਹੋਈ ੨ਚੀਜ਼ ਤੋਂ ਭੀ ਲਾਭ ਉਠਾ ਲਵੇ, ਤਾਂ ਬੋਲਦਾ ਹੈ।

ਦੇਖੋ:—ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।

ਅੰਗ੍ਰੇਜ਼ੀ:—Get from a bad paymaster what you can.

(੪੦) ਸੜੇ ਪਿੰਡੋਂ ਰੌਲ ਵਾਂਗ ਨੱਠਿਆ ਏ।

ਕਿਸੇ ਲਾਲਚੀ ਆਦਮੀ ਨੂੰ ਕਿਸੇ ਅਜੇਹੀ ਥਾਂ ਤੋਂ ਖਿਸਕਦਾ ਵੇਖ ਜਿਥੋਂ ਉਸਨੂੰ ਕੋਈ ਫੈਦਾ ਨ ਹੁੰਦਾ ਹੋਵੇ, ਇਹ ਅਖਾਣ ਬੋਲਦੇ ਹਨ।

(੪੧) ਸਾਊ ਸੋ ਜੋ ਚੁਪ।

ਦੇਖੋ:—ਇਕ ਚੁਪ ਤੇ ਸੌ ਸੁਖ।

ਅੰਗ੍ਰੇਜ਼ੀ:—Silence is gold.

(੩੨) ਸਾਈਂ ਅਖਾਂ ਫੇਰੀਆਂ ਵੈਰੀ ਕੁਲ ਜਹਾਨ।

ਜਦ ਕਿਸੇ ਤੇ ਬਹੁਤ ਮੁਸੀਬਤਾਂ ਆ ਪੈਣ, ਤਾਂ ਉਹ ਕਹਿੰਦਾ ਹੈ।

ਅੰਗ੍ਰੇਜ਼ੀ:—All the world turns enemy towards him whom fortune buffets.

(੪੩) ਸਾਈਆਂ ਕਿਤੇ ਤੇ ਵਧਾਈਆਂ ਕਿਤੇ।

ਜਦ ਕੋਈ ਮਦਦ ਦਾ ਹੌਸਲਾ ਕਿਸੇ ਹੋਰ ਨੂੰ ਦੇਵੇ, ਪਰ ਵੇਲੇ ਸਿਰ ਕਿਸੇ ਹੋਰ ਦਾ ਬਣ ਬੈਠੇ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—To invite one and feast another.

(੪੪) ਸਾਹਣਾ ਦਾ ਭੇੜ ਤੇ ਝਾੜੀਆਂ ਦਾ ਖੌ।

ਦੋ ਵਡੇ ਬੰਦਿਆਂ ਦੀ ਲੜਾਈ ਵਿਚ ਜੇ ਕਿਸੇ ਗਰੀਬ ਦਾ ਨੁਕਸਾਨ ਹੋ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Plantation is ruined where buffaloes bight.

(੪੫) ਸਾਹੇ ਬਧੀ ਤਾਂ ਹੁਣ ਲਧੀ।

ਕੋਈ ਆਦਮੀ ਉਚੇ ਦਰਜੇ ਤੇ ਪਹੁੰਚ ਕੇ ਹੀ ਉਘਾ ਹੋਵੇ ਤੇ ਪਹਿਲਾਂ ਉਸਨੂੰ ਕੋਈ ਜਾਂਣਦਾ ਭੀ ਨ ਹੋਵੇ, ਤਾਂ ਕਹਿੰਦੇ ਹਨ।

(੪੫) ਸਾਕ ਸੁਲਾਕ ਤੇ ਪ੍ਰੀਤ ਪਲੀਤ।

ਸੁਲਾਕ = ਚੋਭ।ਲੋਹੇ ਦੀ ਗਰਮ ਕੀਤੀ ਹੋਈ ਸੀਖ।

ਜਦ ਕਿਸੇ ਸਜਣ ਸਨੇਹੀ ਜਾਂ ਸਾਕ ਨਾਤੇ ਹੀ ਹਮਦਰਦੀ ਕਰਦਿਆਂ ਕਰਦਿਆਂ ਹਰ ਵੇਲੇ ਮਨ ਨੂੰ ਚਿੰਤਾ ਤੇ ਕਲੇਸ਼ ਹੁੰਦਾ ਰਹੇ, ਤਾਂ ਵਰਤਦੇ ਹਨ।

ਕਿਸੇ ਨਿਜ ਦੇ ਸਨੇਹੀ ਵਲੋਂ ਬੇਪਰਵਾਹੀ ਜਾਂ ਬੇ ਸਲੂਕੀ ਹੋਣ ਪਰ ਭੀ ਇਹ ਅਖਾਣ ਵਰਤ ਲੈਂਦੇ ਹਨ।

(੪੭) ਸਾਂਝ ਜਟ ਦੀ ਜੇ ਭਵੇਂ ਨਾਂ, ਤੋੜ੍ਹਾ ਤੂਤ ਦਾ ਜੇ ਧਵੇਂ ਨਾਂ।

ਤੋੜ੍ਹਾ = ਸ਼ਤੀਰ। ਧਵੇਂ = ਲਿਫੇ।

ਜਦ ਕੋਈ ਜਟ ਵੇਲੇ ਸਿਰ ਚੰਗੀ ਮਦਤ ਕਰੇ ਜਾਂ ਜਦ ਤੂਤ ਦੇ ਸ਼ਤੀਰ ਦੀ ਉਪਮਾਂ ਕਰਨੀ ਹੋਵੇ, ਤਾਂ ਵਰਤਦੇ ਹਨ।

(੪੮) ਸਾਂਝਾ ਬਬ ਨ ਪਿਟੇ ਕੋ।

ਜਦ ਕੋਈ ਸਾਂਝੀ ਚੀਜ਼ ਲਾਪਰਵਾਹੀ ਕਰਕੇ ਵਿਗੜ ਰਹੀ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(*a*) Common horse is the worst shod.
(*b*) Every body's business, no body's business.

ਫਾਰਸੀ:—ਦੇਗੇ ਸ਼ਰਾਕਤ ਬਜੋਸ਼ ਆਇਦ।

(੪੯) ਸਾਂਝੀ ਹਾਂਡੀ ਚੁਰਾਹੇ ਵਿਚ ਭਜਦੀ ਹੈ।

ਭਾਵ ਸਾਂਝੀ ਚੀਜ ਦਾ ਬਖੇੜਾ ਹੀ ਪੈਂਦਾ ਹੈ।

(੫੦) ਸਾਡੀ ਬਿਲੀ ਸਾਨੂੰ ਮਿਆਊਂ।

ਜਦ ਕੋਈ ਆਪਣਾ ਹੀ ਪਾਲਿਆ ਪੋਸਿਆ ਜੀਵ ਪਾਲਣ ਵਾਲੇ ਤੇ ਹੀ ਧੌਂਸ ਜਮਾਉਣ ਲਗ ਜਾਵੇ, ਤਾਂ

ਕਹਿੰਦੇ ਹਨ।

ਅੰਗ੍ਰੇਜ਼ੀ:—My servant my tutor.

(੫੨) ਸਾਡੇ ਘਰ ਆਓਗੇ ਤਾਂ ਕੀ ਲਿਆਓਗੇ ਤੇ ਅਸੀਂ ਤੁਹਾਡੇ ਆਵਾਂਗੇ ਤਾਂ ਕੀ ਦਿਓਗੇ॥

ਜਦ ਕੋਈ ਆਦਮੀ ਹਰ ਪਾਸੇ ਆਪਣੇ ਲਾਭ ਨੂੰ ਹੀ ਮੁਖ ਰਖੇ, ਤਾਂ ਕਹਿੰਦੇ ਹਨ।

(੫੨) ਸਾਢ ਸਤੌੜ ਤੇ ਹਾਥੀ ਦਾ ਪੌੜ।

ਜਦ ਕੋਈ ਅਸਲ ਵਿਚ ਕਿਸੇ ਦਾ ਸਾਕ ਅੰਗ ਤਾਂ ਕੁਝ ਨ ਲਗਦਾ ਹੋਵੇ ਪਰ ਉਸਦੇ ਕੰਮਾਂ ਵਿਚ ਬਦੋ ਬਦੀ ਅਗੇ ਵਧਕ ਦਖਲ ਦੇਵੇ, ਤਦ ਦੂਜੇ ਲੋਕ ਘਰ ਵਾਲੇ ਪਾਸੋਂ ਉਸਦਾ ਸੰਬੰਧ ਪੁਛਦੇ ਹਨ। ਉਸਦੇ ਉਤਰ ਵਿਚ ਇਹ ਅਖਾਣ ਵਰਤੀਦਾ ਹੈ।

(੫੩) ਸਾਥੋਂ ਗਈਏ ਗੋਰੀਏ ਪਰੇ ਪਰੇਡੇ ਜਾ।

ਜਦ ਕਿਸੇ ਨਾਲ ਵਖੇਵਾਂ ਜਾਂ ਲੜਾਈ ਹੋ ਪਵੇ ਤੇ ਅਗੋਂ ਤੋਂ ਲੈਣਾ ਦੇਣਾ ਨ ਰਹੇ ਤਾਂ ਅਪਣੀ ਬੇਪਰਵਾਹੀ ਦਸਣ ਲਈ ਵਰਤਦੇ ਹਨ।

ਅੰਗ੍ਰੇਜ਼ੀ:—Out of sight out of mind.

ਫਾਰਸੀ:—ਅਜ਼ ਦੀਦਾ ਦੂਰ ਦਿਲ ਦੂਰ।

(੫੪) ਸਾਧਾਂ ਨੂੰ ਕਹਿਣਾ ਲਗੋ, ਤੇ ਚੋਰਾਂ ਨੂੰ ਕਹਿਣਾ ਭਜੋ।

ਕਿਸੇ ਨਿਜ ਦੇ ਸਨੇਹੀ ਵਲੋਂ ਬੇਪਰਵਾਹੀ ਜਾਂ ਬੇ ਸਲੂਕੀ ਹੋਣ ਪਰ ਭੀ ਇਹ ਅਖਾਣ ਵਰਤ ਲੈਂਦੇ ਹਨ।

(੪੭) **ਸਾਂਝ ਜਟ ਦੀ ਜੇ ਭਵੇਂ ਨਾਂ, ਤੋੜ੍ਹਾ ਤੂਤ ਦਾ ਜੇ ਧਵੇਂ ਨਾਂ।**

ਤੋੜ੍ਹਾ = ਸ਼ਤੀਰ। ਧਵੇਂ = ਲਿਫੇ।

ਜਦ ਕੋਈ ਜਟ ਵੇਲੇ ਸਿਰ ਚੰਗੀ ਮਦਤ ਕਰੇ ਜਾਂ ਜਦ ਤੂਤ ਦੇ ਸ਼ਤੀਰ ਦੀ ਉਪਮਾਂ ਕਰਨੀ ਹੋਵੇ, ਤਾਂ ਵਰਤਦੇ ਹਨ।

(੪੮) **ਸਾਂਝਾ ਬਬ ਨ ਪਿਟੇ ਕੋ।**

ਜਦ ਕੋਈ ਸਾਂਝੀ ਚੀਜ਼ ਲਾਪਰਵਾਹੀ ਕਰਕੇ ਵਿਗੜ ਰਹੀ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(*a*) Common horse is the worst shod.
(*b*) Every body's business, no body's business.

ਫਾਰਸੀ:—ਦੇਗੇ ਸ਼ਰਾਕਤ ਬਜੋਸ਼ ਆਇਦ।

(੪੯) **ਸਾਂਝੀ ਹਾਂਡੀ ਚੁਰਾਹੇ ਵਿਚ ਭਜਦੀ ਹੈ।**

ਭਾਵ ਸਾਂਝੀ ਚੀਜ ਦਾ ਬਖੇੜਾ ਹੀ ਪੈਂਦਾ ਹੈ।

(੫੦) **ਸਾਡੀ ਬਿਲੀ ਸਾਨੂੰ ਮਿਆਉਂ।**

ਜਦ ਕੋਈ ਆਪਣਾ ਹੀ ਪਾਲਿਆ ਪੋਸਿਆ ਜੀਵ ਪਾਲਣ ਵਾਲੇ ਤੇ ਹੀ ਧੌਂਸ ਜਮਾਉਣ ਲਗ ਜਾਵੇ, ਤਾਂ

ਕਹਿੰਦੇ ਹਨ।

ਅੰਗ੍ਰੇਜ਼ੀ:—My servant my tutor.

(੫੨) ਸਾਡੇ ਘਰ ਆਓਗੇ ਤਾਂ ਕੀ ਲਿਆਓਗੇ ਤੇ ਅਸੀਂ ਤੁਹਾਡੇ ਆਵਾਂਗੇ ਤਾਂਕੀ ਦਿਓਗੇ॥

ਜਦ ਕੋਈ ਆਦਮੀ ਹਰ ਪਾਸੇ ਆਪਣੇ ਲਾਭ ਨੂੰ ਹੀ ਮੁਖ ਰਖੇ, ਤਾਂ ਕਹਿੰਦੇ ਹਨ।

(੫੨) ਸਾਢ ਸਤੌੜ ਤੇ ਹਾਥੀ ਦਾ ਪੌੜ।

ਜਦ ਕੋਈ ਅਸਲ ਵਿਚ ਕਿਸੇ ਦਾ ਸਾਕ ਅੰਗ ਤਾਂ ਕੁਝ ਨ ਲਗਦਾ ਹੋਵੇ ਪਰ ਉਸਦੇ ਕੰਮਾਂ ਵਿਚ ਬਦੋ ਬਦੀ ਅਗੇ ਵਧਕ ਦਖਲ ਦੇਵੇ, ਤਦ ਦੂਜੇ ਲੋਕ ਘਰ ਵਾਲੇ ਪਾਸੋਂ ਉਸਦਾ ਸੰਬੰਧ ਪੁਛਦੇ ਹਨ। ਉਸਦੇ ਉਤਰ ਵਿਚ ਇਹ ਅਖਾਣ ਵਰਤੀਦਾ ਹੈ।

(੫੩) ਸਾਥੋਂ ਗਈਏ ਗੋਰੀਏ ਪਰੇ ਪਰੇਡੇ ਜਾ।

ਜਦ ਕਿਸੇ ਨਾਲ ਵਖੇਵਾਂ ਜਾਂ ਲੜਾਈ ਹੋ ਪਵੇ ਤੇਅਗੋਂ ਤੋਂ ਲੈਣਾ ਦੇਣਾ ਨ ਰਹੇ ਤਾਂ ਅਪਣੀ ਬੇਪਰਵਾਹੀ ਦਸਣ ਲਈ ਵਰਤਦੇ ਹਨ।

ਅੰਗ੍ਰੇਜ਼ੀ:—Out of sight out of mind.

ਫਾਰਸੀ:—ਅਜ਼ ਦੀਦਾ ਦੂਰ ਦਿਲ ਦੂਰ।

(੫੪) ਸਾਧਾਂ ਨੂੰ ਕਹਿਣਾ ਲਗੋ, ਤੇ ਚੋਰਾਂ ਨੂੰ ਕਹਿਣਾ ਭਜੋ।

ਅੰਗ੍ਰੇਜ਼ੀ:—To carry water in one hand and fire in the other.

(੫੫) ਸਾਧਾਂ ਨੂੰ ਕੀ ਸਵਾਦਾਂ ਨਾਲ ।

੧. ਜਦ ਕੋਈ ਆਦਮੀ ਮਾੜੀ ਮੋਟੀ ਚੀਜ਼ ਵੀ ਮਨਜ਼ੂਰ ਕਰਨ ਨੂੰ ਤਿਆਰ ਹੋਵੇ, ਤਾਂ ਕਹਿੰਦਾ ਹੈ ।

੨. ਜਦ ਕੋਈ ਆਦਮੀ ਚੰਗੀ ਚੋਖੀ ਚੀਜ਼ ਪਹਿਲੋਂ ਹੀ ਚੁਕ ਲਵੇ, ਤਾਂ ਹਾਸੇ ਵਿਚ ਇਹ ਅਖਾਣ ਬੋਲਦਾ ਹੈ ।

ਨੋਟ:—ਕਈ ਇਉਂ ਕਹਿੰਦੇ ਹਨ ਕਿ 'ਸਾਧਾਂ ਨੂੰ ਕੀ ਸਵਾਦਾਂ ਨਾਲ ਸਣੇ ਮਲਾਈ ਆਉਣ ਦੇਹ'। ਇਸ ਅਖਾਣ ਦੀ ਬਨਾਵਟ ਇਕ ਸਵਾਦਲੀ ਕਹਾਣੀ ਤੋਂ ਹੈ, ਇਕ ਸਾਧ ਕਿਸੇ ਦੇ ਘਰ ਗਿਆ, ਬੀਬੀ ਦੁਧ ਪਾਕੇ ਦੇਣ ਲਗੀ, ਕੋਲੋਂ ਸਸ ਨੇ ਕਿਹਾ "ਰਤਾਂ ਔਹ (ਮੁਰਾਦ ਮਲਾਈ ਤੋਂ) ਪਰਾਂ ਕਰ ਲੈ ।ਸਾਧਾਂ ਨੇ ਸੁਣ ਕੇ ਕਿਹਾ, 'ਸਾਧਾਂ ਨੂੰ ਕੀ ਸਵਾਦਾਂ ਨਾਲ ਸਣੇ ਮਲਾਈ ਔਣ ਦੇਹ ।'

(੫੬) ਸਾਨੀ ਸੇਤੀ ਕੀਜੀਏ ਨਾਤਾ ਵੈਰ ਪਰੀਤ।

ਸਾਨੀ = ਆਪਣੇ ਵਰਗਾ ।

ਜਦ ਇਕ ਆਦਮੀ ਆਪ ਤੋਂ ਉਚੇ ਜਾਂ ਨੀਂਵੇ ਪਹਿਣੇ ਵਾਲੇ ਨਾਲ ਸਬੰਧ ਜੋੜੇ ਤਾਂ ਉਸਨੂੰ ਸਮਝਾਉਣ ਲਈ ਬੋਲਦੇ ਹਨ ।

ਅੰਗ੍ਰੇਜ਼ੀ:—Marry above your match and you get a master.

(੫੭) ਸਾਨੂੰ ਸਜਣ ਸੋ ਮਿਲੇ ਗਲ ਲੱਗੀਂ ਬਾਹੀਂ, ਸਾਡੇ ਉਤੇ ਜੁਲੀਆਂ ਓਨ੍ਹਾਂ ਤੇ ਓਹ ਭੀ ਨਾਂਹੀ।

ਗਲ ਲਗੀ ਬਾਹੀਂ = ਨੰਗ ਧੜੰਗ।

ਜਦ ਕਿਸੇ ਗਰੀਬ ਆਦਮੀ ਨੂੰ ਸਾਕ ਜਾਂ ਮਿਤ੍ਰ ਆਪ ਤੋਂ ਭੀ ਮਰੇੜਾ ਮਿਲ ਪਵੇ, ਤਾਂ ਕਹਿੰਦਾ ਹੈ।

(੫੮) ਸਾਮੀ ਕੰਜਰ ਤੇ ਭੁਇੰ ਬੰਜਰ।

ਜਦ ਕਿਸੇ ਕੰਜਰ ਵਲ ਕੁਝ ਰੁਪਿਆ ਮਾਰਿਆ ਜਾਵੇ ਜਾਂ ਬੰਜਰ ਜਮੀਨ ਮਿਲੇ, ਤਾਂ ਕਹਿੰਦੇ ਹਨ।

ਭਾਵ ਇਹ ਕਿ ਇਨ੍ਹਾਂ ਦੋਹਾਂ ਥਾਵਾਂ ਤੋਂ ਉੱਕਾ ਹੀ ਕੁਝ ਨਹੀਂ ਮਿਲਦਾ।

ਜੇਹਾਕੁ:—ਚੂਹੜੇ ਦਾ ਲਹਿਣਾ ਤੇ ਕੁਤੇ ਦੇ ਗਲ ਗਹਿਣਾ।

(੫੯) ਸਾਰ ਚੂਰ ਢਹੂ, ਤੇ ਪਿੰਡਾਂ ਜਿੰਨਾਂ ਰਹੂ।

ਸਾਰ ਚੂਹ = ਮਜੀਠੇ ਕੋਲ ਇਕ ਬਹੁਤ ਵਡਾ ਪਿੰਡ।

ਜਦ ਕੋਈ ਵਡਾ ਆਦਮੀ ਕਮਜ਼ੋਰ ਹੋਕੇ ਭੀ ਕਈਆਂ ਨਾਲੋਂ ਚੰਗਾ ਰਹੇ, ਤਾਂ ਬੋਲਦੇ ਹਨ।

ਦੇਖੋ:—ਕਸੂਰ ਸ਼ਹਿਰ ਢਹੇਗਾ, ਪਿੰਡਾਂ ਜੇਡਾ ਰਹੇਗਾ।

(੬੦) ਸਾਰਾ ਜਾਂਦਾ ਦੇਖੀਏ, ਅਧਾ ਦੇਈਏ ਵੰਡ।

ਜਿਥੇ ਥੋੜਾ ਨੁਕਸਾਨ ਉਠਾ ਕੇ ਵਧੇਰੇ ਬਚਦਾ ਦਿਸੇ, ਤਾਂ ਵਰਤਦੇ ਹਨ।

ਅੰਗ੍ਰੇਜ਼ੀ:—Better give the wool than the whole sheep.

(੬੧) ਸਾਰੀ ਰਾਤ ਭੰਨੀਂ, ਤੇ ਜੰਮ ਪਈ ਅੰਨ੍ਹੀਂ।

ਜਦ ਬਹੁਤ ਸਾਰੀ ਮਿਹਨਤ ਕਰਨ ਪਿਛੋਂ ਭੀ ਕੋਈ ਭੈੜਾ ਜਿਹਾ ਨਤੀਜਾ ਹੀ ਨਿਕਲੇ, ਤਾਂ ਕਹਿੰਦੇ ਹਨ।

ਹੋਰ ਦੇਖੋ:—ਪੁਟਿਆ ਪਹਾੜ ਨਿਕਲਿਆ ਚੂਹਾ।

(੬੨) ਸਾਰੀ ਰਾਤ ਰੋਂਦੀ ਰਹੀ ਮੋਇਆ ਇਕ ਵੀ ਨਾ।

ਜਦ ਕੋਈ ਆਦਮੀ ਬਿਨਾ ਕਾਰਣ ਹਾਲ ਦੁਹਾਈ ਮਚਾਈ ਜਾਵੇ ਪਰ ਅਸਲ ਵਿਚ ਪਿਛੋਂ ਨੁਕਸਾਨ ਕੋਈ ਨ ਸਾਬਤ ਹੋਵੇ, ਤਾਂ ਬੋਲਦੇ ਹਨ।

(੬੩) ਸ਼ਾਵਣ ਸੁਤੀ ਸਦਾ ਵਿਗੁਤੀ।

ਜਿਹੜਾ ਜ਼ਿਮੀਂਦਾਰ ਸਾਵਣ ਮਾਂਹ ਵਿਚ ਹੁਸ਼ਿਆਰੀ ਨਾਲ ਵਟ ਬੰਨਾ ਮਾਰਕੇ ਪਾਣੀ ਨੂੰ ਸੰਭਾਲ ਨ ਲਵੇ ਉਸਨੂੰ ਸਾਰਾ ਵਰ੍ਹਾ ਵਤਰ ਦੀ ਤੋਟ ਆਈ ਰਹਿੰਦੀ ਹੈ, ਉਸਦਾ ਆਲਸ ਦੇਖਕੇ ਇਹ ਅਖਾਣ ਵਰਤਦੇ ਹਨ।

(੬੪) ਸਾਵਣ ਖੀਰ ਨ ਖਾਧੀਆ, ਕਿਉਂ ਜੰਮਿਉਂ ਅਪਰਾਧੀਆ।

ਜਦ ਇਕ ਘਰ ਵਾਲੇ ਸਾਵਣ ਦੇ ਮਹੀਨੇ ਪੂੜੇ ਤੇ ਖੀਰ ਖਾਣ ਤੇ ਕੋਈ ਦੂਜਾ ਨ ਖਾਵੇ ਤਾਂ ਮਖੌਲ ਨਾਲ ਏਹ ਕਹਿ ਦੇਂਦੇ ਹਨ।

(੬੫) ਸਾਵਣ ਦੀ ਝੜੀ, ਨਾ ਕੋਠਾ ਨਾ ਕੜੀ।

ਸਾਵਣ ਮਹੀਨੇ ਦੀਆਂ ਝੜੀਆਂ (ਮੀਂਹਾਂ) ਦੀਆਂ ਗਲਾਂ ਕਰਨ ਵੇਲੇ ਕਹਿੰਦੇ ਹਨ।

(੬੬) ਸਾਵਣ ਦੇ ਅੰਨ੍ਹੇ ਨੂੰ ਹਰਾ ਹਰਾ ਭਾਸਦਾ ਹੈ।

ਜਿਸ ਆਦਮੀ ਨੇ ਕਦੇ ਸੁਖ ਦੇ ਦਿਨ ਡਿਠੇ ਹੋਣ, ਤੇ ਫੇਰ ਔਖੇ ਵੇਲਿਆਂ ਵਿਚ ਭੀ ਉਹੋ ਜਿਹੀ ਉਮੈਦ ਰਖੇ, ਤਾਂ ਕਹਿੰਦੇ ਹਨ।

(੬੭) ਸਾਵਣ ਮਝੀ ਉਹਦੀਆਂ ਜਿਹੜਾ ਹਾੜੋਂ ਕਢੇ।

ਭਾਵ ਇਹ ਕਿ ਤਕਲੀਫ ਵਿਚ ਕਿਸੇ ਦੀ ਮਦਦ ਕੀਤੀ ਜਾਵੇ ਤਾਂ ਫਿਰ ਉਹ ਦੁਖੀ ਚੰਗੇ ਦਿਨ ਆਇਆਂ ਉਸਦੀ ਭੀ ਮਦਦ ਕਰਦਾ ਹੈ।

(੬੮) ਸਿਆਨਾ ਕਾਂ ਗੰਦਗੀ ਤੇ ਡਿਗਦਾ ਹੈ।

ਕਿਸੇ ਸਿਆਣੇ ਨੂੰ ਕੋਈ ਵਡੀ ਗਲਤੀ ਕਰਦਾ ਵੇਖ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Birds that cannot be caught with a snarl can be shot.

(੬੯) ਸਿਆਣਾ ਵੈਰੀ ਮੂਰਖ ਮਿਤ੍ਰ ਤੋਂ ਚੰਗਾ ਹੈ।

ਜਦ ਕਿਸੇ ਮੂਰਖ ਨਾਲ ਵਾਹ ਪੈਣ ਕਰਕੇ ਦੁਖ ਹੋਵੇ,

ਤਾਂ ਬੋਲਦੇ ਹਨ।

ਅੰਗ੍ਰੇਜ਼ੀ:—A prudent enemy is better than a fool friend.

ਫਾਰਸੀ:—ਦੁਸ਼ਮਨੇ ਦਾਨਾ ਬਿਹਤਰ ਅਸਤ ਅਜ਼ ਦੋਸਤੇ ਨਾਦਾਨ।

(੭੦) ਸਿਦਕ ਸਾਬਤ ਮੰਜ਼ਲ ਅਸਾਨ।

ਦੇਖੋ:—ਸਿਦਕ ਸਬੂਰੀ ਸਜਣਾ ਦਰਗਾਹੇ ਲੇਖਾ।

(੭੧) ਸਿਰ ਕਾਇਮ ਤੇ ਜੰਗ ਦਾਇਮ।

ਜਦ ਇਹ ਦਸਣਾ ਹੋਵੇ ਕਿ ਜਾਨ ਨਾਲ ਹੀ ਜਹਾਨ ਹੈ, ਤਦ ਕਹਿੰਦੇ ਹਨ।

ਫਾਰਸੀ:—ਸਰ ਕਾਇਮ ਵ ਜੰਗ ਦਾਇਮ।

ਉਰਦੂ:—ਏਕ ਤੰਦਰੁਸਤੀ ਹਜ਼ਾਰ ਨਿਆਮਤ।

(੭੨) ਸਿਰ ਚਕੀਦਾ ਭੁੰਜੇ ਪੈਂਦਾ ਹੈ ਤਾਂ ਪਵੇ।

ਜਦ ਕਿਸੇ ਆਦਮੀ ਨੂੰ ਬੜਾ ਸਮਝਾਇਆ ਜਾਵੇ, ਤੇ ਉਸਦੀ ਹਰ ਗਲ ਮੰਨੀ ਜਾਏ, ਪਰ ਉਹ ਫੇਰ ਭੀ ਰੁਸ ੨ ਬਹੇ, ਤਾਂ ਬੋਲਦੇ ਹਨ।

(੭੩) ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ।

ਕੋਈ ਆਦਮੀ ਬਿਲਕੁਲ ਬੇ-ਲਗਾਮ ਹੋਕੇ ਜੋ ਜੀ ਚਾਹੇ ਬੁਰਿਆਈ ਕਰਦਾ ਫਿਰੇ ਤੇ ਉਸਨੂੰ ਹਟਕਣ ਵਾਲਾ ਕੋਈ ਨ ਹੋਵੇ, ਤਾਂ ਬੋਲਦੇ ਹਨ।

(੭੪) **ਸਿਰ ਨ੍ਹਾਤੀ ਧੋਤੀ ਕੰਘੀ ਵਾਹੀ, ਤੇ ਲੈਣ ਨ ਕੋਈ ਆਈ ।**

ਦੇਖੋ:—ਨ੍ਹਾਤੀ ਧੋਤੀ ਰਹਿ ਗਈ ਤੇ ਉਤੇ ਮਖੀ ਬੈਹ ਗਈ ।

(੭੫) **ਸਿਰ ਮੁਨਾਕੇ ਭੱਦ੍ਰਾਂ ਪੁਛੀਆਂ ।**

ਜਦ ਕੋਈ ਆਦਮੀ ਕੋਈ ਚੰਗਾ ਮੰਦਾ ਕੰਮ ਕਰਕੇ ਨੁਕਸਾਨ ਉਠਾਕੇ, ਫਿਰ ਕਿਸੇ ਪਾਸੋਂ ਉਸਦੇ ਹਾਣ ਲਾਭ ਬਾਬਤ ਸਲਾਹ ਪੁਛੇ, ਤਾਂ ਅਗੋਂ ਸ਼ਲਾਹ ਦਸਣ ਵਾਲਾ ਇਉਂ ਕਹਿੰਦਾ ਹੈ ।

(੭੬) **ਸਿਰ ਵਡੇ ਸਰਦਾਰਾਂ ਦੇ, ਪੈਰ ਵਡੇ ਗਵਾਰਾਂ ਦੇ ।**

ਜਦ ਕਿਸੇ ਮੂਰਖ ਦੇ ਵਡੇ ਪੈਰ ਦੇਖੇ ਜਾਣ ਤਾਂ ਇਹ ਅਖਾਣ ਪਾਈਦਾ ਹੈ । ਅਰਥ ਸਾਫ ਹੈ ।

(੭੭) **ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ ।**

ਦੇਖੋ:—ਅੰਖੋਂ ਅੰਨੀ ਮਮੀਰੇ ਦਾ ਸੁਰਮਾ ।

(੭੮) **ਸਿਰੋਂ ਗੰਜੀ ਤੇ ਭਖੜਿਆਂ ਵਿਚ ਕਲਾ ਬਾਜੀਆਂ ।**

ਦੇਖੋ:—ਅੰਨ੍ਹੀ ਨੈਣ ਵੰਝ ਦਾ ਨਹੇਰਨਾ ।

(੭੯) **ਸਿਰੋਂ ਪੈਰੋਂ ਨੰਗੇ ਹਾਂ, ਜਹਾਨ ਨਾਲੋਂ**

ਚੰਗੇ ਹਾਂ।

ਜਦ ਕੋਈ ਆਦਮੀ ਆਪਣੀਆਂ ਕਮਜ਼ੋਰੀਆਂ ਨੂੰ ਸਮਝਕੇ ਭੀ ਆਪਣੇ ਆਪਨੂੰ ਸਭ ਨਾਲੋਂ ਚੰਗਾ ਜਤਾਉਣਾ ਚਾਹੇ, ਤਾਂ ਇਹ ਅਖਾਣ ਪਾਉਂਦਾ ਹੈ। ਹੇਠੋਂ ਉਤੋਂ ਨੰਗੇ ਹਾਂ ਭੀ ਵਰਤਦੇ ਹਨ।

(੮੦) ਸਿਲੇਹਾਰ ਨੂੰ ਸਿਲੇਹਾਰ ਨਹੀਂ ਭਾਉਂਦੀ।

ਸਿਲੇਹਾਰ = ਸਿਲਾ ਚੁਗਣ ਵਾਲੀ।

ਸਿਲਾ = ਵਾਢੀ ਤੋਂ ਪਿਛੋਂ ਬਚੇ ਖੁਚੇ ਸਿਟੇ।

ਜਦ ਇਕੋ ਕੰਮ ਕਰਨ ਵਾਲੇ ਦੋ ਜੀਅ ਆਪੋ ਵਿਚ ਇਕ ਦੂਜੇ ਦੇ ਉਲਟ ਚਾਲਾਂ ਚਲਣ, ਤਾਂ ਕਿਹਾ ਜਾਂਦਾ ਹੈ।

ਦੇਖੋ:—ਬਾਹਮਣ ਦਾ ਬਾਹਮਣ ਵੈਰੀ ਜਾਂ ਕੁਤੇ ਦਾ ਕੁੱਤਾ ਵੈਰੀ।

ਅੰਗ੍ਰੇਜ਼ੀ:—Two of a trade seldom agree.

(੮੧) ਸਿੰਗ ਨਾਲ ਦੋਸਤੀ ਤੇ ਦੁੰਬ ਨਾਲ ਵੈਰ।

ਜਦ ਕੋਈ ਆਦਮੀ ਇਕ ਨਾਲ ਤਾਂ ਮਿਤ੍ਰਤਾ ਰਖੇ, ਪਰ ਉਸਦੇ ਕਿਸੇ ਹੋਰ ਸਜਣ ਸਨੇਹੀ ਦਾ ਵਿਰੋਧੀ ਹੋਵੇ, ਤਾਂ ਕਹਿੰਦੇ ਹਨ।

(੮੨) ਸਿੰਘ ਸ਼ਰਾਬੀ ਘੋੜਾ ਕਾਜੇ।

ਜਦ ਕੋਈ ਆਦਮੀ ਆਪਣਾ ਮਤਲਬ ਕਢਕੇ ਪਿਛੇ ਦੀ ਕੋਈ ਖਬਰ ਸਾਰ ਨਾ ਲਵੇ, ਤਦ ਇਹ ਅਖਾਣ ਘਟਾਉਂਦੇ ਹਨ।

ਦੇਖੋ:—ਕੋਠਾ ਉਸਰਿਆ ਤਰਖਾਣ ਵਿਸਰਿਆ।

ਕੋਈ ਸਿਪਾਹੀ ਸ਼ਰਾਬ ਪੀਕੇ ਘੋੜੇ ਤੇ ਚੜ੍ਹ ਬੈਠਾ। ਹਵਾ ਲਗਕੇ ਨਸ਼ਾ ਬਹੁਤ ਚੜ੍ਹ ਗਿਆ। ਸਰਾਂ ਵਿਚ ਆਕੇ ਆਪ ਤਾਂ ਕਿਸੇ ਮੰਜੀ ਤੇ ਡਿਗ ਪਿਆ, ਪਰ ਘੋੜਾ ਉਸੇਤਰ੍ਹਾਂ ਕਾਜੇ ਕੀਤਾ ਰਿਹਾ। ਨਾ ਕਿਸੇ ਕਾਠੀ ਖੋਲੀ, ਨਾ ਲਗਾਮ ਲਾਹੀ, ਨਾ ਪੱਠਾ ਨਾ ਪਾਣੀ। ਇਸ ਤੋਂ ਇਹ ਅਖਾਣ ਬਣਿਆ।

(੮੩) ਸੀਸ ਨਿਵਾਇ ਕੀ ਕਰਨ ਜੇ ਮਨੋਂ ਕੁਸੁਧੇ ਜਾਣ। ਜਾਂ

(੮੪) ਸੀਸ ਨਿਵਾਇ ਕੀ ਕਰਨ ਜੇ ਰਿਦੇ ਨ ਭਿਜਣ। ਜਾਂ

(੮੫) ਸੀਸ ਨਿਵਾਏ ਕਿਆ ਥੀਐ ਜੇ ਰਿਦੈ ਕੁਸੁਧੇ ਜਾਹਿ। (ਗੁਰਬਾਣੀ)

ਕੋਈ ਆਦਮੀ ਦਿਲੋਂ ਖੋਟਾ ਤੇ ਪਾਪੀ ਹੋਵੇ, ਪਰ ਉਤੋਂ ਬੜੀਆਂ ਮਿਠੀਆਂ ੨ ਗਲਾਂ ਕਰੇ ਜਾਂ ਧਰਮ ਅਸਥਾਨ ਵਿਚ ਜਾਕੇ ਖੂਬ ਮਥੇ ਰਗੜੇ, ਤਾਂ ਕਹਿੰਦੇ ਹਨ।

(੮੬) ਸੀਨੇ ਬਸੀਨੇ ਰਖਣ, ਸ੍ਵਾਦ ਚੱਖਣ

ਭੇਤ ਨੂੰ ਦਿਲ ਵਿਚ ਰਖਣ ਦੀ ਸਿਖਿਆ ਹੈ।

(੮੭) ਸੁਆਦਾਂ ਪੁਟੀ ਸਰਹਿੰਦ ਬਸੀਦੇ ਹੋ ਗਏ ਕੋਲੇ।

ਦੇਖੋ:—ਗੁੜ ਗਿਝੀ ਰੰਨ ਵਿਗੋਏ, ਛੱਲੀ ਪੂਣੀ ਹਟੀ ਢੋਏ।

(੮੮) ਸੁਕੀ ਸਿੰਉਂ ਹਰੀ ਹੋ ਰਹੇਗੀ।

ਜਦ ਇਹ ਸਮਝਾਉਣਾ ਹੋਵੇ ਕਿ ਮੇਹਨਤ ਕਰਕੇ ਸੁਕੀ ਲਕੜ ਨੂੰ ਭੀ ਹਰਿਆਂ ਕਰ ਲਈਦਾ ਹੈ, ਤਾਂ ਕਹਿੰਦੇ ਹਨ।

(੮੯) ਸੁਖੀ ਸੌਣ ਸ਼ੇਖ, ਜਿਨ੍ਹਾਂ ਦੇ ਟਟੂ ਨ ਮੇਖ।

ਜਦ ਕੋਈ ਧਨੀ ਬੰਦਾ ਦੁਖੀ ਹੋਵੇ ਤਾਂ ਕਹਿੰਦਾ ਹੈ, ਭਾਵ ਇਹ ਕਿ ਜਿਸ ਕੋਲ ਮਾਲ ਥੋੜਾ ਹੈ, ਉਸਨੂੰ ਫਿਕਰ ਚਿੰਤਾ ਭੀ ਥੋੜੀ ਹੈ।

ਅੰਗ੍ਰੇਜ਼ੀ:—(*a*) Little goods little care.

(*b*) Uneasy lies the head that wears a crown.

ਫਾਰਸੀ:—ਦਸਤਾਰ ਨ ਦਾਰੇਮ, ਗਮੇ ਪੇਚ ਨ ਦਾਰੇਮ, ਮਾ ਹੇਚ ਨ ਦਾਰੇਮ, ਗਮੇ ਹੇਚ ਨ ਦਾਰੇਮ, (ਜਾਂ) ਖੁਸ਼ ਆਂ ਵਕਤ ਕਿ ਖਰ ਨਾ ਦਾਰਦ।

(੯੦) ਸੁਘੜ ਨਾਲ ਭਿਖ ਮੰਗ ਲਈ ਚੰਗੀ ਤੇ ਮੂਰਖ ਨਾਲ ਰਾਜ ਰਾਵਿਆ ਮੰਦਾ।

ਦੇਖੋ:—ਅਕਲ ਵਾਲੇ ਨਾਲ ਭੀਖ ਮੰਗ ਲਈ ਚੰਗੀ, ਤੇ ਮੂਰਖ ਨਾਲ ਰਾਜ ਰਾਵਿਆ ਮੰਦਾ।

(੯੧) ਸੁਤਾ ਮੋਇਆ ਇਕ ਬਰਾਬਰ।

ਜਦ ਇਹ ਦਸਣਾ ਹੋਵੇ ਕਿ ਸੁਤਾ ਬੰਦਾ ਬੇਖਬਰ ਹੁੰਦਾ ਹੈ, ਤਾਂ ਕਹਿੰਦੇ ਹਨ।

(੯੨) ਸੁਤੀ ਨ ਤੇ ਕਤਿਆ ਹੀ ਸਹੀ।

ਆਪਣੇ ਵਕਤ ਨੂੰ ਵੇਹਲਾ ਗਵਾਉਣ ਦੀ ਥਾਂ ਜੇ ਕੋਈ ਮਾੜਾ ਮੋਟਾ ਕੰਮ ਛੋਹ ਛਡੇ ਤੇ ਕੋਈ ਕਹੇ ਕਿ ਕੀ ਧੰਧਾ ਗਲ ਪਾ ਲਿਆ ਈ, ਤਾਂ ਅਗੋਂ ਇਉਂ ਕਹਿ ਸਕੀਦਾ ਹੈ।

(੯੩) ਸੁਤੇ ਪਏ ਮੁੰਡੇ ਦਾ ਮੂੰਹ ਚੁੰਮਿਆ, ਨਾ ਮੁੰਡਾ ਰਾਜੀ ਨਾ ਮੁੰਡੇ ਦੀ ਮਾਂ।

ਕਿਸੇ ਦੀ ਗੁਝੀ ਮਦਦ ਕਰਨ ਤੋਂ ਰੋਕਣ ਲਗਿਆਂ, ਇਹ ਅਖਾਣ ਵਰਤਦੇ ਹਨ।

(੯੪) ਸੁਨਿਆਰਾ ਸਿਖ ਨਹੀਂ ਤੇ ਰਿਓੜੀ ਪ੍ਰਸ਼ਾਦ ਨਹੀਂ ।

ਜਾਂ

(੯੫) ਸੁਨਿਆਰਾ ਹੋਵੇ ਪਾਰ ਤੇ ਗੰਢ ਸੰਭਾਲੀਏ ਉਰਾਰ।

ਜਾਂ

ਸੁਨਿਆਰਾ ਤਾਂ ਆਪਣੀ ਮਾਂ ਦੇ ਗਹਿਣੇ ਵਿਚੋਂ ਵੀ ਸੋਨਾ ਟੁਕ ਲੈਂਦਾ ਹੈ।

ਜਦ ਕੋਈ ਸੁਨਿਆਰਾ ਕਿਸੇ ਨੂੰ ਧੋਖਾ ਦੇ ਜਾਵੇ, ਤਾਂ ਕਹਿੰਦੇ ਹਨ।

(੯੬) ਸੁਰਮਾ ਪਾਇਆ ਜੋਤ ਨੂੰ, ਤੇ ਖਲਕਤ ਮਰ ਗਈ ਸੋਚ ਨੂੰ ।

ਜਦ ਕੋਈ ਬੁਢੀ ਜਨਾਨੀ ਸੁਰਮਾ ਜਾਂ ਉਜਲਾ ਕਪੜਾ ਪਾਵੇ, ਤੇ ਕੋਈ ਉਸਨੂੰ ਟੋਕੇ, ਤਾਂ ਅਗੋਂ ਉਸਦੇ ਮੂੰਹੋ ਇਹ ਅਖਾਣ ਨਿਕਲਦਾ ਹੈ।

(੯੭) ਸੁੰਞੇ ਮਹਿਲ ਡਰਾਉਣੇ, ਬਰਕਤ ਮਰਦਾਂ ਨਾਲ ।

ਜਦ ਕਿਸੇ ਉਘੇ ਆਦਮੀ ਖੁਣੋ ਬੇਰੌਣਕੀ ਜਾਪੇ, ਤਾਂ ਇਹ ਅਖਾਣ ਪਾਉਂਦੇ ਹਨ।

(੯੮) ਸੁੰਢਦੀਗੰਢੀਲਭਕੇਪਸਾਰੀ ਬਣਬੈਠਾ ਹੈ।

ਦੇਖੋ = ਚੂਹੇ ਨੂੰ ਸੁੰਢ ਦੀ ਗੰਢੀ.........

(੯੯) ਸੂਏ ਖੋਤੀ, ਕਿਲ੍ਹੇ ਘੁਮਿਆਰ ।

ਕਿਸੇ ਦੇ ਦੁਖ ਉਤੇ ਦੂਸਰਾ ਐਵੇਂ ਕਾਹਲਾ ਪੈਂਦਾ ਫਿਰੇ, ਤਾਂ ਕਹਿੰਦੇ ਹਨ ।

(੧੦੦) ਸੂਮਾਂ ਦੀ ਖਟੀ ਤੇ ਕੁਤੇ ਗਏ ਗਵਾ।

ਕਿਸੇ ਕੰਜੂਸ ਦਾ ਮਰ ਮਰਕੇ ਜੋੜਿਆ ਹੋਇਆ ਧਨ ਜੇ ਅਚਨਚੇਤ ਹੀ ਨਸ਼ਟ ਹੋ ਜਾਵੇ,ਤਾਂ ਇਹ ਅਖਾਣ ਵਰਤਦੇ ਹਨ।

(੧੦੧) ਸੂਰਾਂ ਨੂੰ ਖੀਰ, ਤੇ ਬਾਂਦਰਾਂ ਨੂੰ ਬਨਾਤ ਦੀਆ ਟੋਪੀਆਂ ।

ਜਦ ਕਿਸੇ ਆਦਮੀ ਨੂੰ ਅਜੇਹੀ ਚੀਜ ਦਿਤੀ ਜਾਵੇ, ਜਿਸਨੂੰ ਉਹ ਉੱਕਾ ਹੀ ਵਰਤੋਂ ਵਿਚ ਨਾ ਲਿਆ ਸਕਦਾ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Heney is not for ass's mouth.

ਫਾਰਸੀ:—ਚਿ ਦਾਨਦ ਬੂਜ਼ਨਾ ਲਜ਼ਾਤਿ ਅਧਰਕ।

(੧੦੨) ਸੂਰਾਂ ਨੂੰ ਪੋਨੇਂ ਤੇ ਬਾਂਦਰਾਂ ਨੂੰ ਬਨਾਤਾਂ।

ਵੇਖੋ:—ਸੂਰਾਂ ਨੂੰ ਖੀਰਾਂ ਤੇ ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ।

(੧੦੩) ਸੂਲਾਂ ਜੰਮਦੀਆਂ ਦੇ ਮੂੰਹ ਤਿਖੇ।

ਜਦ ਕੋਈ ਏਂਚਾ ਛੋਟੀ ਉਮਰ ਤੋਂ ਹੀ ਆਪਣੇ ਖਾਸ ਗੁਣਾਂ ਜਾਂ ਔਗਣਾਂ ਦੀਆਂ ਨਿਸ਼ਾਨੀਆਂ ਦਸਣ ਲਗ ਜਾਵੇ, ਤਾਂ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Coming events, cast their shadows before.

ਫਾਰਸੀ:—ਇਸ਼ਾਰੇ ਸ਼ਦਨੀ ਪੇਸ਼ਤਰ ਹਵੈਦਾ ਸ਼ੁਦ।

ਹਿੰਦੀ:—ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ।

(੧੦੪) ਸੂਲੀ ਚੜ੍ਹਿਆ ਚੋਰ, ਤੇਹੱਸਣ ਹਾਰਾਲੋਕ।

ਜਦ ਕਿਸੇ ਦੁਖ ਪਾਉਣ ਵਾਲੇ ਨੂੰ ਵੇਖਕੇ ਉਸ ਨਾਲ ਸਨੇਹ ਨ ਜਿਤਾਇਆ ਜਾਵੇ, ਤਦ ਇਹ ਅਖਾਣ ਵਰਤਦੇ ਹਨ।

(੧੦੫) ਸੇਜ ਬਿਗਾਨੀ ਸੁੱਤਾ, ਖਰਾ ਵਿਗੁਤਾ।

ਪਰ ਇਸਤਰੀ ਦਾ ਖਿਆਲ ਕਰਨ ਦੇ ਉਲਟ ਸਿਖਿਆ ਹੈ।

(੧੦੬) ਸ਼ੇਰ ਖਾਂਦਾ ਪਾ ਖਾਵੇ, ਮਰੇ ਨਹੀਂ ਪਰ ਕੰਮੋਂ ਜਾਵੇ।

ਇਹ ਇਕ ਸਰੀਰਕ ਸਿਖਿਆ ਹੈ, ਜਿਹੜਾ ਆਦਮੀ ਝਟ ਪਟ ਆਪਣੀ ਖੁਰਾਕ ਘਟਾ ਦੇਵੇ, ਉਸਦਾ ਸਰੀਰ ਜਰੂਰ ਹੀ ਲਿਸਾ ਹੋ ਜਾਂਦਾ ਹੈ।

(੧੦੭) ਸੇਵਾ ਤੋਂ ਮੇਵਾ ਮਿਲਦਾ ਹੈ।

ਭਾਵ—ਜੇਹੜਾ ਆਦਮੀ ਕਿਸੇ ਦੀ ਸੇਵਾ ਕਰਦਾ ਹੈ, ਉਸਨੂੰ ਉਸਦਾ ਫਲ ਜਰੂਰ ਮਿਲਦਾ ਹੈ।

ਅੰਗ੍ਰੇਜ਼ੀ:—(*a*) He who would eat the nut must first crack it.
(*b*) No pain no again.

(੧੦੮) ਸੋਈਓ ਫੱਬੇ, ਜੇਹੜੀ ਛੜਦੀ ਚੱਬੇ।

ਜਦ ਇਹ ਜਤਾਉਣਾ ਹੋਵੇ, ਕਿ ਜੇ ਕੋਈ ਕਿਸੇ ਦਾ ਕੰਮ ਕਰਕੇ ਖਾ ਭੀ ਲਵੇ,ਤਾਂ ਉਹ ਨਹੀਂ ਦੁਖਦਾ, ਪਰ ਵੇਹਲਾ ਖਾਣ ਵਾਲਾ ਦੁਖਦਾਈ ਮਲੂਮ ਹੁੰਦਾ ਹੈ, ਤਾਂ ਬੋਲਦੇ ਹਨ।

(੧੦੯) ਸੋਈਓ ਮੇਰਾ ਸੱਕਾ, ਜੇਹੜਾ ਦੇਵੇ ਰਿੱਧਾ ਪੱਕਾ।

ਉਸ ਲਾਲਚੀ ਨੂੰ ਵੇਖਕੇ ਜੋ ਸਦਾ ਉਨ੍ਹਾਂ ਨਾਲ ਹੀ ਵਾਹ ਰਖੇ, ਜੋ ਉਸਦਾ ਉਲੂ ਸਿਧਾ ਕਰ ਸਕਦੇ ਹੋਣ, ਇਹ

ਅਖਾਣ ਵਰਤਦੇ ਹਨ।

(੧੧੦) ਸੋਈ ਸ਼ਾਹ ਜਿਨ ਕੀਤਾ ਨਹੀਂ ਵਿਆਹ।

ਜਦ ਕੋਈ ਆਦਮੀ ਆਪਣੇ ਧਨ ਦਾ ਮਾਣ ਕਰੇ, ਤਾਂ ਵੇਖਣ ਵਾਲੇ ਇਹ ਅਖਾਣ ਪਾਕੇ ਕਹਿੰਦੇ ਹਨ ਕਿ ਕੋਈ ਭਾਰਾ ਖਰਚ ਸਿਰ ਤੇ ਪਵੇਗਾ ਤਾਂ ਇਹ ਮਾਣ ਭੁਜ ਜਾਵੇਗਾ।

(੧੧੧) ਸੋਟਾ ਪੀਰ ਹੈ ਵਿਗੜਿਆਂ ਤਿਗ-ੜਿਆਂ ਦਾ।

ਇਹ ਵਾਰਸ ਸ਼ਾਹ ਦੀ ਹੀਰ ਦਾ ਇਕ ਮਿਸਰਾ ਅਖਾਣ ਬਣਾਇਆ ਹੋਇਆ ਹੈ। ਅਰਥ ਸਪਸ਼ਟ ਹੈ।

(੧੧੨) ਸੋਨਾ ਹੋਵੇ ਤਾਂਘੜਾਈਉਂ ਮਹਿੰਗਾ ਏ?

ਜਦ ਕਿਸੇ ਨੂੰ ਕੋਈ ਵਡ-ਮੁੱਲੀ ਵਸਤੂ ਮਿਲਦੀ ਹੋਵੇ, ਪਰ ਉਹ ਉਸ ਚੀਜ਼ ਦੀ ਪਰਾਪਤੀ ਦੇ ਥੋੜੇ ਜਿਹੇ ਖਰਚ ਤੋਂ ਘਬਰਾਵੇ, ਤਾਂ ਕਹਿੰਦੇ ਹਨ।

(੧੧੩) ਸੋਨੇ ਰੁੱਪੇ ਲੱਦੀ, ਅੰਤ ਘੁਮਿਆਰੀ ਸੱਦੀ।

ਜਦ ਕੋਈ ਗਰੀਬ ਜਾਂ ਕੋਹੜਾ ਪੁਰਸ਼ ਸਜਾਉਟਾਂ ਕਰ ਕਰ ਦਸੇ, ਤਾਂ ਉਸ ਨਾਲ ਈਰਖਾ ਰਖਣ ਵਾਲੇ ਆਖਦੇ ਹਨ।

(੧੧੪) ਸੌ ਸਬੂਣਾਂ ਦੇ ਲਗੇ, ਕਾਲੇ ਕਦੇ ਨ ਹੁੰਦੇ ਬਗੇ।

ਜਦ ਕਿਸੇ ਦੇ ਕੁਦਰਤੀ ਭੈੜ ਨੂੰ ਹਟਾਉਣ ਦਾ ਜਤਨ ਕੀਤਿਆਂ ਕੋਈ ਫਲ ਨ ਨਿਕਲੇ, ਤਾਂ ਵਰਤਦੇ ਹਨ।

ਵੇਖੋ:-ਕੁੱਤੇ ਦੀ ਪੂਛ ਕਦੇ ਸਿਧੀ ਨਹੀਂ ਹੁੰਦੀ।

ਅੰਗ੍ਰੇਜ਼ੀ:-Can the Ethopian change his skin.

(੧੧੫) ਸੌ ਸਾਲ ਨ ਸੜੇਗਾ, ਦਾਲ ਜਿਹਾ ਹੋ ਰਹੇਗਾ।

ਬਹੁਤ ਸਮਝਾਉਣ ਉਪਰ ਭੀ ਜਿਸ ਆਦਮੀ ਦੀ ਆਦਤ ਨ ਪਲਟੇ, ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੧੧੬) ਸੌ ਸਿਆਣਿਆਂ ਇਕੋ ਮਤ, ਮੂਰਖ ਆਪੋ ਆਪਣੀ।

ਜਦ ਦੋਹਾਂ ਚੌਹਾਂ ਸਿਆਣਿਆਂ ਨੂੰ ਪੁਛਣ ਪੁਰ ਇਕੋ ਜਿਹੀ ਸਲਾਹ ਮਿਲੇ, ਤਾਂ ਕਹਿੰਦੇ ਹਨ।

(੧੧੭) ਸੌ ਸੁਨਿਆਰ ਦੀ, ਇਕ ਲੁਹਾਰ ਦੀ।

ਇਕ ਆਦਮੀ ਇਕੋ ਵਾਰੀ ਵਿਚ ਇੰਨਾ ਕੰਮ ਕਰ ਲਵੇ, ਜਿੰਨਾ ਕੋਈ ਹੋਰ ਬਹੁਤੇ ਚਿਰ ਵਿਚ ਕਰੇ, ਤਾਂ ਬੋਲਿਆ ਜਾਂਦਾ ਹੈ।

ਫਾਰਸੀ:-ਸਦ ਸੁਨਾਰ ਵ ਯਕ ਲੁਹਾਰ।

(੧੧੮) ਸੌ ਹਥ ਰਸਾ, ਸਿਰੇ ਤੇ ਗੰਢ।

ਜਦ ਇਹ ਦਸਣਾ ਹੋਵੇ ਕਿ ਭਾਵੇਂ ਕਿਨਾ ਹੇਰ ਫੇਰ ਕਰ ਲਉ, ਨਤੀਜਾ ਅੰਤ ਉਹੋ ਹੋਵੇਗਾ। ਭਾਵ, ਬਹੁਤਾ ਵਧਾਣ ਵਧਾਉਣਾ ਚੰਗਾ ਨਹੀਂ, ਰਸਾ ਭਾਵੇਂ ਕਿੰਨਾ ਹੋਵੇ, ਗੰਢ

ਅਖੀਰ ਇਕੋ ਥਾਂ ਹੀ ਬੱਝੇਗੀ।

(੧੧੯) ਸੌਹਰਾ ਮੂੰਹ ਨਾ ਧਰੇ, ਤੇਨੂੰਹ ਹਗਾਰ ਭਰੇ।

ਵੇਖੋ:—ਅੰਙਣ ਆਇਆ ਭਾਵੇਂ ਨਾ ਤੇ ਕੁਙਣ ਬਹੇ ਨਿਲੱਜ।

(੧੨੦) ਸੌ ਚਾਚਾ ਤੇ ਇਕ ਪਿਉ, ਸੌ ਦਾਰੂ ਤੇ ਇਕ ਘਿਉ।

ਜਦ ਕਿਸੇ ਨੂੰ ਦਸਣਾ ਹੋਵੇ ਕਿ ਪਿਤਾ ਸਭ ਤੋਂ ਪਿਆਰਾ ਸਾਕ ਹੈ, ਜਾਂ ਘਿਉ ਸਭ ਤੋਂ ਉਤਮ ਖੁਰਾਕ ਹੈ, ਤਾਂ ਬੋਲਦੇ ਹਨ।

(੧੨੧) ਸੌ ਚੂਹਾ ਖਾਕੇ, ਬਿਲੀ ਹੱਜ ਨੂੰ ਚੱਲੀ।

ਜਦ ਕੋਈ ਆਦਮੀ ਆਪਣੀਆਂ ਭੈੜੀਆਂ ਕਰਤੂਤਾਂ ਕਰਕੇ ਸਾਰੀ ਉਮਰ ਬਦਨਾਮੀ ਖਟਦਾ ਰਿਹਾ ਹੋਵੇ, ਤੇ ਕਿਸੇ ਵੇਲੇ ਦਿਖਾਵੇ ਮਾਤਰ ਲਈ ਚੰਗੇ ਕੰਮ ਵਿਚ ਰੁਝ ਪਏ, ਤਦ ਦੇਖਣ ਵਾਲੇ ਕਹਿੰਦੇ ਹਨ। ਕਹਿਣ ਦਾ ਭਾਵ ਇਹ ਹੁੰਦਾ ਹੈ ਕਿ ਇਸ ਦਾ ਮਨ ਕਾਲਾ ਹੈ, ਪਰ ਉਤੋਂ ਉਤੋਂ ਚੰਗਾ ਬਣਕੇ ਦਿਖਾਉਂਦਾ ਹੈ।

(੧੨੨) ਸੋਣਾ ਰੂੜੀਆਂ ਤੇ, ਸੁਫਨੇ ਸ਼ੀਸ਼ ਮਹਿਲਾਂ ਦੇ।

ਜਦ ਕੋਈ ਆਪਣੀ ਹਿੰਮਤ ਤੋਂ ਬਹੁਤ ਉੱਚੀਆਂ ਆਸਾਂ ਬੰਨ੍ਹੇ, ਤਾਂ ਬੋਲਦੇ ਹਨ।

(੧੨੩) ਸੌ ਦਾਰੂ ਤੇ ਇਕ ਪੱਥ।

ਕੋਈ ਆਦਮੀ ਦਵਾਈ ਖਾਵੇ, ਪਰ ਪ੍ਰਹੇਜ਼ ਨਾ ਰਖੇ, ਤਾਂ ਉਸਨੂੰ ਕਿਹਾ ਜਾਂਦਾ ਹੈ। ਭਾਵ ਇਹ ਕਿ ਪ੍ਰਹੇਜ਼ ਦਵਾਈ ਨਾਲੋਂ ਸੌ ਗੁਣਾਂ ਜਰੂਰੀ ਹੈ।

ਅੰਗ੍ਰੇਜ਼ੀਃ—Diet cures more than Doctor.

(੧੨੪) ਸੌ ਦਿਨ ਚੋਰ ਦਾ ਇਕਦਿਨ ਸਾਧਦਾ।

ਕੋਈ ਆਦਮੀ ਬਹੁਤ ਚਿਰ ਚੋਰੀ ਆਦਿਕ ਪਾਪ ਕਰਦਾ ਰਹੇ ਤੇ ਅੰਤ ਫੜਿਆ ਜਾਵੇ, ਜਾਂ ਉਸਨੂੰ ਸਮਝਾਉਣਾ ਹੋਵੇ ਕਿ ਇਕ ਦਿਨ ਕਾਬੂ ਆ ਜਾਏਂਗਾ, ਤਾਂ ਬੋਲਦੇ ਹਨ:—

ਅੰਗ੍ਰੇਜ਼ੀ:—God stays long but strikes at last.

(੧੨੫) ਸੌਂਹ ਦੇਈਏ ਜੀਅ ਦੀ, ਨਾ ਪੁਤ ਦੀ ਨਾ ਧੀ ਦੀ।

ਜਦ ਇਹ ਕਹਿਣਾ ਹੋਵੇ ਕਿ ਮੈਂ ਆਪਣੀ ਜ਼ਿਮੇਵਾਰੀ ਦੇ ਸਕਦਾ ਹਾਂ ਹੋਰ ਕਿਸੇ ਦਾ ਜ਼ਿਮੇਵਾਰ ਨਹੀਂ, ਤਾਂ ਕਹੀਦਾ ਹੈ।

(੧੨੬) ਸੌਂਕਣ ਸਹੇਲੀ ਨਹੀਂ, ਲੁਬਾਣਾ ਬੇਲੀ ਨਹੀਂ।

ਜਦ ਕੋਈ ਸੌਂਕਣ ਵੈਰ ਕਮਾਵੇ ਜਾਂ ਲੁਬਾਣਾ ਜਾਤ ਦਾ ਕੋਈ ਮਿਤ੍ਰ ਧੋਖਾ ਦੇ ਜਾਵੇ, ਤਾਂ ਕਹਿੰਦੇ ਹਨ।

(੧੨੭) ਸੌਂਕਣ ਤੇ ਸੁਹਾਗਣ ਕੇਹੀ, ਕਰ ਦੇ ਸਾਈਆਂ ਇਕੋ ਜੇਹੀ ।

ਸੌਂਕਣ ਦੇ ਹਥੋਂ ਤੰਗ ਆਕੇ ਕਿਸੇ ਨੇ ਕਿਹਾ ਹੈ, ਕਿ ਰਬਾ ਇਹ ਦੁਖ ਮੇਟ ਤੇ ਹਥੋਂ ਪਤੀ ਨੂੰ ਹੀ ਮਾਰ ਸੁਟ, ਤਾਂ ਜੋ ਦੋਵੇਂ ਇਕੋ ਜਹੀਆਂ ਹੋ ਜਾਈਏ ?

(੧੨੮) ਸੰਘੋਂ ਲੱਥਾ, ਜਿਹਾ ਲੱਡੂ ਤਿਹਾ ਮੱਠਾ।

ਜੀਭ ਦੇ ਸਵਾਦਾਂ ਦੇ ਉਲਟ ਉਪਦੇਸ਼ ਦੇਣ ਵੇਲੇ ਕਹਿੰਦੇ ਹਨ ।

(੧੨੯) ਸ਼ਹਿਰੀਂ ਵਸਣ ਦੇਵਤੇ, ਕਸਬੀਂ ਰਹਿਣ ਮਨੁਖ । ਪਿੰਡੀ ਵਸਣ ਭੂਤਨੇ ਢਾਹ ੨ ਸੁਟਦੇ ਰੁਖ !

ਸ਼ਹਿਰ ਦੇ ਵਸੇਬੇ ਦੇ ਹਕ ਵਿਚ ਬੋਲਣ ਵਾਲੇ ਬਹੁਤ ਕਰਕੇ ਇਹ ਅਖਾਣ ਬੋਲਦੇ ਹਨ। ਦੇਵਤੇ ਤੋਂ ਭਾਵ ਸਭਯਤਾ ਵਾਨ ਮਨੁਖ, ਤੇ ਭੂਤਨੇ ਤੋਂ ਭਾਵ ਸਭਯਤਾਹੀਨ ਤੋਂ ਹੈਨ ।

(੧੩੦) ਸ਼ੱਕਰ ਖੋਰੇ ਨੂੰ ਸ਼ੱਕਰ, ਤੇ ਮੁਫਤ ਖੋਰੇ ਨੂੰ ਟੱਕਰ ।

ਇਹ ਦੋ ਅਖਾਣ ਜੁੜੇ ਹੋਏ ਹਨ। ਜਦ ਕਿਸੇ ਨੂੰ ਮਨਭਾਉਂਦੀ ਸ਼ੈ ਮਿਲ ਜਾਵੇ ਜਾਂ ਕੋਈ ਮੁਫਤ ਵਿਚ ਕੰਮ ਕਰਾਉਂਦਾ ੨ ਉਲਟਾ ਨੁਕਸਾਨ ਉਠਾ ਬੈਠੇ,ਤਾਂ ਕਹਿੰਦੇ ਹਨ।

(੧੩੧) ਸ਼ਕਲ ਚੁੜੇਲਾਂ, ਦਿਮਾਗ ਪਰੀਆਂ।

ਜਦ ਕੋਈ ਆਦਮੀ ਵੇਲੇ ਸਿਰ ਗਲ ਨਾ ਕਰੇ ਤੇ ਪਿਛੋਂ ਰੌਲਾ ਪਾਵੇ, ਤਾਂ ਕਹਿੰਦੇ ਹਨ।

(੧੩੨) ਸ਼ਕਲ ਮੋਮਨਾਂ ਕਰਤੂਤ ਕਾਫਰਾਂ।

ਕੋਈ ਆਦਮੀ ਸ਼ਕਲ, ਲਿਬਾਸ, ਤੇ ਬੋਲ ਚਾਲ ਤੋਂ ਤਾਂ ਭਲਾਮਾਨਸ ਜਾਪੇ, ਪਰ ਕੰਮ ਨੀਚਾਂ ਵਾਲੇ ਕਰੇ, ਤਾਂ ਕਿਹਾ ਜਾਂਦਾ ਹੈ।

ਅੰਗ੍ਰੇਜ਼ੀ:—(a) All that glitters is not gold, (*Shakespeare*)
(b) A fair face may hide a fool heart.

(੧੩੩) ਸ਼ਰ੍ਹਾ ਕਰਦੇ ਸ਼ਰਮਾਉਣਾ, ਪਰ ਝਗੜਾ ਕਰਦੇ ਨਹੀਂ ਸ਼ਰਮਾਉਣਾ।

ਸੌਦਾ ਕਰਨ ਲਗਿਆਂ ਕੋਈ ਆਦਮੀ ਚੁਪ ਕਰ ਰਹੇ, ਪਰ ਪੈਸਿਆਂ ਦੇ ਹਿਸਾਬ ਵੇਲੇ ਝਗੜੇ, ਤਾਂ ਕਹਿੰਦੇ ਹਨ।

(੧੩੪) ਸ਼ਰ੍ਹਾ ਵਿਚ ਸ਼ਰਮ ਕਾਹਦੀ ?

ਕੋਈ ਆਦਮੀ ਵਿਹਾਰ ਕਾਰ ਵਿਚ ਸਚੀ ਗਲ ਕਹਿਣ ਲਗੇ ਤਾਂ ਉਹ ਕਹਿੰਦਾ ਹੈ।

(੧੩੫) ਸ਼ਰੀਕ ਉਜੜਿਆ ਵੇਹੜਾ ਮੋਕਲਾ।

ਕਿਸੇ ਸ਼ਰੀਕ (ਵੈਰੀ) ਦੇ ਨੁਕਸਾਨ ਹੋਣ ਪੁਰ ਕਿਹਾ ਜਾਂਦਾ ਹੈ।

(੧੩੬) ਸ਼ਰੀਕ ਸੇਹਰਾ ਬੰਨ੍ਹਕੇ ਨਹੀਂ ਢੁਕਦਾ ਹੋਰ ਸਭ ਕੁਝ ਕਰਦਾ ਹੈ।

ਸ਼ਰੀਕ = ਇਕੋ ਕੁਟੰਬ ਦਾ ਜੀਵ, ਭਾਵ ਵਿਰੋਧੀ।

ਜਦ ਇਹ ਦਸਣਾ ਹੋਵੇ ਕਿ "ਦੁਸ਼ਮਨ ਬਾਤ ਕਰੇ ਅਣਹੋਈ" ਜਾਂ ਵੈਰ ਨਾਲ ਕੋਈ ਕਿਸੇ ਨੂੰ ਐਵੇਂ ਬਦਨਾਮ ਕਰੇ, ਤਾਂ ਕਹਿੰਦੇ ਹਨ।

(੧੩੭) ਸ਼ਰੀਕ ਦਾ ਦਾਣਾ ਸਿਰ ਦੁਖਦਿਆਂ ਵੀ ਖਾਣਾ।

ਇਕ ਤਰ੍ਹਾਂ ਦਾ ਉਪਦੇਸ਼ ਹੈ ਕਿ ਸ਼ਰੀਕ ਦੀ ਚੀਜ਼ ਸਾਂਭਦਿਆਂ ਜੇ ਤਕਲੀਫ ਭੀ ਹੋਵੇ ਤਾਂ ਵੀ ਨ ਛਡੋ।

(੧੩੮) ਸ਼ਰੀਕ ਲਾਉਣ ਲੀਕ, ਪੁਜੇ ਜਿਥੋਂ ਤੀਕ।

ਭਾਵ, ਸ਼ਰੀਕ ਜਿਥੋਂ ਤੀਕ ਆਪਣੀ ਵਾਹ ਲਾ ਸਕਦਾ ਹੋਵੇ ਅਗਲੇ ਨੂੰ ਬਦਨਾਮ ਕਰਨ ਦੀ ਕੋਸ਼ਸ਼ ਕਰਦਾ ਹੈ।

(੧੩੯) ਸ਼ਾਹਾਂ ਨਾਲ ਬਰੋਬਰੀ, ਸਿਰ ੨ ਚੋਟਾਂ ਖਾਹ।

ਜਦ ਇਹ ਸਮਝਾਉਣਾ ਹੋਵੇ ਕਿ ਗਰੀਬ ਹੋਕੇ ਸ਼ਾਹੂਕਾਰਾਂ ਦੇ ਮੁਕਾਬਲੇ ਤੇ ਖਰਚ ਕਰਨ ਨਾਲ ਆਪਨੂੰ ਹੀ ਨੁਕਸਾਨ ਹੁੰਦਾ ਹੈ, ਤਾਂ ਕਹਿੰਦੇ ਹਨ।

(੧੪੦) ਸ਼ਾਹੂਕਾਰ ਦੀ ਦੋਸਤੀ ਸਿਰ ਲਾਨ੍ਹਤ ਦੀ ਪਗ, ਜੀ ਕਹਿਣਾ ਤੇ ਓਏ ਕਹਾਉਣਾ ਧਰ ਧਰ ਦੇਣੀ ਅੱਗ ।

ਜਦ ਕੋਈ ਗਰੀਬ ਆਦਮੀ ਸ਼ਾਹੂਕਾਰ ਦੀ ਖੁਸ਼ਾਮਦ ਕਰੇ, ਤਾਂ ਕਹਿੰਦੇ ਹਨ ।

ਫਾਰਸੀਃ—ਬਰਾਏ ਖਿਦਮਤ ਆਂ ਕਸ ਕਿ ਨ ਸ਼ਨਾਸਦ
ਹਕੇ ਖਿਦਮਤ । ਮਕੁਨ ਔਕਾਤੇ ਖੁਦ
ਜਾਇਆ ਕਿ ਨੇ ਮੁਜ਼ਦਸਤੋ ਨੇ ਮਿੰਨਤ ।

(੧੪੧) ਸ਼ਿਕਾਰ ਵੇਲੇ ਕੁੱਤੀ ਹਗਾਈ ।

ਜਾਂ

(੧੪੨) ਸ਼ਿਕਾਰ ਵੇਲੇ ਕੁੱਤੀ ਹਲਕਾਈ ।

ਦੇਖੋਃ—ਅਗੇ ਪਿਛੇ ਚੰਗੀ, ਦਿਨ ਢਿਹਾਰ ਮੰਦੀ ।

(੧੪੩) ਸ਼ੇਰ ਨੇ ਤਾਂ ਸਦਾ ਮਾਸ ਹੀ ਖਾਣਾ ਹੈ ।

ਕਿਸੇ ਆਦਮੀ ਨੂੰ ਸਦਾ ਆਪਣੀ ਆਦਤ ਅਨੁਸਾਰ ਉਹੋ ਕੰਮ ਕਰਦਿਆਂ ਵੇਖ ਕਿਹਾ ਜਾ ਸਕਦਾ ਹੈ ।

(੧੪੪) ਸ਼ੇਰ ਪੁਤ ਇਕੋ ਭਲਾ, ਸੌ ਗਿਦੜ ਕਿਸ ਕੰਮ ।

ਜਦ ਕਿਸੇ ਦੀ ਉਲਾਦ ਹੋਵੇ ਤਾਂ ਬਹੁਤ, ਪਰ ਹੋਵੇ ਭੈੜੀ, ਤਾਂ ਉਹ ਕਹਿ ਦੇਂਦਾ ਹੈ ।

(੧੪੫) ਸ਼ੇਰਨੀ ਦਾ ਦੁੱਧ ਸੋਨੇਦੇ ਭਾਂਡੇ ਵਿਚ ਹੀ ਟਿਕਦਾ ਹੈ ।

ਜਦ ਕਿਸੇ ਨੀਚ ਆਦਮੀ ਨੂੰ ਕੋਈ ਉਤਮ ਚੀਜ਼ ਜਾਂ ਦਰਜਾ ਮਿਲ ਜਾਵੇ ਤੇ ਉਹ ਉਸਨੂੰ ਪਚਾ ਨ ਸਕੇ, ਤਦ ਬੋਲਦੇ ਹਨ। ਭਾਵ ਉਤਮ ਚੀਜ਼ ਵਾਸਤੇ ਪਾਤਰ ਭੀ ਉੱਚਾ ਹੀ ਹੋਵੇ ਤਾਂ ਠੀਕ ਹੈ। ਪੁਰਾਣਾ ਖਿਆਲ ਇਹ ਹੈ ਕਿ ਸ਼ੇਰਨੀ ਦਾ ਦੁਧ ਸੋਨੇ ਦੇ ਭਾਂਡੇ ਬਿਨਾ ਫਿਟ ਜਾਂਦਾ ਹੈ।

(੧੪੬) ਸ਼ੇਰਾ ਖਾਹ ਨ ਖਾਹ, ਮੂੰਹ ਲਾਲ ।

ਜਦ ਕੋਈ ਬਦਨਾਮ ਆਦਮੀ ਕਹੇ ਕਿ ਮੈਂ ਇਹ ਭੈੜਾ ਕੰਮ ਨਹੀਂ ਕੀਤਾ ਅਥਵਾ ਨਹੀਂ ਕਰਾਂਗਾ, ਤਾਂ ਉਸਦੇ ਉਲਟ ਖਿਆਲ ਰਖਣ ਵਾਲੇ ਕਹਿੰਦੇ ਹਨ। ਭਾਵ ਬਦਨਾਮ ਆਦਮੀ ਨੂੰ ਬਿਨਾ ਕਾਰਨ ਭੀ ਊਜ ਲਗ ਜਾਂਦੀ ਹੈ।

(੧੪੭) ਸ਼ੇਰਾਂ ਦੇ ਮੂੰਹ ਕਿਨ ਧੋਤੇ ਨੇ ?

ਮਾਂ ਨੇ ਜਦ ਕਿਤੇ ਬੱਚੇ ਦਾ ਮੂੰਹ ਨ ਧੋਤਾ ਹੋਵੇ, ਤਾਂ ਕਿਸੇ ਦੇ ਪੁਛਣ ਪੁਰ ਹਾਸੇ ਨਾਲ ਕਹਿ ਦੇਂਦੀ ਹੈ।

'ਹਿੰਦੀ'

*****
* ਹ *
* *
*****

(੧) ਹੱਸਣੇ ਘਰ ਵੱਸਣੇ ।

ਕਿਸੇ ਹਸਣ ਵਾਲੇ ਬੰਦੇ ਦੀ ਸਿਫਤ ਵਿਚ ਕਿਹਾ ਜਾਂਦਾ ਹੈ।

(੨) ਹਸਾਏ ਦਾ ਨਾਂ ਨਹੀਂ, ਰੁਵਾਏ ਦਾ ਹੋ ਜਾਂਦਾ ਹੈ।

ਜਦ ਕੋਈ ਆਦਮੀ ਕਿਸੇ ਨੂੰ ਚੋਖਾ ਚਿਰ ਸੁਖ ਦੇਂਦਾ ਰਹੇ, ਪਰ ਉਹ ਉਸਦਾ ਕੋਈ ਧੰਨਵਾਦ ਨ ਕਰੇ, ਜੇ ਉਸੇ ਤੋਂ ਕੋਈ ਗਲਤੀ ਜਾਂ ਤਕਲੀਫ ਹੋ ਜਾਏ, ਅਤੇ ਉਲਾਂਭੇ ਦਿਤੇ ਜਾਣ, ਤਾਂ ਉਹ ਬੋਲਦਾ ਹੈ।

ਫਾਰਸੀ:—ਨੇਕੀ ਬਰਬਾਦ ਗੁਨਾਹ ਲਾਜ਼ਮ।

(੩) ਹੱਸੋਂ ਕੜੀ ਤੇ ਕੜੀਓਂ ਛਾਪ, ਹੁਣ ਛਾਪੋਂ ਵੀ ਜਵਾਬ।

ਹਸ = ਗਲ ਦਾ ਗਹਿਣਾ।

ਕੜੀ = ਪੈਰ ਦਾ ਗਹਿਣਾ।

ਜਦ ਕਿਸੇ ਨਾਲ ਕੀਤੇ ਹੋਏ ਇਕਰਾਰ ਨੂੰ ਕੋਈ ਘਟਾਉਂਦਾ ੨ ਅਗਲੇ ਨੂੰ ਉੱਕਾ ਹੀ ਖਾਲੀ ਰਖਣਾ ਚਾਹੇ, ਤਾਂ ਉਹ ਕਹਿੰਦਾ ਹੈ।

(੪) ਹਕ ਪਛਾਣ, ਪੂਰਾ ਈਮਾਨ ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਕਿਸੇ ਦੇ ਹਕ ਦੀ ਚੀਜ਼ ਨਹੀਂ ਰਖੀਦੀ, ਤਾਂ ਕਹਿੰਦੇ ਹਨ।

(੫) ਹਕੀਮ ਦਾ ਯਾਰ ਰੋਗੀ, ਤੇ ਪੰਡਤ ਦਾ ਯਾਰ ਸੋਗੀ ।

ਹਕੀਮ ਦੇ ਪਾਸ ਬਹਿਣ ਉਠਨ ਵਾਲੇ ਨੂੰ ਉਚੇਚਾਖਰਚ ਜਾਂ ਤਕਲੀਫ ਕੋਈ ਨ ਹੋਣ ਕਰਕੇ ਬਿਨਾਂ ਰੋਗ ਦਵਾਈਆਂ ਵਰਤਦੇ ਰਹਿਨ ਦੀ ਵਾਦੀ ਪੈ ਜਾਂਦੀ ਹੈ । ਇਸੇਤਰਾਂ ਪੰਡਤ (ਜੋਤਸ਼ੀ) ਕੋਲ ਬੈਠਣ ਵਾਲਾ ਹਰ ਵੇਲੇ ਮੰਗਲ, ਛਨਿਛਰ ਆਦਿਕ ਗ੍ਰੈਹਾਂ ਦੇ ਫਿਕਰ ਵਿਚ ਡੁਬਾ ਹੋਇਆ ਕੰਮ ਕਾਰ ਜੋਗਾ ਨਹੀਂ ਰਹਿੰਦਾ।

ਭਾਵ ਇਹ ਕਿ ਬਿਨਾਂ ਲੋੜ ਕਿਸੇ ਕੋਲ ਹਰ ਵੇਲੇ ਬੈਠੇ ਰਹਿਣ ਨਾਲ ਆਦਮੀ ਨਿਕੰਮਾਂ ਤੇ ਰੋਗੀ ਜਿਹਾ ਹੋ ਜਾਂਦਾ ਹੈ। ਇਸ ਆਦਤ ਤੋਂ ਬਚਣਾ ਚਾਹੀਦਾ ਹੈ।

(੬) ਹਗਦਿਆਂ ਹੇਠਾਂ ਹਥ ਨ ਧਰ ।

ਭਾਵ ਭੈੜੇ ਕੰਮ ਨ ਕਰ ਤੇ ਉਲਟੀਆਂ ਚਾਲਾਂ ਨ ਚਲ।

(੭) ਹਛਾ, ਸਭ ਦਾ ਵਛਾ ।

ਕਿਸੇ ਨੇਕ ਆਦਮੀ ਉਪਰ ਜਦ ਸਾਰੇ ਦਬਾ ਪਾਉਂਦੇ ਦਿਸਣ, ਤਾਂ ਕਹਿੰਦੇ ਹਨ।

(੮) ਹੱਟ ਕਰਾਏ ਦੰਮ ਬਿਆਜੀ, ਉਸ ਭੈੜੇ ਦੀ ਪੂਰੀ ਬਾਜੀ ।

ਵਪਾਰ ਵਿਚ ਵਿਆਜ, ਤੇ ਕਰਾਇਆ ਕਿੰਨਾ ਦੁਖ-ਦਾਈ ਹੁੰਦਾ ਹੈ। ਉਸ ਪਰ ਅਖਾਣ ਹੈ।

(੯) ਹਟੀ ਕਿਰਾੜ, ਜੰਗਲ ਬਘਿਆੜ ।

ਵੇਖੋ:—ਪਤਣ ਮੇਉਂ ਨ ਛੇੜੀਏ ਹਟੀ ਤੇ ਕਿਰਾੜ।

(੧੦) ਹਟੀ ਵੜਨਾ ਮਿਲੇ ਨਾ ਤੇ ਮਹਿਤਿਆ ਪੂਰਾ ਤੋਲ।

ਮਹਿਤਾ = ਮੁਨੀਮ, ਮੁਖਤਾਰ ਕਾਰ।

ਜਦ ਕਿਸੇ ਦੀ ਪੁਛ ਗਿਛ ਕੋਈ ਨ ਹੋਵੇ, ਪਰ ਝੂਠੀ ਵਡਿਆਈ ਦੇਕੇ ਐਵੇਂ ਫੁਲਾਇਆ ਜਾਵੇ, ਤਾਂ ਵੇਖਣ ਵਾਲੇ ਇਹ ਅਖਾਣ ਬੋਲਦੇ ਹਨ।

(੧੧) ਹਡ ਸ਼ਰੀਕਾ ਹੁੰਦਾ ਏ, ਕਰਮ ਸ਼ਰੀਕਾ ਨਹੀਂ ਹੁੰਦਾ ।

ਜੋ ਆਦਮੀ ਕਿਸੇ ਦੇ ਵੈਰ ਪੈਕੇ ਉਸਦੀ ਰੋਜ਼ੀ ਭੀ ਬੰਦ ਕਰਨੀ ਚਾਹੇ ਪਰ ਇਸ ਜਤਨ ਵਿਚ ਕਾਮਯਾਬ ਨਾ ਹੋ ਸਕੇ, ਤਾਂ ਕਹਿੰਦੇ ਹਨ, ਭਾਵ ਕਿ ਕਿਸੇ ਦਾ ਵੈਰ ਕਿਸੇ ਦੀ ਕਿਸਮਤ ਵਿਚ ਕੋਈ ਫਰਕ ਨਹੀਂ ਪਾ ਸਕਦਾ।

(੧੨) ਹਡੀਂ ਢੇਰ, ਜਾਂ ਦੰਮੀਂ ਢੇਰ ।

ਜਦ ਇਹ ਕਹਿਣਾ ਹੋਵੇ ਕਿ ਕਿਸੇ ਕੰਮ ਨੂੰ ਆਰ ਜਾਂ ਪਾਰ ਕਰਕੇ ਛਡਣਾ ਠੀਕ ਹੈ, ਤਾਂ ਕਹੀਦਾ ਹੈ।

(੧੩) ਹਥ ਕਾਰ ਵਲ, ਦਿਲ ਯਾਰ ਵਲ।

ਕਿਸੇ ਦਾ ਦਿਲੀ ਪਿਆਰ ਦਰਸਾਉਣ ਲਈ ਵਰਤਿਆ ਜਾਂਦਾ ਹੈ ।

ਫਾਰਸੀ:—ਦਿਲ ਯਾਰ, ਦਸਤ ਕਾਰ ।

(੧੪) ਹਥ ਕੰਙਣ ਨੂੰ ਆਰਸੀ ਕੀ ?

ਆਰਸੀ:—ਅੰਗੂਠੇ ਦਾ ਗਹਿਣਾ, ਸ਼ੀਸ਼ੇ ਵਾਲਾ ।

ਜਦ ਕੋਈ ਗਲ ਬਿਨਾਂ ਜਤਨ ਸਾਫ ਸਮਝ ਵਿਚ ਆਉਂਦੀ ਹੋਵੇ, ਤਾਂ ਕਿਹਾ ਜਾਂਦਾ ਹੈ । ਭਾਵ ਜਦ ਹਥ ਦਾ ਕੰਙਣ ਸਾਫ ਅਖਾਂ ਦੇ ਸਾਹਮਣੇ ਹੈ, ਤਾਂ ਆਰਸੀ ਨਾਲ ਵੇਖਣ ਦੀ ਕੀ ਲੋੜ ?

ਜੇਹਾਕੁ:—ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ?

ਫਾਰਸੀ:—ਅਯਾ ਰਾ ਚਿ ਬਿਆਂ ।

ਅੰਗ੍ਰੇਜ਼ੀ:—A self evident truth requires no proof.

(੧੫) ਹਥ ਠੂਠਾ ਤੇ ਦੇਸ ਮੋਕਲਾ ।

ਇਹ ਅਖਾਣ ਮੰਗਤਿਆਂ ਤੇ ਘਟਾਇਆ ਜਾਂਦਾ ਹੈ । ਜਾਂ ਉਹ ਬੰਦਾ ਜੋ ਘਰ ਘਾਟ ਛਡਣ ਨੂੰ ਤਿਆਰ ਹੋਵੇ, ਆਪਣੀ ਆਉਣ ਵਾਲੀ ਹਾਲਤ ਦਸਦਾ ਹੋਇਆ ਕਹਿੰਦਾ ਹੈ ।

ਫਾਰਸੀ:—ਪਾਇ ਗਦਾ ਲੰਗ ਨੇਸਤ, ਮੁਲਕੇ ਖੁਦਾ ਤੰਗ ਨੇਸਤ ।

(੧੬) ਹਥ ਦੀ ਹਥ ਵਿਚ ਰਹਿ ਗਈ, ਮੂੰਹ ਵਿਚ ਰਿਹਾ ਗ੍ਰਾਹ, ਲਖ ਲਾਨਤ ਉਸਨੂੰ

ਸੁਥਰਿਆ ਜੋ ਦੰਮ ਦਾ ਕਰੇ ਵਿਸਾਹ।

ਕੋਈ ਚੰਗਾ ਭਲਾ ਆਦਮੀ ਅਚਨ ਚੇਤ ਮਰ ਜਾਵੇ, ਤਾਂ ਇਹ ਅਖਾਣ ਵਰਤਦੇ ਹਨ।

(੧੭) ਹੱਥ ਨ ਪੱਲੇ, ਬਜਾਰ ਖੜੀ ਹਲੇ।

ਜਦ ਇਹ ਦਸਣਾ ਹੋਵੇ ਕਿ ਫਲਾਣਾ ਆਦਮੀ ਬਾਹ-ਰਲੀ ਪੋਚਾ ਪਾਚੀ ਹੀ ਰਖਦਾ ਹੈ, ਉਂਵ ਵਿਚੋਂ ਗਰੀਬ ਹੈ, ਤਾਂ ਕਹਿੰਦੇ ਹਨ।

ਜੇਹਾਕੁ:—ਦਿਲੀ ਦੇ ਬਾਂਕੇ,ਬਗਲ ਵਿਚ ਇਟਾਂ।

(੧੮) ਹਥ ਨੂੰ ਹਥ ਪਛਾਣਦਾ ਹੈ।

ਜਿਹੋ ਜਿਹੀ ਕੋਈ ਕਿਸੇ ਨਾਲ ਕਰੇ, ਉਹੋ ਜਹੀ ਅਗੋਂ ਉਸ ਨਾਲ ਹੋ ਜਾਏ, ਤਾਂ ਕਹਿੰਦੇ ਹਨ।

(੧੯) ਹਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ।

ਜਦ ਕੋਈ ਆਦਮੀ ਆਪਣੇ ਵਾਧੇ ਲਈ ਬਹੁਤ ਦੌੜ ਭਜ ਕਰੇ, ਪਰ ਫਿਰ ਉਸੇ ਹਾਲ ਵਿਚ ਵਾਪਸ ਆ ਜਾਵੇ, ਤਾਂ ਬੋਲਦੇ ਹਨ।

(੨੦) ਹਥੜਿਓਂ ਨ ਕਿਰਾਂ, ਤੇ ਮੁਖੜਿਓਂ ਹੀ ਭਿੜਾਂ।

ਜਦ ਕੋਈ ਆਦਮੀ ਮੂੰਹੋਂ ਹੀ ਲਉ ਜੀ, ਲਉ ਜੀ ਕਹੀ ਜਾਵੇ, ਪਰ ਹਥੋਂ ਕੁਝ ਨ ਦੇਵੇ, ਤਾਂ ਬੋਲਦੇ ਹਨ।

(੨੧) ਹਥਾਂ ਦੀਆਂ ਦਿਤੀਆਂ ਦੰਦੀਂ ਖੋਲ੍ਹਣੀਆਂ ਪਈਆਂ ।

ਜਦ ਕਿਸੇ ਨੂੰ ਆਪਣੀਆਂ ਹੀ ਕੀਤੀਆਂ ਕਰਤੂਤਾਂ ਦਾ ਫਲ ਔਖਾ ਜਿਹਾ ਭੋਗਣਾ ਪਵੇ, ਤਾਂ ਕਹਿੰਦੇ ਹਨ। ਭਾਵ ਇਹ ਕਿ ਪਹਿਲਾਂ ਆਪ ਹੀ ਕੰਮ ਨੂੰ ਵਿਗਾੜਕੇ ਮੁੜ ਉਸਨੂੰ ਸੁਧਾਰਨ ਲਗਿਆਂ ਦੂਣਾ ਜ਼ੋਰ ਲਗੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀਃ—Easy to spoil, but difficult to mend.

ਫਾਰਸੀਃ—ਚਿਰਾ ਕਾਰੇ ਕੁਨਦ ਆਕਿਲ ਕਿ ਬਾਜ਼ ਅਇਦ ਪਸ਼ੇਮਾਨੀ।

(੨੨) ਹਥਾਂ ਬਾਝ ਕਰਾਰਿਆਂ ਵੈਰੀ ਮਿਤ ਨ ਹੋ।

ਜਦ ਕਿਸੇ ਨੂੰ ਇਹ ਸਿਖਿਆ ਦੇਣੀ ਹੋਵੇ ਕਿ ਵੈਰੀ ਨਾਲ ਤਕੜਿਆਂ ਹੋਕੇ ਟਾਕਰਾ ਕਰਨਾ ਚਾਹੀਏ, ਤਾਂ ਕਹਿੰਦੇ ਹਨ। ਭਾਵ ਜਦ ਤਕ ਵੈਰੀ ਨੂੰ ਸਾਹਮਣੇ ਪਾਸੇ ਦੀ ਤਾਕਤ ਦਾ ਪੂਰਾ ਅੰਦਾਜ਼ਾ ਨਾ ਕਰਾਇਆ ਜਾਵੇ, ਤਦ ਤਕ ਉਹ ਸਮਝੌਤੇ ਦੇ ਰਸਤੇ ਤੇ ਨਹੀਂ ਆਉਂਦਾ।

(੨੩) ਹਥਿਆਰ ਓਹ ਜੋ ਵੇਲੇ ਸਿਰ ਕੰਮ ਆਵੇ।

ਜਦ ਕਿਸੇ ਆਦਮੀ ਨੂੰ ਵੇਲੇ ਸਿਰ ਕੋਈ ਨਿਕਾਰੀ ਜੇਹੀ ਚੀਜ਼ ਕੰਮ ਦੇ ਜਾਵੇ ਤਾਂ ਬੋਲਦੇ ਹਨ।

ਅੰਗ੍ਰੇਜ਼ੀ—Everything is good in its season.

(੨੪) ਹਥੋ ਹਥ ਨਬੇੜਾ, ਝਗੜਾ ਨ ਝੇੜਾ।

ਕਿਸੇ ਤੋਂ ਕੋਈ ਚੀਜ ਲੈਕੇ ਉਸਦੇ ਬਦਲੇ ਕੀਮਤ ਆਦਿਕ ਦੇਣ ਲਗਿਆਂ ਜੇ ਉਹ ਨਾਂਹ ਨੁਕਰ ਕਰੇ,ਤਾਂ ਕਹੀਦਾ ਹੈ, ਜਾਂ ਕਿਤੇ ਉਧਾਰ ਦੇ ਮਾਮਲੇ ਵਿਚ ਵੀ ਕੋਈ ਝਗੜਾ ਨਿਕਲ ਆਵੇ ਤਾਂ ਕਹਿੰਦੇ ਹਨ।

(੨੫) ਹਮਸਾਏ, ਮਾਂ ਪਿਉ ਜਾਏ ।

ਜਦ ਕਿਸੇ ਨੂੰ ਇਹ ਸਿਖਿਆ ਦੇਣੀ ਹੋਵੇ ਕਿ ਗਵਾਂ-ਢੀਆਂ ਨਾਲ ਵਿਗਾੜ ਨਹੀਂ ਪਾਈਦਾ, ਤਾਂ ਕਿਹਾ ਜਾਂਦਾ ਹੈ।

(੨੬) ਹਮ ਨ ਵਿਆਹੇ, ਤਾਂ ਕਾਹਦੇ ਸਾਹੇ।

ਜਦ ਕਿਸੇ ਵਡੇ ਕੰਮ ਨੂੰ ਹੋਇਆ ਵੇਖ ਕੋਈ ਕਹੇ ਸਾਨੂੰ ਕੀ ? ਤਾਂ ਕਹਿੰਦੇ ਹਨ। ਭਾਵ ਜਿਸ ਚੀਜ਼ ਦਾ ਸਾਨੂੰ ਕੋਈ ਸੁਖ ਨਹੀਂ, ਉਹ ਸਾਡੇ ਵਾਸਤੇ ਹੋਈ ਨ ਹੋਈ ਇਕ ਬਰਾਬਰ ਹੈ ।

(੨੭) ਹਰ ਮਸਾਲੇ ਧਨੀਆਂ ਮੋਹਰੇ।

ਜਾਂ

(੨੮) ਹਰ ਮਸਾਲੇ ਪਿਪਲਾ ਮੂਲ ।

ਦੇਖੋ:-ਉਹ ਕੇਹੜੀ ਗਲੀ,ਜਿਥੇ ਭਾਗੋ ਨਹੀਂ ਖਲੀ।

(੨੯) ਹਰਾਮ ਦਾ ਮਾਲ ਹਰਾਮ ਹੀ ਜਾਂਦਾ ਹੈ।

ਦੇਖੋ:-ਚੋਰਾਂ ਦੇ ਕਪੜੇ ਡਾਗਾਂ ਦੇ ਗਜ।

ਫਾਰਸੀ:-ਮਾਲੇ ਹਰਾਮ ਬੂਦ ਬਜਾਏ ਹਰਾਮ ਰਫਤ ।

(੩੦) ਹਵੇਲੀ ਮੀਏਂ ਬਾਕਰ ਦੀ, ਵਿਚ ਸਲੇਮੋਂ ਆਕੜਦੀ ।

ਜਦ ਕਿਸੇ ਦੀ ਚੀਜ਼ ਉਪਰ ਕੋਈ ਹੋਰ ਹੀ ਮਾਣ ਪਿਆ ਕਰੇ, ਤਾਂ ਕਹਿੰਦੇ ਹਨ।

ਜੇਹਾਕੁ:—ਮਾਮੇਂ ਕੰਨੀ ਬੀਰ ਬਲੀਆਂ, ਭਣੇਵਾਂ ਆਕੜਿਆ ਫਿਰੇ ।

(੩੧) "ਹੰਸਾਂ ਨਾਲ ਖੇਡੰਦੜੀ (ਖਹਿੰਦੀ) ਮੇਰੀ ਟਿਚਕ ਵਿਚਾਰੀ। ਖੁਸ ਗਏ ਪਰ ਓਹਦੇ" ਪਹਿਲੀ ਉਡਾਰੀ।

ਜਦ ਕੋਈ ਮਾਮੂਲੀ ਆਦਮੀ ਵਡਿਆਂ ਨਾਲ ਟਾਕਰਾ ਕਰੇ ਤੇ ਪਹਿਲੀ ਵਾਰੀ ਹੀ ਹਾਰ ਖਾ ਜਾਏ, ਤਾਂ ਕਹਿੰਦੇ ਹਨ

(੩੨) ਹੰਨੇ ਹੰਨੇ ਮੀਰ ਜੇ।

ਜਦ ਜਣਾ ਖਣਾ ਹੀ ਵਡਾ ਬਣਿਆ ਬੈਠਾ ਦਿਸੇ, ਤਾਂ ਕਹਿੰਦੇ ਹਨ।

(੩੩) ਹਾਸੇ ਦਾ ਮੜਾਸਾ ਹੋ ਜਾਂਦਾ ਹੈ।

ਜਦ ਦੋ ਜੀ ਹਾਸੇ ਨੂੰ ਵਧਾਉਂਦੇ ਜਾਣ ਤਾਂ ਕੋਈ ਸਿਆਣਾ ਲਾਗਿਓਂ ਕਹਿ ਦੇਂਦਾ ਹੈ। ਭਾਵ ਇਹ ਕਿ ਕਈ ਵਾਰੀ ਹਾਸੇ ਤੋਂ ਹੀ ਫਸਾਦ ਹੋ ਜਾਂਦਾ ਹੈ।

(੩੪) ਹਾਣ ਨੂੰ ਹਾਣ ਪਿਆਰਾ।

ਵੇਖੋ:—ਅੰਨ੍ਹੇ ਨੂੰ ਕਾਣਾ ਸੌ ਵਲ ਭੰਨਕੇ ਮਿਲਦਾ ਹੈ।

(੩੫) ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ ਹੁੰਦੇ ਨੇ।

ਜਦ ਕੋਈ ਆਦਮੀ ਬਾਹਰੋਂ ਕੁਝ ਹੋਰ ਗਲ ਦਸੇ ਤੇ ਅਸਲੀਅਤ ਨੂੰ ਲੁਕਾਕੇ ਰਖੇ, ਜ਼ਾਂ ਕਹਿਣ ਵੇਲੇ ਕੁਝ ਕਹੇ, ਪਰ ਵਰਤੋਂ ਵਿਚ ਜਾਕੇ ਫਿਰ ਜਾਵੇ, ਤਾਂ ਇਹ ਅਖਾਣ ਵਰਤਦੇ ਹਨ।

(੩੬) ਹਾਥੀ ਦੇ ਪੈਰ ਵਿਚ ਸਭੇ ਪੈਰ ਨੇ।

ਜਦ ਕੋਈ ਆਦਮੀ ਅਜੇਹੀ ਵਡੀ ਵਿਉਂਤ ਦਸੇ, ਜਿਸ ਵਿਚ ਸਭੇ ਗਲਾਂ ਹਲ ਹੋ ਜਾਣ, ਤਾਂ ਕਹਿੰਦੇ ਹਨ।

(੩੭) ਹਾਥੀ ਫਿਰੇ ਗਿਰਾਂ ੨, ਜਿਸਦਾ ਹਾਥੀ ਉਸਦਾ ਨਾਂ।

ਵੇਖੋ:-ਖਾਏ ਪੀਏ ਹੋਏ ਮੋਟਾ, ਅੰਤ ਅਖਾਏ ਦਾਦੇ ਦਾ ਪੋਤਾ।

(੩੮) ਹਾਥੀ ਲੰਘ ਗਿਆ ਪੂਛ ਅੜ ਗਈ।

ਜਦ ਕਿਸੇ ਕੰਮ ਦਾ ਇਕ ਵਡਾ ਸਾਰਾ ਹਿਸਾ ਤਾਂ ਹੋ ਜਾਵੇ, ਪਰ ਕੋਈ ਨਿਕੀ ਜਿਹੀ ਗਲ ਪਿਛੇ ਕੰਮ ਅੜਿਆ ਰਹੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—To swallow a camel and be chocked into a tail.

(੩੯) ਹਾਲੀਆਂ ਤਾਹ ਦਿਤੀਆਂ, ਪਾਲੀਆਂ ਤਾਂ

ਨਹੀਂ ਨਾ ਤਾਹ ਦੇਣੀਆਂ

ਜਦ ਕਿਸੇ ਔਰਤ ਦਾ ਪਤੀ ਉਸਨੂੰ ਜਵਾਬ ਦੇ ਦੇਵੇ, ਤਾਂ ਮਾਪੇ ਕਹਿੰਦੇ ਹਨ। ਇਸਤਰ੍ਹਾਂ ਦੇ ਹੋਰ ਸਮਿਆਂ ਉਤੇ ਭੀ ਵਰਤਿਆ ਜਾਂਦਾ ਹੈ।

(੪੦) ਹਾਲੀ ਢਿਲੇ, ਕੁਝ ਜੋਤਰ ਢਿਲੇ।

ਜਦੋਂ ਕਿਸੇ ਕੰਮ ਵਿਚ ਹਰ ਪਾਸਿਓਂ ਹੀ ਢਿੱਲ ਮਠ ਹੁੰਦੀ ਜਾਵੇ, ਤਾਂ ਕਹਿੰਦੇ ਹਨ।

(੪੧) ਹਾੜ ਸੁਕੇ ਨ ਸਾਵਣ ਹਰੇ।

ਜਦ ਕੋਈ ਆਦਮੀ ਸਦਾ ਇਕੋ ਹਾਲ ਵਿਚ ਮਸਤ ਰਹੇ, ਤਾਂ ਕਹਿੰਦੇ ਹਨ।

(੪੨) ਹਾਂ ਜੀ ਹਾਂ ਜੀ ਕਹਿਣਾ, ਤੇ ਸਦਾ ਸੁਖੀ ਰਹਿਣਾ।

ਉਪਦੇਸ਼ ਹੈ ਕਿ ਹਰ ਗਲ ਤੇ ਆਪ ਤੋਂ ਵਡਿਆਂ ਨਾਲ ਮਥਾ ਨਹੀਂ ਡਾਹ ਲਈਦਾ, ਸਗੋਂ 'ਹਾਂ ਜੀ' ਕਹਿਕੇ ਗੁਜ਼ਾਰਾ ਕਰੀਦਾ ਹੈ।

(੪੩) ਹਾਂਡੀ ਉਬਲੂ ਤੇ ਆਪਣੇ ਹੀ ਕੰਢੇ ਸਾੜੂ।

ਜਦ ਕੋਈ ਦੂਸਰੇ ਦੇ ਗੁਸੇ ਤੋਂ ਆਪਣੀ ਬੇਪਰਵਾਹੀ ਦਿਖਾਉਣੀ ਚਾਹੇ ਤੇ ਦਸਣਾ ਚਾਹੇ ਕਿ ਉਹ ਇਸਦਾ ਕੁਛ ਨਹੀਂ ਵਿਗਾੜ ਸਕਦਾ, ਸਗੋਂ ਆਪਣਾ ਹੀ ਨੁਕਸਾਨ ਕਰੇਗਾ, ਤਾਂ ਕਹਿੰਦੇ ਹਨ। ਆਪਣੇ ਆਪ ਵਿਚ ਕੁੜ੍ਹਨ ਵਾਲੇ ਤੇ ਭੀ

ਇਹ ਅਖ਼ਾਣ ਪਾਉਂਦੇ ਹਨ।

ਅੰਗ੍ਰੇਜ਼ੀ:—What cannot be cured must be endured.

ਫ਼ਾਰਸੀ:—ਕਹਿਰੇ ਦਰਵੇਸ਼ ਬਰ ਜਾਨੇ ਦਰਵੇਸ਼ ।

(੪੪) ਹਿੰਗ ਲਗੇ ਨ ਫਟਕੜੀ, ਰੰਗ ਚੋਖਾ ਹੋਇ।

ਜਦ ਇਹ ਦਸਣਾ ਹੋਵੇ ਕਿ ਇਹ ਕੰਮ ਮੁਫਤੋ ਮੁਫਤੀ ਹੁੰਦਾ ਹੈ, ਤਾਂ ਕਹਿੰਦੇ ਹਨ।

(੪੫) ਹਿੰਮਤ ਅਗੇ ਫਤੇ ਨਜੀਕ ।

ਦੇਖੋ:—ਉਦਮ ਅਗੇ ਲਛਮੀ, ਪਖੇ ਅਗੇ ਪੌਣ।

ਫ਼ਾਰਸੀ:—ਹਿੰਮਤੇ ਮਰਦਾਂ ਮਦਦੇ ਖ਼ੁਦਾ।

(੪੬) ਹੀਲੇ ਰਿਜਕ, ਬਹਾਨੇ ਮੌਤ ।

ਜਦ ਇਹ ਸਮਝਾਉਣਾ ਹੋਵੇ ਕਿ ਜਿਸਤਰ੍ਹਾਂ ਮੌਤ ਸਦਾ ਬਹਾਨੇ ਨਾਲ ਹੀ ਆਉਂਦੀ ਹੈ, ਇਸੇਤਰ੍ਹਾਂ ਰਿਜਕ ਸਦਾ ਉਦਮ ਨਾਲ ਹੀ ਮਿਲਦਾ ਹੈ, ਤਾਂ ਕਹਿੰਦੇ ਹਨ।

(੪੭) ਹੁਣ ਤੇ ਭੇਡਾਂ ਵੀ ਮੱਕੇ ਚਲੀਆਂ ਨੇ?

ਜਦ ਕਿਸੇ ਇਜੇਹੇ ਨਿਕਾਰੇ ਤੇ ਨਿਕੰਮੇ ਆਦਮੀ ਜਿਨ੍ਹਾਂ ਤੋਂ ਕੁਝ ਵੀ ਉਮੈਦ ਨ ਹੋਵੇ, ਕਿਸੇ ਵਡੇ ਕੰਮ ਵਿਚ ਹਿਸਾ ਲੈਣ ਲਗ ਪੈਣ, ਤਾਂ ਕਹਿੰਦੇ ਹਨ।

ਦੇਖੋ:—ਹੁਣ ਤੇ ਕਿੱੜੀਆਂ ਨੂੰ ਥਣ ਲਗ ਗਏ ਨੇ।

ਉਰਦੂ:—ਮੇਂਡਕ ਕੋ ਭੀ ਅਬ ਜ਼ੁਕਾਮ ਹੂਆ।

(੪੮) **ਹੁਣ ਪਛੁਤਾਏ ਕੀ ਬਣੇ ਜਦ ਚਿੜੀਆਂ ਚੁਗਿਆ ਖੇਤ ।**

ਜਦ ਕੋਈ ਆਦਮੀ ਨੁਕਸਾਨ ਕਰ ਕਰਾਕੇ ਪਿਛੋਂ ਪਛੁਤਾਵੇ, ਤਾਂ ਉਸਨੂੰ ਕਹਿੰਦੇ ਹਨ।

ਅੰਗ੍ਰੇਜ਼ੀ:—It is useless to repent over the spilt milk.

ਫਾਰਸੀ:—ਚੂੰ ਕਾਰ ਅਜ਼ ਦਸਤ ਰਫਤ ਪਸ਼ੇਮਾਨੀ ਚਿਸੂਦ ।

(੪੯) **ਹੁੰਦੇ ਦਾ ਨਾਂ ਹਿੰਦੂ ਏ ।**

ਜਦ ਕੋਈ ਕਹੇ ਕਿ ਜੀ ਫਲਾਣਾ ਬੜਾ ਦਾਨੀ ਹੈ, ਤਾਂ ਅਗੋਂ ਕਹਿੰਦੇ ਨੇ । ਭਾਵ, ਪਲੇ ਹੋਣ ਦੀ ਸਾਰੀ ਵਡਿਆਈ ਹੈ।

(੫੦) **ਹੇਠਾਂ ਨ ਉਤੇ ਮੈਂ ਅਧ ਵਿਚ ਸੌਂਦੀ ਆਂ।**

ਦੇਖੋ:—ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ ।

(੫੧) **ਹੇਠਾਂ ਮਸੀਤ, ਉਤੇ ਠਾਕਰਦ੍ਵਾਰਾ ।**

ਜਦ ਅਣਮੇਲ ਚੀਜ਼ਾਂ ਦਾ ਮੇਲ ਕੀਤਾ ਜਾਵੇ, ਤਾਂ ਕਿਹਾ ਜਾ ਸਕਦਾ ਹੈ ।

(੫੨) **ਹੋਊ ਰਲਿਆ ਤੇ ਆਊ ਚਲਿਆ ।**

ਜਦ ਕੋਈ ਕਹੇ ਕਿ ਫਲਾਣੇ ਤੋਂ ਆਹ ਚੀਜ ਲੈਣੀ ਸੀ, ਮਿਲੀ ਨਹੀਂ, ਜਾਂ ਕਹੇ ਕਿ ਖਵਰੇ ਖਾਣ ਪੀਣ ਨੂੰ ਕੁਝ ਮਿਲਦਾ ਹੈ ਜਾਂ ਨਹੀਂ, ਜਾਂ ਕੋਈ ਚੀਜ਼ ਖਾਣ ਲਗਿਆਂ ਕਿਸੇ ਦੀ ਉਡੀਕ ਹੋਵੇ ਤਾਂ ਕਹਿੰਦੇ ਹਨ ।

(੫੩) ਹੋਛੇ ਜਟ ਕਟੋਰਾ ਲਭਾ, ਪਾਣੀ ਪੀ ੨ ਆਫਰਿਆ ।

ਜਦ ਕਿਸੇ ਹੋਛੇ ਆਦਮੀ ਨੂੰ ਕੋਈ ਚੰਗੀ ਚੀਜ਼ ਮਿਲ ਜਾਵੇ ਤੇ ਉਸਦੀ ਹਦੋਂ ਵਧ ਵਰਤੋਂ ਕਰੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—Set a beggar on horseback, and he will ride to hell.

(੫੪) ਹੋਛੇ ਦੀ ਯਾਰੀ, ਸਦਾ ਖੁਆਰੀ ।

ਕਿਸੇ ਭੈੜੇ ਦੀ ਸੰਗਤ ਸਦਕਾ ਕੋਈ ਨੁਕਸਾਨ ਹੋ ਜਾਣ ਪੁਰ ਕਹਿੰਦੇ ਹਨ ।

(੫੫) ਹੋਨਹਾਰ ਬਿਰਵਾ ਕੇ ਚਿਕਨੇ ੨ ਪਾਤ ।

ਦੇਖੋ:—ਸੂਲਾਂ ਜੰਮਦੀਆਂ ਦੇ ਮੂੰਹ ਤਿਖੇ ।

ਫਾਰਸੀ:—ਸਾਲੇ ਕੇ ਨਕੋਸਤ ਅਜ਼ ਬਹਾਰਸ਼ ਪੈਦਾ ।

(੫੬) ਹੋਰ ਨੂੰ ਹੋਰੀ ਦੀ, ਅੰਨ੍ਹੇ ਨੂੰ ਡੰਗੋਰੀ ਦੀ ।

ਜਦ ਕੋਈ ਆਦਮੀ ਆਪਣੇ ਮਤਲਬ ਦੇ ਪਿਛੇ ਇੰਨਾਂ ਮਸਤ ਹੋ ਜਾਵੇ ਕਿ ਕਿਸੇ ਹੋਰ ਦੀ ਪਰਵਾਹ ਹੀ ਨ ਕਰੇ, ਤਾਂ ਬੋਲਦੇ ਹਨ ।

ਜੇਹਾਕੁ:—ਭੁਖੇ ਅਗੇ ਬਾਤ ਪਾਈ ਓਸ ਕਿਹਾ ਰੋਟੀ ।

(੫੭) ਹੌਲੇ ਭਾਰ ਤੇ ਸਾਬ ਦੇ ਮੋਹਰੇ ।

ਜਦ ਕੋਈ ਆਦਮੀ ਸੌਖਾ ਕੰਮ ਹੋਣ ਕਰਕੇ ਆਪਣੇ ਨਾਲਦਿਆਂ ਤੋਂ ਅਗੇ ਲੰਘ ਜਾਵੇ, ਤਾਂ ਕਹਿੰਦੇ ਹਨ ।

*****
* ਕ *
* *
*****

(੧) ਕਹਨਿਆਂ ਵੀ ਘਾਈ ਬਧੇ।

ਘਾਈ = ਲੰਗੋਟੇ।

ਜੇਹਾਕੁਃ--ਹੁਣ ਤੇ ਭੇਡਾਂ ਵੀ ਜੰਝੇ ਚਲੀਆਂ ਨੇ।

(੨) ਕਹਿਣਾ ਸਹਿਲ ਤੇ ਕਰਨਾ ਔਖਾ।

ਜਦੋਂ ਕੋਈ ਆਦਮੀ ਗਲੀਂ ਬਾਤੀ ਤਾਂ ਸਾਰੇ ਪੁਲਾ ਪਕਾਵੇ, ਪਰ ਕਰੇ ਕੁਝ ਨਾ, ਤਾਂ ਕਹਿੰਦੇ ਹਨ।

(੩) ਕਹਿਤ ਕਮਲੇ ਸੁਣਤ ਬਾਉਰੇ।

ਜਦ ਇਕੋ ਜਿਹਾਂ ਦੀ ਟੋਲੀ ਮਿਲ ਜਾਵੇ, ਤੇ ਬਿਨਾਂ ਸਿਰ ਪੈਰ ਵਾਲੀਆਂ ਗਲਾਂ ਕਰ ੨ ਆਪੇ ਹੀ ਪਰਸੰਨ ਪਏ ਹੋਣ, ਤਾਂ ਕਿਹਾ ਜਾ ਸਕਦਾ ਹੈ।

(੪) ਕਹੇ ਤੇ ਘੁਮਾਰੀ ਗਧੇ ਉਤੇ ਨਹੀਂ ਚੜ੍ਹਦੀ।

ਕੋਈ ਆਦਮੀ ਆਪਣੀ ਮਰਜ਼ੀ ਨਾਲ ਤਾਂ ਰੋਜ ਕੋਈ ਕੰਮ ਕਰਦਾ ਹੋਵੇ, ਪਰ ਕਿਸੇ ਹੋਰ ਦੇ ਕਹਿਣ ਪੁਰ ਭਾਰਾਂ ਤੇ ਪੈ ਜਾਵੇ, ਤਾਂ ਕਹਿੰਦੇ ਹਨ।

(੫) ਕਕਾ ਕੈਰਾ ਨਹੁੰ ਭੁਰਾ ਛਾਤੀ ਤੇ ਨਾ ਵਾਲ।
ਚਾਰੇ ਖੋਟੇ ਜੇ ਮਿਲਣ, ਦੂਰੋਂ ਗੰਢ ਸੰਭਾਲ।

ਕੱਕਾ = ਕੱਕੇ ਰੰਗ ਦੇ ਵਾਲਾਂ ਵਾਲਾ।

ਕੈਰਾ = ਬਿਲੀਆਂ ਅਖਾਂ ਵਾਲੇ।

ਨਹੁੰ ਭਰਾ = ਭੋਰੂ ਨਹੁੰਾਂ ਵਾਲਾ।

ਪੰਜਾਬ ਦੇ ਕੁਦਰਤੀ ਸੁਭਾਵ ਦੇ ਉਲਟ ਚਿਨ੍ਹਾਂ ਵਾਲੇ ਆਦਮੀ ਨੂੰ ਕਿਸੇ ਹਦ ਤੀਕ ਚਲਾਕ ਤੇ ਖੋਟਾ ਸਮਝਿਆ ਜਾਂਦਾ ਹੈ। ਭਾਵੇਂ ਇਹ ਗਲ ਕਿਸੇ ਹਦ ਤੀਕ ਠੀਕ ਨਹੀਂ, ਪਰ ਜਦ ਕਿਸੇ ਨੂੰ ਐਸੇ ਆਦਮੀ ਪਾਸੋਂ ਨੁਕਸਾਨ ਅਪੜੇ, ਤਾਂ ਇਹ ਅਖਾਣ ਵਰਤਦਾ ਹੈ।

(੬) ਕੱਖਾਂ ਦੀ ਕੁੱਲੀ ਤੇ ਦੰਦਖੰਡ ਦਾ ਪਾੜਛਾ।

ਪਾੜਛਾ = ਪਰਨਾਲਾ।

ਜਦ ਕਿਸੇ ਭੈੜੀ ਤੇ ਥੋੜੇ ਮੁਲ ਦੀ ਚੀਜ਼ ਨੂੰ ਸਜਾਉਣ ਲਈ ਵਡਮੁੱਲੀ ਤੇ ਸੋਹਣੀ ਚੀਜ ਵਰਤੀ ਜਾਵੇ, ਤਾਂ ਕਹਿ ਸਕੀਦਾ ਹੈ।

(੭) ਕਖਾਂ ਦੀ ਬੇੜੀ ਤੇ ਬਾਂਦਰ ਮਲਾਹ।

ਜਦ ਕਿਸੇ ਖਤਰਨਾਕ ਜ਼ਿਮੇਵਾਰੀ ਦੇ ਕੰਮ ਪਰ ਕਿਸੇ ਖੇਰੂ ਮਲੂ ਨੂੰ ਲਾ ਦਿਤਾ ਜਾਵੇ, ਤਾਂ ਕਿਹਾ ਜਾਂਦਾ ਹੈ। ਭਾਵ ਪੂਰੀ ਪੈਣ ਦੀ ਕੋਈ ਆਸ ਨਹੀਂ।

(੮) ਕਚਘਰੜ ਹਕੀਮ, ਜਾਨ ਦਾ ਖੌ।

ਦੇਖੋ:—ਨੀਮ ਹਕੀਮ ਤੇ ਖਤਰਾ ਜਾਨ।

(੯) ਕਜਲ ਦੀ ਕੋਠੀ, ਹਮੇਸ਼ ਖੋਟੀ।

ਭੈੜੀ ਸੰਗਤ ਦਾ ਭੈੜਾ ਫਲ ਦਸਣ ਲਈ ਵਰਤਦੇ ਹਨ।

(੧੦) ਕੱਢ ਕਮਾਦੋਂ ਮਾਰੀਓਂ ਗਈਓਂ ਗੋਹੇ ਗਿੱਲ।

ਗਈਓਂ ਗੋਹੇ ਗਿਲ = ਗੋਹੇ ਦੀ ਅੰਦਰਲੀ ਸਿਲ੍ਹਾਬ ਵਾਂਗ ਧੁਪੇ ਨਾਸ ਹੋ ਗਈ।

ਕਿਸੇ ਲੂੰਬੜੀ ਜਾਂ ਗਿਦੜੀ ਦਾ ਬਣਾਇਆ ਹੋਇਆ ਅਖਾਣ ਹੈ।ਜਦ ਕੋਈ ਵੈਰੀ ਆਪਣੇ ਵੈਰੀ ਦਾ ਨੁਕਸਾਨ ਕਰ ਦੇਵੇ, ਤੇ ਫੇਰ ਉਸਦਾ ਅਗ੍ਹਾਂ ਹੋਰ ਨੁਕਸਾਨ ਹੀ ਨੁਕਸਾਨ ਹੁੰਦਾ ਵੇਖਕੇ ਕਹੀਦਾ ਹੈ।

(੧੧) ਕਣਕ ਖੇਤ, ਕੁੜੀ ਪੇਟ, ਆ ਜਵਾਈਆ ਮੰਡੇ ਖਾ।

ਕਿਸੇ ਗਲ ਦਾ ਯੋਗ ਸਮਾਂ ਆਉਣ ਤੋਂ ਅਗੇਤਾ ਹੀ ਉਸ ਪਰ ਬਹਿਸਣਾ ਸ਼ੁਰੂ ਕਰ ਦਿਤਾ ਜਾਵੇ, ਤਾਂ ਕਹੀਦਾ ਹੈ। ਭਾਵ ਜੋ ਗਲਾਂ ਅਜੇ ਕੁਦਰਤ ਦੇ ਹਥ ਵਿਚ ਹਨ, ਉਨ੍ਹਾਂ ਬਾਬਤ ਅਗੇਤੇ, ਕਿਆਸ ਲਾਉਣੇ ਸ਼ੇਖਚਿਲੀ ਪੁਣਾ ਹੈ।

ਅੰਗ੍ਰੇਜ਼ੀ:—Count not your chikens before they are hatched.

ਫਾਰਸੀਃ—ਬਚਾ ਦਰ ਸ਼ਿਕਮ ਵ ਨਾਮਸ ਮੁਜ਼ੱਫਰ।

(੧੨) ਕਣਕ ਘਟੇਂਦਿਆਂ ਗੁੜ ਘਟੇ ਤੇ ਮੰਦੀ ਪਏ ਕੁਪਾਹ।

ਕਣਕ ਦਾ ਭਾ ਸਸਤਾ ਹੁੰਦਾ ਵੇਖਕੇ ਕ੍ਰਿਸਾਣ ਕਹਿੰਦਾ ਹੈ। ਭਾਵ ਇਹ ਕਿ ਜੇ ਕਣਕ ਸਸਤੀ ਹੋ ਗਈ ਤਾਂ ਫਿਰ ਗੁੜ

ਤੇ ਕਪਾਹ ਆਦਿਕ ਜਿਨਸਾਂ ਭੀ ਮੰਦੀਆਂ ਪੈ ਜਾਣਗੀਆਂ।

(੧੩) ਕਣਕ ਫਿੱਟੇ ਤੇ ਗੰਢੈਲ, ਆਦਮੀ ਫਿੱਟੇ ਤੇ ਜਾਵੀਂ।

ਗੰਢੈਲ = ਕਣਕ ਵਰਗਾ ਹੀ ਇਕ ਪੱਨਾ ਹੁੰਦਾ ਹੈ, ਜਿਸਦਾ ਦਾਣਾ ਬਹੁਤ ਨਿਕੰਮਾ ਹੁੰਦਾ ਹੈ ਤੇ ਕੇਵਲ ਡੰਗਰਾਂ ਦੇ ਕੰਮ ਆਂਵਦੀ ਹੈ।

ਭਾਵ ਜਦ ਕੋਈ ਆਦਮੀ ਜੰਞ ਵਿਚ ਜਾਕੇ ਆਪਣੀ ਪਾਇਆਂ ਨੂੰ ਭੁਲ ਜਾਵੇ, ਅਰ ਚੰਗੇ ਕਪੜਿਆਂ ਦੇ ਕਾਰਨ ਫੂੰ ਫੂੰ ਕਰਦਾ ਫਿਰੇ ਤਾਂ ਕਹਿੰਦੇ ਹਨ। ਭਾਵ ਗੰਢੈਲ ਦੀ ਫਸਲ ਵਾਂਗ ਚੌੜ ਹੋ ਜਾਂਦਾ ਹੈ।

(੧੪) ਕਥਨਾਂ ਕਥੀ ਨ ਆਵੈ ਤੋਟ। (ਗੁਰਬਾਣੀ)

ਕਿਸੇ ਗਲ ਬਾਬਤ ਜਦ ਇਹ ਕਹਿਣਾ ਹੋਵੇ ਕਿ ਉਹ ਕਹਿਣ ਤੋਂ ਬਾਹਰ ਹੈ, ਜਾਂ ਇਹ ਦਸਣਾ ਹੋਵੇ ਕਿ ਗਲਾਂ ਅਗ੍ਹਾਂ ਅਗ੍ਹਾਂ ਵਧਦੀਆਂ ਹੀ ਜਾਂਦੀਆਂ ਨੇ, ਤਾਂ ਕਹਿੰਦੇ ਹਨ।

(੧੫) ਕਦ ਬਾਬਾ ਮਰੇ ਤੇ ਕਦ ਬੈਲ ਵੰਡੀਏ।

ਆਪਣੇ ਕਿਸੇ ਥੋੜੇ ਲਾਭ ਲਈ ਜਦ ਕੋਈ ਆਪਣੇ ਬਜ਼ੁਰਗਾਂ ਦਾ ਬੁਰਾ ਚਿਤਵੇ, ਤਾਂ ਕਿਹਾ ਜਾਂਦਾ ਹੈ।

ਅੰਗ੍ਰੇਜ਼ੀ:—When the sky falls, he shall catch larks.

(੧੬) ਵੱਡਿਆਂ ਪਰ ਹੀ ਲੱਦ ਹੁੰਦੇ ਨੇ।

ਜਦ ਕੋਈ ਵਡਾ ਆਦਮੀ ਕਹੇ ਕਿ ਮੈਨੂੰ ਬੜਾ ਕੰਮ

ਰਹਿੰਦਾ ਹੈ, ਜਾਂ ਕਹੇ ਕਿ ਮੇਰੇ ਸਿਰ ਤੇ ਬੜਾ ਭਾਰ ਹੈ—ਜਾਂ ਮਾਮੂਲੀ ਆਦਮੀ ਨੂੰ ਮਾਮੂਲੀ ਕੰਮ ਮਿਲੇ—ਤਾਂ ਕਿਹਾ ਜਾਂਦਾ ਹੈ। ਭਾਵ ਜੈਸਾ ਕਦ ਹੋਵੇ ਵੈਸਾ ਹੀ ਭਾਰ ਲਦਿਆ ਜਾਂਦਾ ਹੈ।

ਫਾਰਸੀ:—ਸ਼ਮਲਾ ਬ ਮਿਕਦਾਰੇ ਇਲਮ।

(੧੭) ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ।

ਜਦ ਪਹਿਲਾਂ ਇਕ ਆਦਮੀ ਸਖਤੀ ਕਰਦਾ ਰਿਹਾ ਹੋਵੇ, ਤੇ ਕਦੇ ਅਗਲੇ ਦਾ ਦਾ ਫਬ ਜਾਵੇ, ਤਾਂ ਉਹ ਆਪਣੀ ਕਸਰ ਕਢਦਾ ਹੋਇਆ ਕਹਿੰਦਾ ਹੈ।

(੧੮) ਕਪਾਹ ਦੀ ਫੁੱਟੀ, ਜਿੱਥੇ ਧਰੀ ਉੱਥੇ ਲੁੱਟੀ।

ਜਦ ਕਿਸੇ ਦਿਲ-ਖਿਚਵੀਂ ਚੀਜ਼ ਪਰ ਚੁਪਾਸਿਉਂ ਨਜ਼ਰਾਂ ਪੈਣ ਲਗ ਜਾਣ, ਤਦ ਵਰਤੀਦਾ ਹੈ। ਭਾਵ ਚੰਗੀ ਚੀਜ਼ ਦਾ ਹਰ ਕੋਈ ਲਾਗੂ ਹੋ ਜਾਂਦਾ ਹੈ।

(੧੯) ਕਪਾਹ ਵਿਚੋਂ ਕੁੱਤਾ ਲੰਘੂ ਤਾਂ ਵੋਹਰ ਸਵਾ ਲਊ ?

ਜਦ ਕਿਸੇ ਮਾਮੂਲੀ ਜਿਹੇ ਨੁਕਸਾਨ ਤੇ ਕੋਈ ਆਦਮੀ ਬਹੁਤ ਰੌਲਾ ਪਾਵੇ ਤਾਂ ਉਸਨੂੰ ਠੰਡਾ ਕਰਨ ਲਈ ਕਹੀਦਾ ਹੈ ਜਾਂ ਕੋਈ ਮਾਮੂਲੀ ਆਦਮੀ ਵਡੇ ਕੰਮ ਵਿਚ ਹਿਸਾ ਲੈਂਦਾ ਹੋਇਆ ਭੀ ਪੂਰਾ ਫੈਦਾ ਨ ਉਠਾਵੇ, ਤਾਂ ਕਿਹਾ ਜਾ ਸਕਦਾ ਹੈ।

ਜੇਹਾਕੁ:—ਚਮੂਣਾ ਟਪੇਗਾ ਤਾਂ ਪਹਾੜ ਢਾਹ ਲਏਗਾ ?

(੨੦) **ਕਬੀਰਾ ਤੇਰੀ ਝੌਂਪੜੀ ਗਲ ਕਟਿਆਂ ਦੇ ਪਾਸ। ਕਰਨਗੇ ਸੋ ਭਰਨਗੇ ਤੂੰ ਕਿਉਂ ਭਇਓਂ ਉਦਾਸ।** [ਗੁਰਬਾਣੀ]

ਜਦ ਕੋਈ ਆਪਣੇ ਸੰਬੰਧੀ ਦੀ ਬੜੀ ਗਿਰੀ ਹੋਈ ਕਰਤੂਤ ਉਪਰ ਝੂਰਦਾ ਹੋਵੇ, ਤਾਂ ਉਸਨੂੰ ਬੇਪਰਵਾਹ ਰਹਿਣ ਲਈ ਸਮਝਾਇਆ ਜਾਂਦਾ ਹੈ ।

(੨੧) **ਕਮ ਖਰਚ ਤੇ ਬਾਲਾ ਨਸ਼ੀਨ।**

ਅਸਲ ਵਿਚ ਇਹ ਅਖਾਣ ਫਾਰਸੀ ਦਾ ਹੈ, ਪਰ ਹੁਣ ਪੰਜਾਬੀ ਵਿਚ ਆਮ ਵਰਤੀਦਾ ਹੈ। ਜਦ ਕੋਈ ਅਜੇਹੀ ਵਿਉਂਤ ਸੋਚੀ ਜਾਵੇ, ਜਿਸ ਨਾਲ ਖਰਚ ਘਟ ਹੋਵੇ ਤੇ ਸੁਖ ਬਹੁਤਾ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Great display at little cost.

(੨੨) **ਕਮਾਦਾਂ ਵਿਚੋਂ ਹੀ ਕਾਂਗਿਆਰੀਆਂ ਨਿਕਲਦੀਆਂ ਨੇ**

ਕਾਂਗਿਆਰੀਆਂ = ਭੈੜਾ ਗੰਨਾ।

ਜਦ ਕਿਸੇ ਚੰਗੇ ਉੱਘੇ ਖਾਨਦਾਨ ਵਿਚੋਂ ਕੋਈ ਭੈੜਾ ਕੁ-ਲੱਖਣਾ ਬੰਦਾ ਨਿਕਲ ਆਵੇ, ਤਾਂ ਕਹਿੰਦੇ ਹਨ।

(੨੩) **ਕਰਣੀ ਦਾ ਫਲ ਜ਼ਰੂਰ ਮਿਲਦਾ ਹੈ।**

ਜਦ ਕਿਸੇ ਨੂੰ ਆਪਣੇ ਬੁਰੇ ਕੰਮਾਂ ਦਾ ਫਲ ਮਿਲ ਜਾਵੇ, ਤਾਂ ਕਹਿੰਦੇ ਹਨ।

(੨੪) ਕਰ ਪਰਾਈਆਂ, ਤੇ ਆਉਣ ਜਾਈਆਂ ।

ਜਦ ਕੋਈ ਕਿਸੇ ਦੀ ਧੀ ਭੈਣ ਨਾਲ ਭੈੜਾ ਸਲੂਕ ਕਰੇ, ਤਾਂ ਉਸਨੂੰ ਸਮਝਾਉਣ ਲਈ ਵਰਤੀਦਾ ਹੈ। ਭਾਵ ਜੇ ਤੂੰ ਕਿਸੇ ਨਾਲ ਬੁਰਿਆਈ ਕਰੇਂਗਾ ਤਾਂ ਤੇਰੇ ਹੀ ਅਗੇ ਆਵੇਗੀ ?

ਫਾਰਸ਼ੀ:—ਹਰ ਚਿ ਨ ਪਸੰਦੀ, ਬ ਦੀਗਰਾਂਮ ਪਸੰਦ।

(੨੫) ਕਰ ਭਲਾ ਤੇ ਹੋਵੇ ਭਲਾ ।

ਭਲਾ ਕਰਨ ਦਾ ਉਪਦੇਸ਼ ਦੇਣ ਵਾਸਤੇ ਇਹ ਬੋਲਿਆ ਜਾਂਦਾ ਹੈ ।

ਅੰਗ੍ਰੇਜ਼ੀ:—Do well and have well.

(੨੬) ਕਰ ਮਜ਼ੂਰੀ ਤੇ ਖਾਹ ਚੂਰੀ ।

ਵੇਹਲਾ ਰਹਿਣ ਵਾਲੇ ਨੂੰ ਉਪਦੇਸ਼ ਦੇਣ ਵੇਲੇ ਬੋਲਦੇ ਹਨ ।

ਅੰਗ੍ਰੇਜ਼ੀ:—(*a*) No mill no meal.
(*b*) He gets reward who works hard.

(੨੭) ਕਰਮ ਹੀਣ ਖੇਤੀ ਕਰੇ, ਗੜੇ ਪੈਣ ਜਾਂ ਬੈਲ ਮਰੇ । ਜਾਂ

(੨੮) ਕਰਮਾਂ ਦਿਆ ਬਲੀਆ ਰਿੱਧੀ ਖੀਰ ਤੇ ਹੋ ਗਿਆ ਦਲੀਆ ।

ਜਦ ਕੋਈ ਬੜੀ ਮੇਹਨਤ ਕਰੇ, ਪਰ ਨਤੀਜਾ ਮਨ-ਮੰਨਿਆ ਨ ਨਿਕਲੇ, ਤਦ ਨਸੀਬਾਂ ਨੂੰ ਕੋਸਣ ਲਈ ਇਹ ਅਖਾਣ ਵਰਤਦੇ ਹਨ।

(੨੯) ਕਰਮਾਂ ਦੀ ਰਤੀ ਚੰਗੀ ਅਕਲ ਦੀ ਮੰਦੀ।

ਜਦ ਇਹ ਦਸਣਾ ਹੋਵੇ ਕਿ ਜਦ ਕਿਸਮਤ ਖੋਟੀ ਹੋਵੇ, ਤਾਂ ਅਕਲ ਪਹਿਲਾਂ ਪਿਛਾ ਦੇ ਜਾਂਦੀ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—An ounce of practice is better than a ton of theories.

(੩੦) ਕਰੇ ਗੰਗਾ ਤੇ ਭਰੇ ਬੀਬੀ।

ਜਦ ਕਿਸੇ ਆਦਮੀ ਦੇ ਕੀਤੇ ਹੋਏ ਬੁਰੇ ਕੰਮ ਦਾ ਨਤੀਜਾ ਕਿਸੇ ਹੋਰ ਨੇਕ ਪੁਰਸ਼ ਨੂੰ ਭੁਗਤਣਾ ਪਵੇ, ਤਾਂ ਆਖਦੇ ਹਨ।

ਅੰਗ੍ਰੇਜ਼ੀ:—Slays another, pays another.

ਜੇਹਾਕੁ:--ਏਥੇ ਘਾੜ ਘੜੀ ਦੇ ਹੋਰ, ਫੜੀਅਨ, ਸਾਧ ਛੁਰੀਂਦੇ ਚੋਰ।

(੩੧) ਕਲ ਜੰਮੀ ਗਿਦੜੀ ਤੇ ਅਜ ਹੋਇਆ ਵਿਆਹ।

ਜਦੋਂ ਕੋਈ ਦੋ ਕੰਮ ਬਹੁਤ ਛੇਤੀ ੨ ਹੋ ਜਾਣ, ਤਾਂ ਆਖਿਆ ਜਾਂਦਾ ਹੈ, ਜਾਂ ਜਦ ਕੋਈ ਆਦਮੀ ਛੋਟੀ ਉਮਰ ਵਿਚ ਹੀ ਵਡੇ ਕੰਮਾਂ ਵਿਚ ਹਿਸਾ ਲਵੇ, ਤਾਂ ਬੋਲਦੇ ਹਨ:--

(੩੨) ਕੱਲ੍ਹ ਦੀ ਭੂਤਨੀ, ਮੜ੍ਹੀਆਂ ਦਾ ਅੱਧ।

ਜਦ ਕਿਸੇ ਦੀ ਹਸਤੀ ਮਾਮੂਲੀ ਜਿਹੀ ਹੋਵੇ, ਤੇ ਉਹ ਹਕ ਵਡੇ ਵਡੇ ਜਮਾਉਣੇ ਚਾਹੇ ਤਾਂ ਵਰਤਦੇ ਹਨ।

(੩੩) ਕਲ੍ਹ ਨਾਮ ਕਾਲ ਦਾ ਹੈ।

ਅਜ ਦਾ ਕੰਮ ਭਲਕੇ ਪੁਰ ਸੁਟਣ ਵਾਲੇ ਨੂੰ ਉਪਦੇਸ਼ ਦੇਣ ਲਈ ਵਰਤਦੇ ਹਨ। ਅਗਲੇ ਸਮੇਂ ਵਿਚ ਹੋਣ ਵਾਲੀ ਕਿਸੇ ਗਲ ਤੋਂ ਡਰਕੇ ਭੀ ਕਹਿੰਦੇ ਹਨ, ਕਿ ਪਤਾ ਨਹੀਂ ਕਲ ਕੀ ਹੋਣਾ ਹੈ ?

ਅੰਗ੍ਰੇਜ਼ੀ:--(*a*) Tomorrow comes never.

(*b*) Never put off till tomorrow what you can do to-day.

(੩੪) ਕਲ੍ਹਾ ਕਲੰਦਰ ਵਸੇ, ਘੜਿਓਂ ਪਾਣੀ ਨਸੇ।

ਜਿਸ ਘਰ ਵਿਚ ਹਰ ਵੇਲੇ ਲੜਾਈ ਰਹਿੰਦੀ ਹੋਵੇ, ਉਸ ਘਰ ਦੇ ਜੀਆਂ ਨੂੰ ਸਮਝਾਉਣ ਲਈ ਇਹ ਅਖਾਣ ਵਰਤੀਦਾ ਹੈ। ਭਾਵ ਜਿਥੇ ਕਲੇਸ਼ ਹੋਵੇ, ਉਥੋਂ ਸਭ ਬਰਕਤਾਂ ਨਸ ਜਾਂਦੀਆਂ ਹਨ।

(੩੫) ਕਲ੍ਹ ਦੀ ਫਕੀਰੀ, ਦੁਪਹਿਰੇ ਧੂਣੀ।

ਜਦ ਕੋਈ ਥੋੜੀ ਜਿਹੀ ਹਸਤੀ ਵਾਲਾ ਵਡੇ ਕੰਮਾਂ ਨੂੰ ਹਥ ਪਾਵੇ, ਤਾਂ ਕਹਿੰਦੇ ਹਨ।

(੩੬) ਕਾਹਦੇ ਸਾਹੇ ਜੇ ਆਪ ਨਾ ਵਿਆਹੇ।

ਦੇਖੋ:—ਹਮ ਨ ਵਿਆਹੇ ਕੈਸੇ ਸਾਹੇ।

(੩੭) ਕਾਹਲੀ ਅਗੇ ਟੋਏ ।

ਕਾਹਲੀ ਕਰਨ ਵਾਲਿਆਂ ਨੂੰ ਉਪਦੇਸ਼ ਹੈ।

ਅੰਗ੍ਰੇਜ਼ੀਃ--(*a*) Hurry makes curry.

(*b*) Haste makes waste.

ਫਾਰਸੀਃ—ਤਾਜੀਲ ਕਾਰੇ ਸ਼ਿਆਤੀਂ ਬਵਦ।

(੩੮) ਕਾਗਜਾਂ ਦੇ ਘੋੜੇ ਕਦੋਂ ਤਕ ਦੌੜਨਗੇ।

ਕਿਸੇ ਆਦਮੀ ਨੇ ਬਾਹਰੋਂ ੨ ਆਪਣੀ ਫੌਜੀ ਸ਼ਾਨ ਬਣਾਈ ਹੋਵੇ, ਜਾਂ ਹੋਰ ਕਈ ਕਚੇ ਬਾਨ੍ਹਣੂ ਬਧੇ ਹੋਣ, ਤਾਂ ਅਸਲੀ ਗਲ ਨੂੰ ਜਾਨਣ ਵਾਲਾ ਕਹਿ ਸਕਦਾ ਹੈ।

(੩੯) ਕਾਜ਼ੀ ਨੂੰ ਸ਼ਹਿਰ ਦਾ ਅੰਦੇਸਾ ।

ਜਦ ਕੋਈ ਆਦਮੀ ਕਿਸੇ ਸੌਦੇ ਪੁਛੇ ਵਿਚ ਤਾਂ ਨ ਹੋਵੇ, ਪਰ ਉਹ ਐਵੇਂ ਥਾਂ ਥਾਂ ਦਖਲ ਦੇਵੇ, ਜਾਂ ਬਦੋ ਬਦੀ ਕਿਸੇ ਨੁਕਸਾਨ ਦਾ ਫਿਕਰ ਆਪਣੇ ਸਿਰ ਪਾਈ ਜਾਵੇ, ਤਾਂ ਵਰਤਦੇ ਹਨਃ--

(੪੦) ਕਾਠ ਦੀ ਹਾਂਡੀ ਇਕੋ ਵਾਰ ਚੜ੍ਹਦੀਏ।

ਭਾਵ ਇਹ ਕਿ ਇਕ ਆਦਮੀ ਇਕੋ ਵਾਰੀ ਹੀ ਧੋਖਾ ਦੇ ਸਕਦਾ ਹੈ, ਅਗੇ ਨੂੰ ਉਸਦਾ ਇਤਬ਼ਾਰ ਮਾਰਿਆ ਜਾਂਦਾ ਹੈ।

ਅੰਗ੍ਰੇਜ਼ੀਃ—Cheating play never thrives..

(੪੧) ਕਾਣਾ ਕਣਾਵੇ ਤੇ ਲੰਡਾ ਲੰਡਾਵੇ ।

ਜਦ ਕੋਈ ਗਲ ਸਾਂਝੀ ਜਿਹੀ ਕਹੀ ਜਾਵੇ, ਤੇ ਕੋਈ

ਉਸਨੂੰ ਆਪਣੇ ਵਲ ਲਾਕੇ ਗੁੱਸਾ ਕਰੇ, ਤਾਂ ਕਹਿੰਦੇ ਹਨ। ਭਾਵ ਇਹ ਕਿ ਤੂੰ ਜੇ ਗੁਸਾ ਕਰ ਰਿਹਾ ਹੈਂ ਤਾਂ ਤੇਰੇ ਵਿਚ ਇਹ ਨੁਕਸ ਜ਼ਰੂਰ ਹੋਵੇਗਾ।

ਹਿੰਦੀ:—ਚੋਰ ਕੀ ਦਾੜ੍ਹੀ ਮੇਂ ਤਿਨਕਾ।

(੪੨) ਕਾਲ ਦੀ ਬਧੀ ਨ ਮੰਗਿਆ, ਤੇ ਬਾਲ ਦੀ ਬਧੀ ਨੇ ਮੰਗਿਆ ।

ਜਦ ਕੋਈ ਔਰਤ ਆਪਣੇ ਬਚੇ ਦੀ ਕਿਸੇ ਅੜੀ ਤੋਂ ਤੰਗ ਆਕੇ ਕਿਸੇ ਕੋਲੋਂ ਕੋਈ ਚੀਜ਼ ਮੰਗੇ ਤਾਂ ਕਹਿ ਸਕੀਦਾ ਹੈ, ਜਾਂ ਜਦ ਕੋਈ ਔਰਤ ਬਾਲ ਦੀ ਅੜੀ ਤੋਂ ਡਰਦੀ ਹੀ ਕੋਈ ਅਜੇਹਾ ਕੰਮ ਕਰੇ, ਜੋ ਉਹ ਨ ਕਰਨਾ ਚਾਹੁੰਦੀ ਹੋਵੇ, ਤਾਂ ਕਹਿੰਦੇ ਹਨ ।

(੪੩) ਕਾਲ ਨਿਕਲ ਜਾਵੇਗਾ, ਕਲੀਖਾਂ ਨਹੀਂ।

ਜਦ ਇਹ ਦਸਣਾ ਹੋਵੇ ਕਿ ਔਖਾ ਵੇਲਾ ਤਾਂ ਲੰਘ ਜਾਂਦਾ ਹੈ ਪਰ ਭੈੜੇ ਬੰਦੇ ਨਾਲ ਗੁਜ਼ਾਰਾ ਕਰਨਾ ਔਖਾ ਹੈ, ਤਾਂ ਕਹਿੰਦੇ ਹਨ।

(੪੪) ਕਾਲਾ ਬਾਹਮਣ ਤੇ ਗੋਰਾ ਚੂੜ੍ਹਾ, ਦੋਹਾਂ ਕੋਲੋਂ ਭਲਾ ਨਹੀਂ ਹੁੰਦਾ ।

ਜਦ ਇਨ੍ਹਾਂ ਦੋਹਾਂ ਵਿਚੋਂ ਕੋਈ ਨੁਕਸਾਨ ਪੁਚਾਵੇ, ਤਾਂ ਬੋਲਦੇ ਹਨ।

(੪੫) ਕਾਲੇ ਕਦੇ ਨ ਹੋਵਣ ਬਗੇ, ਭਾਵੇਂ ਸੌ ਮਣ

ਸਾਬਣ ਲਗੇ ।

ਕਿਸੇ ਦਾ ਸੁਭਾ ਨ ਬਦਲਦਾ ਵੇਖ ਕਹਿੰਦੇ ਹਨ ।

ਅੰਗ੍ਰੇਜ਼ੀ:—Can the Ethopian change his skin

(੪੬) **ਕਾਵਾਂ ਕੋਲ ਢੋਲ ਵਜਾਉਣੇ, ਭੂਤਾਂ ਕੋਲੋਂ ਮੁਰਾਦਾਂ ।**

ਅਜੇਹੇ ਆਦਮੀ ਤੋਂ ਕੰਮ ਦੀ ਉਮੈਦ ਰਖੀ ਜਾਵੇ ਉੱਕਾ ਹੀ ਨਾ ਕਰ ਸਕਦਾ ਹੋਵੇ, ਤਦ ਬੋਲਦੇ ਹਨ ।

(੪੭) **ਕਾਵਾਂ ਦੇ ਆਖੇ ਢੋਰ ਨਹੀਂ ਮਰਦੇ ।**

ਜਦ ਕਿਸੇ ਨੂੰ ਪਤਾ ਲਗੇ ਕਿ ਫਲਾਣਾ ਮੈਨੂੰ ਬਦ-ਅਸੀਸ ਦਿੰਦਾ ਹੈ, ਤਾਂ ਅਗੋਂ ਇਹ ਅਖਾਣ ਬੋਲਦਾ ਹੈ ।

(੪੮) **ਕਾਵਾਂ ਦੇ ਘਰ ਟਾਲਿਆਂ ਡੇਰੇ ਮਘੋਵਾਲ ।**

ਮਘੋਵਾਲ:—ਇਕ ਪਿੰਡ ਦਾ ਨਾਮ ।

ਕਿਸੇ ਆਦਮੀ ਨੂੰ ਥਾਂ ੨ ਫਿਰਦਿਆਂ ਵੇਖਕੇ ਕਿਹਾ ਜਾਂਦਾ ਹੈ ।

(੩੯) **ਕਿਸ ਬਾਗ ਦੀ ਮੂਲੀ ।**

ਕਿਸੇ ਆਦਮੀ ਨੂੰ ਤੁੱਛ ਜਿਹਾ ਜਿਤਾਉਣ ਲਈ ਬੋਲਦੇ ਹਨ, ਕਿ ਮੈਂ ਕੀ ਜਾਣਾ ਉਹ ਕਿਸ ਬਾਗ ਦੀ ਮੂਲੀ ਹੈ ?

(੫੦) **ਕਿਸਮਤ ਨਾਲ ਵਲੱਲੀ ਝਗੜੇ ।**

ਇਹ ਇਕ ਉਪਦੇਸ਼ ਹੈ ਕਿ ਕਿਸਮਤ ਨਾਲ ਕਿਸੇ ਦੀ ਕੋਈ ਪੇਸ਼ ਨਹੀਂ ਜਾਂਦੀ ।

(੫੧) ਕਿਸ ਰਾਜੇ ਦੀ ਪਰਜਾ ।

ਜਦ ਇਹ ਕਹਿਣਾ ਹੋਵੇ ਕਿ ਖਵਰੇ ਕੀ ਭਾਣਾਂ ਵਰਤਣਾ ਹੈ ? ਤਾਂ ਕਹਿੰਦੇ ਹਨ। ਭਾਵ ਅਜ ਇਹ ਹਾਲ ਹੈ ਕਲ ਪਤਾ ਨਹੀਂ ਕਿਸ ਰਾਜੇ ਦੀ ਪਰਜਾ ਹੋ ਜਾਣੀ ਹੈ।

(੫੨) ਕਿਸੇ ਛਾਬੇ ਪੂਰਾ ਨਹੀਂ ਹੁੰਦਾ ।

ਜਿਹੜਾ ਆਦਮੀ ਕਿਸੇ ਪਾਸੇ ਭੀ ਗੱਲ ਮੁਕਣ ਨ ਦੇਵੇ,ਸਗੋਂ ਝਗੜਾ ਵਧਾਈ ਜਾਵੇ, ਤਾਂ ਕਹਿੰਦੇ ਹਨ।

(੫੩) ਕਿਸੇ ਜੁੱਗ ਦਾ ਵੱਟਾ ਲੈਣਾ ।

ਕੋਈ ਆਦਮੀ ਕਿਸੇ ਦ ਬਹੁਤਾ ਹੀ ਵੈਰ ਪੈ ਜਾਵੇ ਤਾਂ ਅਗਲਾ ਕਹਿ ਦੇਂਦਾ ਹੈ ਕਿ ਫਲਾਣਾਂ ਤਾਂ ਮੈਥੋਂ ਕਿਸੇ ਜੁਗ (ਪਿਛਲੇ ਜਨਮ) ਦਾ ਵੱਟਾ ਲੈਂਦਾ ਹੈ ?

(੫੪) ਕਿਸੇ ਦਾ ਹੱਥ ਚਲੇ,ਕਿਸੇ ਦਾ ਮੂੰਹ ਚਲੇ।

ਦੋ ਆਦਮੀ ਲੜਦੇ ਹੋਣ, ਇਕ ਦਾ ਜ਼ੋਰ ਗਾਹਲਾਂ ਤੇ ਮੇਹਣਿਆਂ ਪੁਰ ਹੋਵੇ, ਤੇ ਦੂਸਰੇ ਦਾ ਘਸੁੰਨ ਮੁੱਕੀ ਪੁਰ, ਤਾਂ ਵੇਖਣ ਵਾਲਾ ਆਖਦਾ ਹੈ।

(੫੫) ਕਿਸੇ ਦਾ ਟੱਬਰ ਵਡਾ, ਕਿਸੇ ਦਾ ਬੱਬਰ ਵਡਾ ।

ਬਬਰ—ਭਾਵ ਢਿਡ।

ਜਦ ਵੇਖਿਆ ਜਾਵੇ ਕਿ ਇਕ ਟਬਰ ਟੋਰ ਵਾਲਾ ਉਸੇ ਰਕਮ ਵਿਚ ਟਬਰ ਪਾਲਦਾ ਹੈ ਤੇ ਦੂਆ ਕਲਮ ਕੱਲਾ

ਮਸਾਂ ਆਪਣਾ ਆਪ ਹੀ ਸਾਂਭਦਾ ਹੈ, ਤਾਂ ਕਹਿੰਦੇ ਹਨ।

(੫੬) ਕਿਸੇ ਦੇ ਅੰਬ, ਕਿਸੇ ਦੀ ਅੰਬੀ।

ਜਦ ਸਬਬ ਨਾਲ ਕਿਸੇ ਨੂੰ ਬਹੁਤਾ ਫੈਦਾ ਹੋ ਜਾਵੇ, ਤੇ ਉਹੋ ਕੁਝ ਕਰਨ ਨਾਲ ਕਿਸੇ ਨੂੰ ਥੋੜਾ, ਤਾਂ ਥੋੜੇ ਵਾਲਾ ਸਬਰ ਲਈ ਕਹਿੰਦਾ ਹੈ। ਭਾਵ ਹੈ ਤ੍ਰਾਂ ਉਹੋ ਜਿਹਾ ਫਲ, ਭਾਵੇਂ ਇਕ ਵਡਾ ਤੇ ਦੂਜਾ ਛੋਟਾ ਹੈ।

(੫੭) ਕਿਤੋਂ ਦੀ ਲੀਰ ਕਿਤੋਂ ਦਾ ਪਰਾਂਦਾ, ਚੂੰਡਾ ਕੀਤਾ ਮੜ੍ਹ ਮੜ੍ਹਾਂਦਾ।

ਮੜ੍ਹ ਮੜ੍ਹਾਂਦਾ = ਵਡਾ ਸਾਰਾ, ਵਧੀਆ।

ਜਦ ਕੋਈ ਆਦਮੀ ਔਧਰੋਂ ਐਧਰੋਂ ਮੰਗਵੀਆਂ ਚੀਜ਼ਾਂ ਲੈਕੇ ਫਬਣ ਲਗ ਜਾਵੇ, ਤਾਂ ਵੇਖਣ ਵਾਲੇ ਕਹਿੰਦੇ ਹਨ।

(੫੮) ਕੀ ਕਰੂਗਾ ਪਾਂਧਾ, ਜਿਨ ਮੰਗ ਪਰਾਇਆ ਖਾਧਾ।

ਦੇਖੋ:—ਉਹ ਕੀ ਦੇਸੀਸ਼ਾਧੋ ਜਿਨ ਪਿੰਨ ਗਲੋਲਾ ਖਾਧੋ

(੫੯) ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ ?

ਜਦ ਕੋਈ ਕਿਸੇ ਨਿਕੀ ਜੇਹੀ ਹਸਤੀ ਵਾਲੇ ਦੀ ਸਿਫਤ ਕਰੇ, ਤਾਂ ਨਾ ਮੰਨਣ ਵਾਲਾ ਅਗੋਂ ਕਹਿੰਦਾ ਹੈ।

(੬੦) ਕੀੜੀ ਦੇ ਘਰ ਨਾਰਾਇਣ।

ਜਦ ਕਿਸੇ ਆਦਮੀ ਦੇ ਘਰ ਕੋਈ ਵਡੀ ਇਜ਼ਤ ਵਾਲ ਚਲਾ ਜਾਵੇ ਤਾਂ ਘਰ ਵਾਲਾ ਆਪਣੀ ਨਿਮ੍ਰਤਾ ਜਿਤਾਉਣ ਲਈ

ਕਹਿੰਦਾਹੈ,ਕਿਅਜ ਤਾਂ'ਕੀੜੀ ਦੇ ਘਰ ਨਾਰਾਇਣ ਆਗਿਆਏ'।

(੬੧) ਕੀੜੀ ਨੂੰ ਠੂਠਾ ਹੀ ਦਰਿਆ ਹੈ।

ਕਿਸੇ ਮਾਮੂਲੀ ਆਦਮੀ ਦਾ ਥੋੜਾ ਜਿਹਾ ਨੁਕਸਾਨ ਹੋਣ ਨਾਲ ਹੀ ਜੇ ਉਸਦਾ ਲਕ ਟੁਟ ਜਾਵੇ, ਤੇ ਕੋਈ ਉਸ ਨੁਕਸਾਨ ਨੂੰ ਮਾਮੂਲੀ ਆਖੇ, ਤਾਂ ਉਹ ਅਗੋਂ ਕਹਿੰਦਾ ਹੈ।

ਅੰਗ੍ਰੇਜ਼ੀ:—A hut is a palace for a poor man.

(੬੨) ਕੁੱਕੜ, ਕਾਂ, ਕੰਬੋ, ਕਬੀਲਾ ਪਾਲਣਾ। ਜੱਟ ਮਹਿਆਂ ਸੰਸਾਰ ਕਬੀਲਾ ਗਾਲਣਾ।

ਜਦ ਕੋਈ ਆਦਮੀ ਆਪਣੇ ਖਾਨਦਾਨ ਨੂੰ ਕੋਈ ਨੁਕਸਾਨ ਪੁਚਾਉਣ ਵਾਲੀ ਹਰਕਤ ਕਰੇ, ਤਾਂ ਉਸਨੂੰ ਸਮਝਾਉਣ ਲਈ ਵਰਤਦੇ ਹਨ।

(੬੩) ਕੁੱਕੜ ਖੇਹ ਉਡਾਈ ਤੇ ਆਪਣੇ ਝਾਟੇ ਪਾਈ।

ਜਦ ਕੋਈ ਆਦਮੀ ਆਪਣੇ ਟਬਰ ਨੂੰ ਆਪ ਹੀ ਭੰਡਦਾ ਫਿਰੇ, ਤਦ ਬੋਲਦੇ ਹਨ।

(੬੪) ਕੁਕੜੀ ਦੀ ਬਾਂਗ ਰਵਾ ਨਹੀਂ।

ਰਵਾ = ਮਨਜ਼ੂਰ।

ਇਹ ਅਖਾਣ ਉਨ੍ਹਾਂ ਦਿਨਾਂ ਦਾ ਹੈ ਜਦ ਤੀਵੀਂ ਨੂੰ ਦੁਨੀਆ ਦੇ ਮੁਆਮਲੇ ਵਿਚ ਹਿਸਾ ਲੈਣ ਦਾ ਕੋਈ ਹਕ ਨਹੀਂ ਸੀ। ਹੁਣ ਭੀ ਜਿਥੇ ਤੀਵੀਂ ਦੀ ਰਾਇ ਦੀ ਪਰਵਾਹ

ਨਾ ਕੀਤੀ ਜਾਵੇ ਉਥੇ ਇਹੋ ਅਖਾਣ ਬੋਲਿਆ ਜਾਂਦਾ ਹੈ। ਭਾਵ ਇਹ ਕਿ ਕੁਕੜ ਆਪਣੇ ਨੀਯਤ ਵੇਲਿਆਂ ਪਰ ਹੀ ਬਾਂਗ ਦੇਂਦਾ ਹੈ। ਪਰ ਕੁਕੜੀ ਐਵੇਂ ਹੀ ਬੋਲਦੀ ਰਹਿੰਦੀ ਹੈ; ਇਸ ਲਈ ਉਸਦੀ ਬਾਂਗ ਪਰਮਾਣੀਕ ਨਹੀਂ।

(੬੫) ਕੁਛੜ ਕੁੜੀ ਤੇ ਸ਼ਹਿਰ ਢੰਡੋਰਾ।

ਜਦ ਕੋਈ ਚੀਜ਼ ਹੋਵੇ ਤਾਂ ਆਪਣੇ ਕੋਲ ਹੀ, ਪਰ ਮਾਲਕ ਭੁਲੇਖੇ ਨਾਲ ਲਭਦਾ ਫਿਰੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A hutched looked for his knife when he had it in his mouth.

(੬੬) ਕੁੱਛੜ ਚੁਕੀ ਦਾ ਭੁੰਜੇ ਪੈਂਦਾ।

ਦੇਖੋ:—ਸਿਰ ਚੁਕੀ ਦਾ ਭੁੰਜੇ ਪੈਂਦਾ ਏ।

(੬੭) ਕੁਛੜ ਬਹਿਕੇ ਦਾੜ੍ਹੀ ਖੋਂਹਦਾ ਹੈ।

ਜਦ ਕੋਈ ਆਦਮੀ ਉਪਰੋਂ ਬੜੀ ਮਿਠਤ ਪਿਆਰ ਦੀਆਂ ਗਲਾਂ ਕਰੇ, ਪਰ ਨਾਲੋ ਨਾਲ ਦੂਜੇ ਦੀ ਹੇਠੀ ਭੀ ਕਰੇ ਜਾਵੇ, ਤਦ ਉਹ ਅਗੋਂ ਇਹ ਅਖਾਣ ਬੋਲਦਾ ਹੈ।

ਅੰਗ੍ਰੇਜ਼ੀ:—The axe goes to the wood from whence it borrowed its handle.

(੬੮) ਕੁਜਾ ਰਾਜਾ ਭੋਜ, ਕੁਜਾ ਗੰਗਾ ਤੇਲੀ।

ਜਾਂ

(੬੯) ਕੁਜਾ ਰਾਮ ਰਾਮ, ਕੁਜਾ ਟੈਂ ਟੈਂ।

ਜਦ ਕੋਈ ਆਦਮੀ ਕਿਸੇ ਅਜੇਹੀਆਂ ਦੋ ਚੀਜ਼ਾਂ ਨੂੰ

ਇਕੋ ਛਾਬੇ ਤੋਲੇ, ਜੋ ਇਕ ਦੂਜੀ ਦੀ ਰੀਸ ਨ ਕਰ ਸਕਦੀਆਂ ਹੋਣ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀਃ—There is all the difference between a beggar and a king.

(੭੦) ਕੁੱਜੀ ਵਿਚ ਸਮੁੰਦ੍ਰ ਲੈ ਆਂਦਾ ਏ।

ਜਾਂ

(੭੧) ਕੁੱਜੀ ਵਿਚ ਸਮੁੰਦ੍ਰ।

ਜਦ ਕੋਈ ਆਦਮੀ ਕਿਸੇ ਵਡੀ ਸਾਰੀ ਗਲ ਨੂੰ ਥੋੜੇ ਵਿਚ ਹੀ ਨਿਬੇੜ ਦੇਵੇ ਤਾਂ ਉਸਨੂੰ ਸਲਾਹੁਣੇਂ ਵਾਸਤੇ ਕਹਿੰਦੇ ਹਨ।

(੭੨) ਕੁਤਾ ਰਾਜ ਬਹਾਲੀਏ ਫਿਰ ਚੱਕੀ ਚਟੇ।

(ਭਾਈ ਗੁਰਦਾਸ)

ਜਦ ਕੋਈ ਕਮੀਨਾਂ ਆਦਮੀ ਉਚੇ ਦਰਜੇ ਤੇ ਪਹੁੰਚਕੇ ਭੀ ਕਮੀਨੇ ਕੰਮ ਕਰੇ, ਤਾਂ ਕਹਿੰਦੇ ਹਨ।

(੭੩) ਕੁਤਿਆ ਤੇਰੇ ਮੂੰਹ ਨੂੰ ਨਹੀਂ, ਤੇਰੇ ਮਾਲਕ ਦੇ ਮੂੰਹ ਨੂੰ ਹੈ।

ਜਦ ਕੋਈ ਆਦਮੀ ਕਿਸੇ ਮੇਲੀ ਦੇ ਮੂੰਹ ਮੁਲਾਹਜੇ ਕਰਕੇ ਉਸਦੇ ਕਿਸੇ ਹੋਰ ਮੇਲੀ ਦਾ ਲਿਹਾਜ ਕਰ ਦੇਵੇ ਜਾਂ ਉਸਨੂੰ ਸਿਰ ਤੇ ਚੁਕ ਲਵੇ, ਤਦ ਵਰਤਦੇ ਹਨ।

(੭੪) ਕੁਤੀ ਗੋਲ੍ਹਾਂ ਖਾਣ ਗਈ, ਅਗੋਂ ਵਾ ਨ ਵਗੀ, ਪਿਛੋਂ ਰੋਟੀ ਵੇਲਾ ਖੁੰਝ ਗਿਆ।

ਜਦ ਕੋਈ ਆਦਮੀ ਕਿਸੇ ਵਡੇ ਲਾਭ ਦੀ ਆਸ ਵਿਚ ਹਥ ਵਿਚ ਆਈ ਚੀਜ ਭੀ ਗਵਾ ਲਵੇ ਤੇ ਅਗੋਂ ਭੀ ਕੁਝ ਨ ਖੱਟ ਸਕੇ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—All covet all lose.

(੭੫) ਕੁਤੀ ਨੈਣ, ਮੰਡਿਆਂ ਦੀ ਰਾਖੀ।

ਵੇਖੋ:—ਅੰਨ੍ਹੀ ਕੁਤੀ ਜਲੇਬੀਆਂ ਦੀ ਰਾਖੀ।

ਅੰਗ੍ਰੇਜ਼ੀ:—It is a foolish sheep that makes a wolf his confessor.

(੭੬) ਕੁਤੇ ਦਾ ਕੁਤਾ ਵੈਰੀ।

ਵੇਖੋ:—ਸਿਲੇਹਾਰ ਨੂੰ ਸਿਲੇਹਾਰ ਨਹੀਂ ਭਾਉਂਦੀ।

(੭੭) ਕੁਤੇ ਦੀ ਪੂਛ ਬਾਰਾਂ ਵਰ੍ਹੇ ਨਲਕੀ ਵਿਚ ਪਾ ਛਡੋ, ਸਿਧੀ ਨਹੀਂ ਹੁੰਦੀ।

ਕਿਸੇ ਆਦਮੀ ਨੂੰ ਮੁੜ ਘਿੜ ਉਨ੍ਹਾਂ ਹੀ ਭੈੜੀਆਂ ਵਾਦੀਆਂ ਵਿਚ ਫਸਦਾ ਦੇਖਕੇ ਕਿਹਾ ਜਾ ਸਕਦਾ ਹੈ।

(੭੮) ਕੁਤੇ ਦੀ ਮੌਤ ਆਵੇ, ਤਾਂ ਮਸੀਤੇ ਚੜ੍ਹਕੇ ਮੂਤਦਾ ਏ।

ਜਦ ਕੋਈ ਆਦਮੀ ਆਪ ਤੋਂ ਡਾਢਿਆਂ ਨਾਲ ਮਥਾ ਲਾਉਣ ਲਗ ਪਵੇ, ਜਾਂ ਬਹੁਤ ਹੀ ਜ਼ੁਲਮ ਕਰਨ ਲਗ ਜਾਵੇ,

ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—He who is born to misfortune, stumbles as he goes

(੭੯) ਕੁਤੇ ਨੂੰ ਹਡੀ ਦਾ ਸੁਆਦ ।

ਕੁਤਾ ਹਡੀ ਚਬਦਾ ਹੈ ਤਾਂ ਦੰਦਾਂ ਵਿਚੋਂ ਲਹੂ ਸਿਮ ਪੈਂਦਾ ਹੈ। ਉਸ ਲਹੂ ਦੇ ਸੁਆਦ ਦਾ ਭੁਲਾ ਫੋਕੀ ਹਡੀ ਚਬੀ ਜਾਂਦਾ ਹੈ।

ਜੋ ਆਦਮੀ ਆਪਣਾ ਬਹੁਤ ਸਾਰਾ ਨੁਕਸਾਨ ਰਤਾ ਜਿੰਨੇ ਸੁਖ ਵਾਸਤੇ ਕਰਦਾ ਰਹੇ, ਉਸ ਉਤੇ ਇਹ ਅਖਾਣ ਘਟਾਉਂਦੇ ਹਨ।

(੮੦) ਕੁਤੇ ਨੂੰ ਵੀ ਕਦੇ ਖੀਰ ਪਚੀ ਏ ?

ਜਦ ਕੋਈ ਨੀਚ ਆਦਮੀ ਵਡਿਆਈ ਪਾਕੇ ਫਿਟ ਜਾਵੇ,ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A low born man feels proud of his honours.

(੮੧) ਕੁਪੀ ਵਿਚ ਰੋੜ ਛਣਕਾਉਂਦਾ ਹੈ।

ਜਦ ਕੋਈ ਆਦਮੀ ਅਜੇਹੇ ਬੁਰੇ ਤਰੀਕੇ ਨਾਲ ਬੋਲੇ ਕਿ ਕਿਸੇ ਦੇ ਕੁਝ ਪਲੇ ਨ ਪਵੇ, ਤਾਂ ਕਹਿੰਦੇ ਹਨ।

(੮੨) ਕੁੱਬੇ ਨੂੰ ਲਤ ਕਾਰ ਆ ਗਈ ।

ਜਦ ਆਪਣੇ ਵਲੋਂ ਤਾਂ ਕੋਈ ਕਿਸੇ ਦਾ ਨੁਕਸਾਨ ਕਰਨ ਲਈ ਕੰਮ ਕਰੇ, ਪਰ ਹੋ ਜਾਵੇ ਉਲਟਾ ਉਸਦਾ ਭਲਾ, ਤਾਂ ਕਹਿੰਦੇ ਹਨ।

(੮੩) ਕੁਮੈਤ ਟਟੂ, ਨ ਜਾਣੇ ਮਖੱਟੂ ।

ਕਿਸੇ ਚੰਗੀ ਚੀਜ਼ ਦੀ ਨਿ-ਕਦਰੀ ਕਿਸੇ ਅਨਜਾਣ ਦੇ ਹਥੋਂ ਹੁੰਦੀ ਵੇਖ ਕਿਹਾ ਜਾਂਦਾ ਹੈ।

(੮੪) ਕੁੜਮ ਵਿਗੁਤਾ ਚੰਗਾ, ਤੇ ਗਵਾਂਢ ਵਿਗੁਤਾ ਮੰਦਾ।

ਭਾਵ—ਕੁੜਮ ਨਾਲ ਵਿਗੜੀ ਦਾ ਨੁਕਸਾਨ ਕਦੇ ਕਦਾਈਂ ਅਪੜਦਾ ਹੈ, ਪਰ ਹਰ ਵੇਲੇ ਪਾਸ ਰਹਿਣ ਵਾਲੇ ਨਾਲ ਵਿਗਾੜ ਪਾਇਆਂ ਸਦਾ ਦਾ ਦੁਖ ਹੁੰਦਾ ਹੈ।

ਦੇਖੋ:—ਹਮਸਾਏ ਮਾਂ ਪਿਉ ਜਾਏ।

(੮੫) ਕੁੜੀ ਜੰਮੀ ਤੇ ਹਡ ਛੁਟੇ ।

ਜਦ ਕੋਈ ਆਦਮੀ ਕੋਈ ਕੰਮ ਕਰਦਾ ਅਕ ਜਾਵੇ ਤੇ ਦੈਵਨੇਤ ਨਾਲ ਉਸਦੇ ਗਲੋਂ ਉਹ ਕੰਮ ਥੋੜਾ ਜਿਹਾ ਹਰਜਾ ਹੋਕੇ ਭੀ ਲਹਿ ਜਾਵੇ, ਤਾਂ ਉਹ ਬੋਲਦਾ ਹੈ । ਭਾਵ, ਭਾਵੇਂ ਮੁੰਡਾ ਨਹੀਂ ਜੰਮਿਆ ਪਰ ਜਾਨ ਖਲਾਸੀ ਤਾਂ ਹੋਈ।

(੮੬) ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ।

(ਗੁਰਬਾਣੀ)

ਜਦ ਕਿਸੇ ਸਚੇ ਆਦਮੀ ਤੇ ਕੋਈ ਤੋਹਮਤ ਲਾਈ, ਜਾਵੇ ਤਾਂ ਉਹ ਆਪ, ਜਾਂ ਉਸ ਨਾਲ ਹਮਦਰਦੀ ਕਰਨ ਵਾਲਾ ਕਹਿੰਦਾ ਹੈ । ਭਾਵ ਛੇਕੜ ਨੂੰ ਜਾਕੇ ਹਕੋ ਹਕ ਨਿਬੇੜਾ ਹੋ ਜਾਵੇਗਾ ।

(੮੭) ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ ।

ਜਦ ਕਿਸੇ ਆਦਮੀ ਦੀ ਦੁਨੀਆ ਵਲੋਂ ਬੇਪਰਵਾਹੀ ਦਸਣੀ ਹੋਵੇ ਤਾਂ ਕਹਿੰਦੇ ਹਨ।

(੮੮) ਕੋਹ ਨ ਚਲੀ, ਬਾਬਾ ਤਿਹਾਈ ।

ਥੋੜਾ ਜਿਹਾ ਕੰਮ ਕਰਕੇ ਕੋਈ ਘਾਬਰ ਜਾਵੇ, ਤਾਂ ਬੋਲਦੇ ਹਨ।

(੮੯) ਕੋਠਾ ਉਸਰਿਆ, ਤਰਖਾਣ ਵਿਸਰਿਆ।

ਜਦ ਕੋਈ ਕੰਮ ਹੋ ਜਾਵੇ ਤੇ ਉਸਦਾ ਬਦਲਾ ਜਾਂ ਧੰਨਵਾਦ ਦਣ ਦਾ ਚੇਤਾ ਹੀ ਨ ਰਹੇ, ਤਾਂ ਮਦਦ ਕਰਨ ਵਾਲਾ ਇਹ ਅਖਾਣ ਬੋਲਦਾ ਹੈ ।

(੯੦) ਕੋਠੇ ਤੋਂ ਡਿਗ ਪਈ, ਵੇਹੜੇ ਨਾਲ ਰੁਸ ਪਈ ।

ਦੇਖੋ:—ਅੰਬਰੋਂ ਡਿਗੀ ਧਰਤ ਪੜੱਛੀ।

(੯੧) ਕੋਲਿਆਂ ਦੀ ਦਲਾਲੀ ਮੂੰਹ ਕਾਲਾ।

ਕਿਸੇ ਭੈੜੇ ਕੰਮ ਵਿਚ ਕਿਸੇ ਦੀ ਬੁਰੀ ਬਦਨਾਮੀ ਹੁੰਦੀ ਵੇਖ ਕਿਹਾ ਜਾਂਦਾ ਹੈ ।

ਅੰਗ੍ਰੇਜ਼ੀ:—Evil communications corrupt good manners.

(੯੨) ਕੌਣ ਕਹੇ ਰਾਣੀਏ ਨੀ ਅਗਾ ਢਕ।

ਕਿਸੇ ਵਡੇ ਆਦਮੀ ਨੂੰ ਕੋਈ ਭੁਲ ਕਰਦਾ ਵੇਖ ਕਿਹਾ ਜਾ ਸਕਦਾ ਹੈ ।

(੯੩) ਕੰਧ ਉਹਲੇ ਪ੍ਰਦੇਸ ।

ਅਰਥ ਸਪਸ਼ਟ ਹੈ ।

ਅੰਗ੍ਰੇਜ਼ੀ:—Out of sight out of mind.

ਫਾਰਸੀ:—ਅਜ਼ ਦੀਦਾ ਦੂਰ ਦਿਲ ਦੂਰ ।

(੯੪) ਕੰਮ ਪਿਆਰਾ ਹੈ ਚੰਮ ਪਿਆਰਾ ਨਹੀਂ ।

ਜਦ ਕੋਈ ਆਦਮੀ ਕਿਸੇ ਦਾ ਨੌਕਰ ਹੋਵੇ, ਤੇ ਉਸ ਪਾਸੋਂ ਕੰਮ ਕੋਈ ਗਲਤ ਹੋ ਜਾਵੇ, ਜਾਂ ਉਹ ਘਟ ਕੰਮ ਕਰੇ, ਤਾਂ ਮਾਲਕ ਕਹਿ ਸਕਦਾ ਹੈ ।

ਅੰਗ੍ਰੇਜ਼ੀ:—Handsome is that handsome does.

ਹਿੰਦੀ

*****
* ਖ *
* *
*****

(੧) ਖਸਮ ਕੀਤਾ ਚੁਰਗੱਤਾ, ਉਹੋ ਚੱਕੀ ਓਹੋਹਥਾ।

ਜਾਂ

(੨) ਖਸਮ ਕੀਤਾ ਭੜਭੂੰਜਾ, ਉਹੋ ਭਠੀ ਉਹੋ ਹੂੰਜਾ ।

ਜਦ ਕੋਈ ਆਦਮੀ ਆਪਣੇ ਵਲੋਂ ਤਾਂ ਤਰੱਕੀ ਵਲ ਪੈਰ ਚੁਕੇ, ਪਰ ਕਿਸੇ ਸਬਬੋਂ ਉਸਦਾ ਮੁੜ ਘਿੜ ਉਹੋ ਹਾਲ ਰਹੇ ਜੋ ਪਹਿਲਾਂ ਸੀ, ਤਾਂ ਬੋਲਦੇ ਹਨ।

(੩) ਖਸਮ ਦਾ ਕੁੱਤਾ, ਸਰ੍ਹਾਣੇ ਸੁਤਾ ।

ਵਡੇ ਆਦਮੀ ਦੀ ਚੀਜ਼ ਦੀ ਕਦਰ ਵੇਖਕੇ ਕਿਹਾ ਜਾਂਦਾ ਹੈ।

(੪) ਖਸਮ ਦੀਆਂ ਸੁਆਰੀਆਂ, ਕਦੇ ਨ ਦੇਂਦੀਆਂ ਵਾਰੀਆਂ ।

ਜਦ ਇਹ ਦਸਣਾ ਹੋਵੇ ਕਿ ਜਿਸ ਔਰਤ ਨਾਲ ਪਤੀ ਲਾਡ ਕਰੇ, ਉਹ ਹੋਰ ਕਿਸੇ ਦੀ ਪਰਵਾਹ ਨਹੀਂ ਕਰਦੀ, ਤਾਂ ਕਹਿੰਦੇ ਹਨ।

(੫) ਖ਼ਸਮ ਨ ਪੁਛੇ ਵਾਤੜੀ, ਫਿਟ ਸੁਹਾਗਣ ਨਾਰ ।

ਨਾਰ ਨੂੰ ਸਿਖਿਆ ਹੈ ਕਿ ਜੇ ਉਸਦਾ ਪਤੀ ਉਸ ਉਤੇ ਖੁਸ਼ ਨਹੀਂ ਤਾਂ ਉਸਦਾ ਸੋਹਾਗਣ ਹੋਣਾ ਕਿਸ ਕੰਮ ?

(੬) ਖਸਮੈਂ ਕਰੇ ਬ੍ਰਾਬਰੀ ਫਿਰ ਗੈਰਤ ਅੰਦਰ ਪਾਇ । (ਗੁਰਬਾਣੀ)

ਜਦ ਇਹ ਦਸਣਾ ਹੋਵੇ ਕਿ ਮਾਲਕ ਦਾ ਟਾਕਰਾ ਨਹੀਂ ਕਰਨਾ ਚਾਹੀਦਾ, ਤਾਂ ਕਹਿੰਦੇ ਹਨ।

(੭) ਖਸਮੈਂ ਨਾਲ ਬਰਾਬਰੀ ਮੂੰਹ ੨ ਚੋਟਾਂ ਖਾਹਿ।

ਜਦ ਕਿਸੇ ਨੂੰ ਉਪਦੇਸ਼ ਦੇਣਾ ਹੋਵੇ ਕਿ ਸੁਆਮੀ ਦਾ ਟਾਕਰਾ ਠੀਕ ਨਹੀਂ ਹੁੰਦਾ, ਤਾਂ ਕਹਿੰਦੇ ਹਨ।

(੮) ਖਖੇ, ਤਤੇ, ਰਾਰਿਓਂ ਪਤ ਰਖੇ ਕਰਤਾਰ।
ਸੂਈ ਹੋਕੇ ਸੰਜਰੇ ਬਣ ਜਾਏ ਤਲਵਾਰ।

ਖਖੇ, ਤਤੇ, ਰਾਰਿਓਂ = ਖਤਰੀਓਂ ।

ਦੇਖੋ:-ਖਤਰੀ ਜਾਤ ਵਲੋਂ ਕਿਸੇਤਰ੍ਹਾਂ ਦੀ ਸਫਾਈ ਦੇਖਕੇ ਬੋਲਦੇ ਹਨ। ਹੋਰ ਭੀ ਹੈ ਜਿਵੇਂ ਅਠ ਠਗ ਅਠ ਠਠਿਆਰ, ਅਠ ਸੂਦ ਅਠ ਸੁਨਿਆਰ, ਅਠੂ ਚੌਕਾ ਬਤਰੀ। ਇਕ ਭੋਲਾ ਜਿਹਾ ਖਤਰੀ।

(੯) ਖਟ ਕੇ ਖਾਣਾਂ ਤੇ ਜਵਾਨਾਂ ਦੀ ਮੌਤ ਮਰਨਾ ਇਕੋ ਜਿਹਾ ਹੈ ।

ਜਦ ਕੋਈ ਆਦਮੀ ਪਹਿਲਾਂ ਵੇਹਲਾ ਖਾਂਦਾ ਰਿਹਾ ਹੋਵੇ, ਤੇ ਫੇਰ ਉਸਨੂੰ ਕੰਮ ਕਰਨਾ ਪੈ ਜਾਵੇ, ਤੇ ਉਹ ਖੇਚਲ

ਤੋਂ ਡਰਦਾ ਸਿਰ ਲੁਕਾਉਂਦਾ ਫਿਰੇ, ਤਾਂ ਵੇਖਣ ਵਾਲੇ ਇਹ ਅਖਾਣ ਵਰਤਦੇ ਹਨ।

(੧੦) ਖਟਣ ਨ ਖਾਣ, ਭੈੜਾ ਚੰਦਰਾ ਜਜਮਾਨ।

ਕਿਸੇ ਮਖਟੂ ਦੀ ਗਲ ਬਾਤ ਕਰਦਿਆਂ ਕਹਿੰਦੇ ਹਨ।

(੧੧) ਖਟਰ ਮਟਰ ਤੇ ਹਰਿਆਲ, ਭਾਂਡਾ ਭੰਨਦੀ ਸਿਰ ਦੇ ਨਾਲ।

ਖਟਰ = ਜੋ ਥਣਾਂ ਨੂੰ ਹਥ ਨਾ ਲਾਉਣ ਦੇਵੇ।
ਮਟਰ = ਜੋ ਥਣਾਂ ਵਿਚ ਦੁਧ ਨਾਂ ਉਤਰਨ ਦੇਵੇ।
ਹਰਿਆਲ = ਜੋ ਪਹਾੜੇ ਤੋਂ ਬਿਨਾ ਧਾਰ ਨਾ ਕਢਣ ਦੇਵੇ।

ਇਹ ਮੁਹਾਵਰਾ ਉਸ ਗਾਂ ਤੋਂ ਬਣਿਆ ਹੈ,ਜੋ ਪਹਿਲਾਂ ਅਸੀਲ ਭਾਸੇ, ਪਰ ਦੁਧ ਚੋਣ ਲਗਿਆਂ ਟਕਰ ਜਾਂ ਛੜ ਮਾਰਕੇ ਭਾਂਡਾ ਹੀ ਭੰਨ ਸੁਟਦੀ ਹੋਵੇ। ਅਜੇਹੇ ਸੁਭਾ ਵਾਲੇ ਆਦਮੀ ਤੇ ਇਹ ਘਟ ਸਕਦਾ ਹੈ।

(੧੨) ਖਟੂ ਆਵੇ ਡਰਦਾ, ਮਨਖਟੂ ਆਵੇ ਲੜਦਾ।

ਜਦ ਕੋਈ ਟਬਰ ਦਾ ਵੇਹਲਾ ਜੀਅ ਨਿਕੰਮੀ ਹਕੂਮਤ ਸਾੜਦਾ ਰਹੇ, ਤਾਂ ਉਸ ਤੋਂ ਤੰਗ ਆਕੇ ਆਖਦੇ ਹਨ।

(੧੩) ਖਡ, ਵੱਢ ਤੇ ਗੱਡ ਭਰੇ ਸੁਹਾਂਦੇ ਨੇ।

ਕਿਸੇ ਨੂੰ ਕੋਈ ਚੀਜ਼ ਵੇਹਲੀ ਨਾ ਸੁੱਟ ਛਡਨ ਦਾ ਉਪਦੇਸ਼ ਦੇਣ ਲਗਿਆਂ ਬੋਲਿਆ ਜਾਂਦਾ ਹੈ।

(੧੪) ਖਤਰੀ ਖੰਡ ਵਲੇਟਿਆ ਮਹੁਰਾ ।

ਦੇਖੋ:—ਖਖੇ ਤਤੇ ਰਾਰਿਓਂ ਪਤ ਰਖੇ ਕਰਤਾਰ ।

ਜਦ ਕੋਈ ਹਟੀ ਵਾਲਾ ਮਿਠੀਆਂ ੨ ਗਲਾਂ ਕਰਕੇ ਲੁਟ ਲਵੇ, ਤਦ ਬੋਲਦੇ ਹਨ ।

(੧੫) ਖਤਰੀ ਦਾ ਫੋੜਾ ਤੇ ਸੁਦਾਗਰ ਦਾ ਘੋੜਾ, ਹਥ ਫੇਰਿਆਂ ਮੋਟਾ ਹੁੰਦਾ ਹੈ ।

ਜਦ ਫੋੜੇ ਫਿਮਣੀ ਨੂੰ ਜੋਰਦਾਰ ਸੇਕ ਦੇਣ ਦੀ ਥਾਂ ਕੋਈ ਪਲੋਸੇ ਤਦ ਵਰਤਦੇ ਹਨ ।

(੧੬) ਖਰੀ ਮਜੂਰੀ ਚੋਖਾ ਕਾਮ ।

ਜਦ ਕੋਈ ਮੇਹਨਤੀ ਆਪਣੀ ਮਜੂਰੀ ਠੋਕ ਵਜਾਕੇ ਮੰਗ ਲਵੇ ਤਾਂ ਵਰਤੀਦਾ ਹੈ, ਭਾਵ ਮਜੂਰੀ ਰਜਵੀਂ ਹੋਵੇ ਤਾਂ ਕੰਮ ਭੀ ਬੜਾ ਦਿਲ ਲਾਕੇ ਕਰੀਦਾ ਹੈ ।

ਅੰਗ੍ਰੇਜ਼ੀ:—A good servant should have good wages.

ਫਾਰਸੀ:—ਕਿ ਮਜ਼ਦੂਰੇ ਖੁਸ਼ਦਿਲ ਕੁਨਦ ਕਾਰ ਬੇਸ਼।

(੧੭) ਖਰੇ ਨਾਲ ਖੋਟਾ, ਉਸਨੂੰ ਦਰਗਾਹੋਂ ਟੋਟਾ।

ਜਦ ਕੋਈ ਆਦਮੀ ਆਪਣੇ ਦਿਲੋਂ ਸਾਫ ਹੋਵੇਤੇ ਉਸ ਨਾਲ ਕੋਈ ਧੋਖਾ ਕਰੇ, ਜਾਂ ਜਦ ਕਿਸੇ ਨੂੰ ਉਪਦੇਸ਼ ਦੇਣਾ ਹੋਵੇ ਕਿ ਨੇਕ ਨਾਲ ਧੋਖਾ ਨਹੀਂ ਕਰੀਦਾ, ਤਾਂ ਕਹਿੰਦੇ ਹਨ ।

(੧੮) ਖਲੋਣ ਨੂੰ ਥਾਂ ਮਿਲੇ ਬਹਿਣ ਨੂੰ ਆਪੇ ਕਰ ਲਵਾਂਗੇ ।

ਭੀੜ ਵੇਲੇ ਥਾਂ ਮੰਗਣ ਲਗਿਆਂ ਭੀ ਕਈ ਵਾਰੀ ਮਖੌਲ ਨਾਲ ਕਹਿ ਦੇਂਦੇ ਹਨ। ਭਾਵ, ਇਹ ਕਿ ਜਰਾ ਜਿਨਾਂ ਸਹਾਰਾ ਪ੍ਰਾਪਤ ਕਰਕੇ ਆਦਮੀ ਪਸਰਨ੍ਹਾ ਸ਼ੁਰੂ ਕਰ ਦੇਂਦਾ ਹੈ।

(੧੯) ਖ੍ਵਾਜੇ ਦਾ ਗਵਾਹ ਡਡੂ ।

ਕਿਸੇ ਝੂਠੇ ਆਦਮੀ ਨੂੰ ਉਸਦਾ ਕੋਈ ਮੇਲੀ ਗੇਲੀ ਹਿਮਾਇਤ ਕਰਕੇ ਸਚਾ ਬਨਾਉਣਾ ਚਾਹੇ ਤਾਂ ਵਰਤਦੇ ਹਨ।

ਭਾਵ, ਡਡੂ ਆਪਣੇ ਆਸਰਾ ਦਾਤੇ ਖੂਹ ਦੇ ਵਿਰੁਧ ਕਿਸਤਰ੍ਹਾਂ ਬੋਲ ਸਕਦਾ ਹੈ।

ਅੰਗ੍ਰੇਜ਼ੀ:—(*a*) A boaster and a liar are cousins.
(*b*) A self-interested person is no witness.

(੨੦) ਖ਼ਾਈਏ ਕਣਕ ਦਾਲ, ਜੇਹੜੀ ਨਿਭੇ ਨਾਲ।

ਬਹੁਤੀਆਂ ਸਵਾਦਲੀਆਂ ਚੀਜ਼ਾਂ ਖਾਣ ਵਾਲੇ ਨੂੰ ਉਪਦੇਸ਼ ਹੈ।

(੨੧) ਖ਼ਾਈਏ ਤਾਂ ਰਜਕੇ, ਨਹੀਂ ਤਾਂ ਸੌਂ ਰਹੀਏ ਮੂੰਹ ਕਜਕੇ ।

ਰੋਟੀ ਖਵਾਉਣ ਵਾਲੇ ਕਹਿੰਦੇ ਹਨ, ਭਾਵ ਕੀ ਕਿ ਰਜਕੇ ਖਾਓ ।

(੨੨) ਖ਼ਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ ।

ਕਪੜੇ ਬਾਬਤ ਉਪਦੇਸ਼ ਹੈ ! ਭਾਵ ਇਹ ਕਿ ਅੰਦਰ ਭਾਵੇਂ ਕੁਝ ਕਰੋ, ਪਰ ਦੁਨੀਆ ਦੇ ਸਾਹਮਣੇ ਇਸਤਰ੍ਹਾਂ ਆਉ ਕਿ ਕੋਈ ਉਂਗਲ ਨਾ ਚੁਕੇ ?

(੨੩) ਖਾਏ ਪੀਵੇ ਹੋਵੇ ਮੋਟਾ, ਅੰਤ ਅਖਾਏ ਦਾਦੇ ਦਾ ਪੋਤਾ ।

ਨਾਨਕਿਆਂ ਦੇ ਘਰ ਦੋਹਤਰਾ ਰਹਿੰਦਾ ਹੋਵੇ ਤਾਂ ਇਹ ਅਖਾਣ ਪਾਉਂਦੇ ਹਨ ।

(੨੪) ਖਾਣ ਨੂੰ ਗੱਲਾ, ਤੇ ਮਾਰ ਨੂੰ ਕੱਲਾ ।

ਜਦ ਤਕਲੀਫ ਵੇਲੇ ਕੋਈ ਆਪਣੀ ਕਮਹਿੰਮਤੀ ਦਿਖਾਵੇ, ਤਦ ਵਰਤਦੇ ਹਨ । ਭਾਵ ਸਾਰਾ ਟਬਰ ਪਾਲਦਾ ਰਿਹਾ ਪਰ ਲੋੜ ਵੇਲੇ ਇਕੱਲਾ ਹੀ ਰਹਿ ਗਿਆ ।

(੨੫) ਖਾਣ ਪੀਣ ਨੂੰ ਚੰਗੀ ਭਲੀ, ਨਾਮ ਜਪਣ ਨੂੰ ਗੂੰਗੀ ।

ਜਦ ਕੋਈ ਜੀਅ ਖਾਣ ਪੀਣ ਜਾਂ ਹੋਰ ਨਫਾ ਖਟਣ ਵਿਚ ਤਿਆਰ ਬਰ-ਤਿਆਰ ਹੋਵੇ, ਪਰ ਕੰਮ ਦੀ ਵਾਰੀ ਬਹਾਨੇ ਲਾਵੇ, ਤਾਂ ਬੋਲਦੇ ਹਨ ।

(੨੬) ਖਾਣ ਪੀਣ ਨੂੰ ਦੋ ਮੰਨੀਆਂ, ਕੰਮ ਕਰਨ ਨੂੰ ਬਾਹਵਾਂ ਭੰਨੀਆਂ ।

ਦੇਖੋ:-ਖਾਣ ਪੀਣ ਨੂੰ ਚੰਗੀ, ਨਾਮ ਜਪਣ ਨੂੰ ਗੂੰਗੀ।

(੨੭) **ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ ।** ਜਾਂ

(੨੮) **ਖਾਣ ਪੀਣ ਨੂੰ ਬਾਹਮਣੀ ਜੁੱਤੀਆਂ ਨੂੰ ਬਰਵਾਲੀ ।** ਜਾਂ

(੨੯) **ਖਾਣ ਪੀਣ ਨੂੰ ਭੋਜਕੀ, ਤੇ ਦੁਖ ਸਹਿਣ ਨੂੰ ਦੋਜਕੀ ।**

ਭੋਜਕੀ = ਇਕ ਜਾਤ ਹੈ,ਛੇ ਧਾਗੇ ਦਾ ਸੂਤ ਮੰਤਰਝਾੜੇ ਨਾਲ ਪੇਟ ਪਾਲਦੀ ਹੈ ।

ਜਦ ਕਿਸੇ ਕੰਮ ਵਿਚ ਫੈਦਾ ਤਾਂ ਕੋਈ ਉਠਾਉਂਦਾ ਰਹੇ ਤੇ ਦੁਖ ਤਕਲੀਫ ਦੇ ਵੇਲੇ ਕਿਸੇ ਹੋਰ ਨੂੰ ਅਗੇ ਕੀਤਾ ਜਾਵੇ, ਤਾਂ ਬੋਲਦੇ ਹਨ ।

ਅੰਗ੍ਰੇਜ਼ੀਃ—To be blamed for the faults of one's neighbour.

(੩੦) **ਖਾਣਾ ਹਲਵਾਈਆਂ ਦੇ, ਭੌਂਕਣਾ ਕਸਾਈਆਂ ਦੇ ।**

ਦੇਖੋ:—ਆਂਡੇ ਕਿਤੇ, ਕੁੜ੨ ਸਾਡੇ ।

(੩੧) **ਖਾਣਾ ਖਾਧਾ ਤੇ ਪਤਲ ਪਾਟੀ ।**

ਜਦ ਕੋਈ ਕੰਮ ਨਿਬੜ ਨਿਬੜਾਕੇਭੁਲ ਭੁਲਾ ਜਾਵੇ,ਤੇ ਫਿਰ ਕੋਈ ਉਸਦੇ ਬਖੇੜੇ ਨੂੰ ਵਿਚ ਲੈ ਆਵੇ, ਤਦ ਇਹ ਅਖਾਣ ਪਾਕੇ ਸਮਝਾਈਦਾ ਹੈ, 'ਕਿ ਬੀਤ ਗਈ ਬਾਤ ਕੀ

ਘਸੀਟ ਕਾਹਦੀ' ?

ਫਾਰਸੀ:—ਗੁਜ਼ਸ਼ਤਾ ਰਾ ਸਲਵਾਤ, ਆਇੰਦਾ ਰਾ ਇਹਤੀਆਤ।

(੩੨) ਖਾਂਦਿਆਂ ੨ ਖੂਹ ਨਿਖੁਟ ਜਾਂਦੇ ਨੇ।

ਜਦ ਕੋਈ ਆਦਮੀ ਖਟੇ ਕੁਝ ਕਮਾਏ ਨਾ, ਤੇ ਪਿਛਲੀ ਜੋੜੀ ਹੋਈ ਮਾਇਆ ਖਾਈ ਜਾਵੇ, ਤਾਂ ਸਮਝਾਉਨ ਵਾਲੇ ਕਹਿੰਦੇ ਹਨ।

(੩੩) ਖਾਂਦੀਆਂ ਛੋਲੇ ਤੇ ਡਕਾਰ ਬਦਾਮਾਂ ਦੇ।

ਕੋਈ ਕੰਗਾਲ ਫੋਕੀਆਂ ਫੜਾਂ ਮਾਰੇ, ਤਾਂ ਕਹਿੰਦੇ ਹਨ।

ਦਖੋ:—ਸੌਣਾ ਰੂੜੀਆਂ ਤੇ ਸੁਫਨੇ ਸ਼ੀਸ਼ ਮਹਿਲਾਂ ਦੇ।

(੩੪) ਖਾਨਾਂ ਦੇ ਖਾਨ ਪ੍ਰਾਹੁਣੇ ਝੰਨਿਓਟੀਆਂ ਦੇ ਝਨਿਓਟ। ਖਾਨਾਂ ਨੂੰ ਮਾਰਨ ਬਕਰੇ ਝਨਿਓਟ ਰਿਨ੍ਹਾਵਣ ਮੋਠ।

ਦੇਖੋ:—ਅੰਨ੍ਹੇ ਨੂੰ ਕਾਣਾ ਸੌ ਵਲ ਭੰਨਕੇ ਮਿਲਦਾ ਹੈ।

(੩੫) ਖਾਲੀ ਸੰਖ ਵਜਾਵੇ ਦੀਪਾ।

ਜਦ ਕੋਈ ਆਦਮੀ ਫੋਕੀਆਂ ਟਰਾਂ ਮਾਰੇ, ਤਾਂ ਬੋਲਦੇ ਹਨ।

(੩੬) ਖੀਰ ਖਾਣ ਨੂੰ ਬਾਹਮਣੀ ਤੇ ਫਾਹੇ ਮਿਲਣ ਨੂੰ ਸ਼ੇਖ।

ਦੇਖੋ: ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿਛ।

(੩੭) **ਖੁੱਡੇ ਚੂਹਾ ਮੇਵੇਂ ਨਾ ਤੇ ਢਾਕੇ ਬੰਨ੍ਹੇ ਛਜ।**

ਜਦ ਕੋਈ ਆਦਮੀ ਅਗੇ ਹੀ ਕਿਸੇ ਟਬਰ ਤੇ ਭਾਰੂ ਜਿਹਾ ਹੋਵੇ ਪੇ ਫੇਰ ਹੋਰ ਆਪਣੇ ਪ੍ਰਾਹੁਣੇ ਲੈ ਲੈ ਆਵੇ, ਤਾਂ ਕਿਹਾ ਜਾ ਸਕਦਾ ਹੈ।

ਫਾਰਸੀ:—ਮੂਸ਼ ਨ ਗੁੰਜਦ ਦਰ ਸੁਰਾਖ, ਕਮਰ ਬਬੰ-
ਬਦ ਗੁਲਾ ਫਸ਼ਾ।

(੩੮) **ਖੁਡੋਂ ਨਿਕਲੇ ਢਕ ਮਕੌੜੇ, ਆਪੋ ਆਪਣੀ ਰਾਹੀਂ ਦੌੜੇ ।**

ਜਦ ਕਿਸੇ ਦੀ ਉਲਾਦ ਵਡੀ ਹੋਕੇ ਅਡੋ ਅਡੀ ਹੋ ਜਾਵੇ, ਜਾਂ ਇਕ ਪਾਰਟੀ ਕੰਮ ਨਿਬੇੜਕੇ ਖਿਲਰ ਪੁਲਰ ਜਾਵੇ, ਤਦ ਵਰਤਦੇ ਹਨ।

(੩੯) **ਖੁਦਾ ਨੇੜੇ ਕਿ ਘਸੁੰਨ ।**

ਦੇਖੋ:—ਡਾਢੇ ਦਾ ਸਤੀ ਵੀਹੀਂ ਸੌ।

(੪੦) **ਖੁਰ ਤਤਾ ਤੇ ਗਦੋਂ ਮੱਤਾ ।**

ਖੋਤੇ ਦੀ ਆਦਤ ਹੈ ਕਿ ਗਰਮੀਆਂ ਦੇ ਦਿਨਾਂ ਵਿਚ ਬਹੁਤ ਮਸਤ ਹੋ ਜਾਂਦਾ ਹੈ।

ਜਦ ਕੋਈ ਆਦਮੀ ਕਿਸੇ ਖਾਸ ਬਹਾਰ ਆਇਆਂ ਆਪਣੀ ਛਡੀ ਹੋਈ ਕਾਰ ਨੂੰ ਛੇੜ ਦੇਵੇ।

ਜੇਹਾਕੁ ਸਾਵਣ ਵਿਚ ਸ਼ਰਾਬੀ ਤੇਦਿਵਾਲੀ ਦੇ ਲਾਗੇ ਜੁਵਾਰੀਆ, ਤਦ ਬੋਲਦੇ ਹਨ।

(੪੧) ਖੂਹ ਪੁਟਦੇ ਨੂੰ, ਖਾਤਾ ਤਿਆਰ ।

ਜਦ ਕੋਈ ਆਦਮੀ ਕਿਸੇ ਨਾਲ ਬੁਰਾ ਕਰੇ, ਤੇ ਅਗੋਂ ਉਸ ਨਾਲ ਓਦੂੰ ਭੀ ਬਹੁਤ ਬੁਰਾ ਹੋਵੇ, ਤਾਂ ਬੋਲਦੇ ਹਨ ।

ਫਾਰਸੀ:—ਚਾਹ ਕੁਨ ਰਾ ਚਾਹ ਦਰ ਪੇਸ਼ ।

ਅੰਗ੍ਰੇਜ਼ੀ:—He who digs a pit for others falls himself in to it.

(੪੨) ਖੂਹ ਪਿਆ ਵਹੜਕਾ, ਖਸੀ ਵੀ ਕਰ ਲਓ।

ਜਦ ਕੋਈ ਆਦਮੀ ਅਗੇ ਹੀ ਤਕਲੀਫ ਵਿਚ ਫਸਿਆ ਪਿਆ ਹੋਵੇ, ਤੇ ਕੋਈ ਕਹੇ ਕਿ ਇਸ ਕੋਲੋਂ ਫਲਾਣੀ ਗਲ ਵੀ ਹੁਣੇ ਮਨਾ ਲਉ, ਤਾਂ ਕਹਿੰਦੇ ਹਨ ।

(੪੩) ਖੂਹ ਵਿਚ ਪਈ ਇਟ ਸੁਕੀ ਨਹੀਂ ਨਿਕਲਦੀ ।

ਜਦ ਕਿਸੇ ਤੇ ਕੋਈ ਤਕਲੀਫ ਪੈ ਜਾਵੇ ਤਾਂ ਕਹਿੰਦੇ ਹਨ। ਭਾਵ ਇਹ ਕਿ ਭਾਵੇਂ ਪਿਛੋਂ ਬੇਕਸੂਰ ਹੀ ਸਾਬਤ ਹੋ ਜਾਵੇ, ਪਰ ਤਕਲੀਫ ਤੇ ਖਰਚ ਹੋ ਜਾਵੇਗਾ ।

(੪੪) ਖੇਤੀ ਖਸਮਾਂ ਸੇਤੀ ।

ਜਦ ਕਿਸੇ ਨੂੰ ਇਹ ਦਸਣਾ ਹੋਵੇ ਕਿ ਕਿਸੇ ਕਾਰੋਬਾਰ ਉਤੇ ਮਾਲਕ ਦਾ ਆਪਣਾ ਧਿਆਨ ਬੜਾ ਜ਼ਰੂਰੀ ਹੈ, ਨਹੀਂ ਤਾਂ ਉਜੜ ਜਾਏਗਾ, ਤਾਂ ਬੋਲਦੇ ਹਨ ।

ਦੇਖੋ:—ਪੜਹਥੀਂ ਵਣਜ ਸੁਨੇਹੀ ਖੇਤੀ, ਕਦੇ ਨਾਂ ਹੁੰਦੇ ਬਤੀਆਂ ਦੇ ਤੇਤੀ।

ਅੰਗ੍ਰੇਜ਼ੀ:—The master's eyes makes the mare fat.

(੪੫) ਖੈਰ ਕਲੰਦਰਾਂ ਹੁਜਾ ਬਾਂਦਰਾਂ।

ਜਦ ਕਿਸੇ ਦੀ ਤਕਲੀਫ ਤੋਂ ਫਾਇਦਾ ਕੋਈ ਹੋਰ ਉਠਾਵੇ, ਤਾ ਕਹਿੰਦੇ ਹਨ।

(੪੬) ਖੋਹਣ ਨ ਖੁਸੇ, ਦੰਦੀੜਕਾਂ ਵੱਟੇ।

ਜਦ ਕਿਸੇ ਦੀ ਕੋਈ ਪੇਸ਼ ਨ ਜਾਂਦੀ ਹੋਵੇ, ਤੇ ਐਵੇਂ ਪਿਆ ਕਚੀਚੀਆਂ ਲਵੇ, ਤਾਂ ਬੋਲਦੇ ਹਨ।

(੪੭) ਖੋਟਾ ਪੁਤ ਤੇ ਖੋਟਾ ਪੈਸਾ ਵੇਲੇ ਸਿਰ ਕੰਮ ਆ ਜਾਂਦਾ ਹੈ।

ਜਦ ਕਿਸੇ ਦਾ ਭੈੜਾ ਪੁਤਰ ਕੋਈ ਕੰਮ ਦੇ ਜਾਵੇ, ਜਾਂ ਖੋਟਾ ਪੈਸਾ ਢੇਰ ਚਿਰ ਪਿਆ ਰਹੇ, ਤੇ ਕਦੇ ਲੋੜ ਵੇਲੇ ਵਧ ਘਟ ਕਰਕੇ ਦੇ ਦਿਤਾ ਜਾਵੇ, ਤਾਂ ਕਹਿੰਦੇ ਹਨ। ਭਾਵ ਭੈੜੀ ਚੀਜ਼ ਭੀ ਕਿਸੇ ਔਖੇ ਵੇਲੇ ਕੁਝ ਸਹਾਰੇ ਦਾ ਕਾਰਣ ਬਣ ਜਾਂਦੀ ਹੈ।

ਅੰਗ੍ਰੇਜ਼ੀ:—Keep a thing seven years, you will find a use for it.

(੪੮) ਖੋਤੀ ਤਸੀਲੇ ਹੋ ਆਈ ਜੇ।

ਜਦੋਂ ਕੋਈ ਆਦਮੀ ਕਿਸੇ ਰਤਾ ਵਡੇ ਬੰਦੇਨੂੰ ਮਿਲਕੇ, ਜਾਂ ਕੋਈ ਮਾਮੂਲੀ ਵਡਿਆਈ ਪਾਕੇ ਆਪਣੇ ਸਾਥੀਆਂ ਤੋਂ ਕੰਨੀ ਕਤਰਾਉਣ ਲਗ ਜਾਵੇ, ਤਾਂ ਕਹਿੰਦੇ ਹਨ।

(੪੯) ਖੋਤੇ ਚੜ੍ਹੀ ਤੇ ਲਤਾਂ ਲਮਕਦੀਆਂ ।

ਬਦਨਾਮ ਹੋਏ ੨ ਆਦਮੀ ਦੀ ਜਦ ਕੋਈ ਬਦਨਾਮੀ ਹੁੰਦੀ ਹੋਵੇ, ਤਾਂ ਕਹਿੰਦੇ ਹਨ। ਭਾਵ ਜਦ ਖੋਤੇ ਤੇ ਚੜ੍ਹ ਬੈਠੇ ਤਾਂ ਲਤਾਂ ਲਮਕਦੀਆਂ ਦਾ ਮੇਹਣਾ ਸੁਣਨ ਦੀ ਕੀ ਸੰਗ ਹੈ ?

(੫੦) ਖੋਤੇ ਦੇ ਗਲ ਲਾਲ ।

ਕਿਸੇ ਮੂਰਖ ਨੂੰ ਜੇ ਕੋਈ ਐਸੀ ਚੰਗੀ ਵਸਤੂ ਮਿਲ ਜਾਵੇ, ਜਿਸਦੇ ਉਹ ਬਿਲਕੁਲ ਯੋਗ ਨ ਹੋਵੇ, ਤਾਂ ਕਹਿੰਦੇ ਹਨ ।

(੫੧) ਖੋਤੇ ਨੂੰ ਘਿਉ ਦਿੰਦੇ ਸੀ, ਆਖੇ ਮੇਰੇ ਕੰਨ ਮਰੋੜਦੇ ਨੇ ।

ਜਦੋਂ ਕਿਸੇ ਆਦਮੀ ਦੇ ਵਾਧੇ ਦੀ ਗਲਕੀਤੀ ਜਾਵੇ,ਪਰ ਉਹ ਆਖੇ ਕਿ ਮੇਰੇਨਾਲ ਵੈਰ ਕਰਦੇ ਹਨ,ਤਾਂ ਕਹਿੰਦੇ ਹਨ।

(੫੨) ਖੰਡ ਖੰਡ ਆਖਿਆਂ ਮੂੰਹ ਮਿਠਾ ਨਹੀਂ ਹੁੰਦਾ ।

ਜਦ ਇਹ ਦਸਣਾ ਹੋਵੇ ਕਿ ਨਿਰਾ ਮੂੰਹੋਂ ਕਹਿਣ ਨਾਲ ਹੀ ਕੋਈ ਕੰਮ ਨਹੀਂ ਹੁੰਦਾ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ—Bare words buy no barley.

(੫੩) ਖੰਭਾਂ ਦੀ ਡਾਰ ਬਣਦੀ ਹੈ ।

ਦੇਖੋ:—ਅਗੋਂ ਅਗੈਣ, ਤੇ ਗਲੋਂ ਗਲੈਣ।

'ਹਿੰਦੀ'

*****
* ਗ *
* *
*****

(੧) **ਗਊ ਪੁੰਨ ਦੀ, ਦੰਦ ਕੌਣ ਗਿਣੇ।**

ਜਦ ਮੁਫਤ ਵਿਚ ਮਿਲੀ ਚੀਜ਼ ਭੈੜੀ ਨਿਕਲ ਆਵੇ, ਤਾਂ ਕਹਿੰਦੇ ਹਨ।

(੨) **ਗਈ ਸੀ ਕੰਡਾ ਮਲਾਉਣ ਭੈਨਾ ਆਈ ਘੰਡੀ।** ਜਾਂ

(੩) **ਗਈ ਸੀ ਕੰਡਾ ਕਢਾਉਣ ਭਨਾ ਆਈ ਘੰਡੀ।**

ਕੰਡਾ ਮਲਾਉਣ = ਗਲ ਦੀ ਇਕ ਤਰ੍ਹਾਂ ਦੀ ਬੀਮਾਰੀ ਹੈ।

ਕੰਡਾ ਕਢਾਉਣ = ਪੈਰ ਵਿਚ ਚੁਭਾ ਹੋਇਆ ਕੰਡਾ ਜਾਂ ਸੂਲ।

ਕੋਈ ਆਦਮੀ ਕਿਸੇ ਕੋਲ ਕਿਸੇ ਲਾਭ ਲਈ ਜਾਵੇ, ਪਰ ਉਹ ਅਨਜਾਣ-ਪੁਣੇ ਵਿਚ ਉਲਟਾ ਨੁਕਸਾਨ ਕਰ ਦੇਵੇ, ਤਾਂ ਕਹਿੰਦੇ ਹਨ। ਕਈ ਇਸ ਨੂੰ 'ਗਈ ਸੀ ਕੰਡਾ ਕਢਾਉਣ ਭਨਾ ਆਈ ਘੰਡੀ' ਕਰਕੇ ਵਰਤਦੇ ਹਨ, ਪਰ ਕਿਸੇ ਹਦ ਤੀਕਰ ਇਹ ਗਲਤ ਹੋ ਸਕਦਾ ਹੈ, ਕਿਉਂਕਿ ਪੈਰ ਦੇ ਕੰਡੇ ਦਾ ਘੰਡੀ ਨਾਲ ਕੋਈ ਸੰਬੰਧ ਨਹੀਂ। ਹਾਂ, ਗਲ ਵਿਚ ਜੇਹੜਾ ਕੰਡਾ ਪੈ ਜਾਂਦਾ ਹੈ, ਉਸਦਾ ਘੰਡੀ ਨਾਲ ਸੰਬੰਧ ਜ਼ਰੂਰ ਹੈ।

ਇਸ ਲਈ 'ਗਈ ਸੀ ਕੰਡਾ ਮਲਾਉਣ, ਭਨਾ ਆਈ ਘੰਡੀ' ਠੀਕ ਹੈ।

ਦੇਖੋ:—ਮੰਗੀ ਸੀ ਘੋੜੀ ਹੇਠ ਨੂੰ, ਮਿਲ ਗਈ ਉਤੇ ਨੂੰ

(੪) ਗਏ ਊਠ ਸੋ ਇੱਜੜ ਰਲੇ ।

ਕੋਈ ਖੁਲ੍ਹਾ ਆਦਮੀ ਭੈੜੀ ਸੰਗਤ ਵਿਚ ਜਾ ਰਲੇ, ਤਾਂ ਕਹਿੰਦੇ ਹਨ।

(੫) ਗਏ ਨਿਮਾਣੇ ਰੋਜੜੇ ਰਹਿ ਗਏ ਨੌਂ ਤੇ ਵੀਹ।

ਜਦ ਕੋਈ ਕੰਮ ਅਜੇ ਰਹਿੰਦਾ ਤਾਂ ਬਹੁਤ ਸਾਰਾ ਹੋਵੇ, ਪਰ ਕਰਨ ਵਾਲਾ ਹੁਣ ਤੋਂ ਹੀ ਹੋ ਚੁਕਾ ਕਹਿਣ ਲਗ ਜਾਵੇ, ਤਾਂ ਕਹਿੰਦੇ ਹਨ। ਕਈ ਵਾਰੀ ਦਿਲ ਨੂੰ ਹੌਂਸਲਾ ਦੇਣ ਲਈ ਮਖੌਲ ਨਾਲ ਭੀ ਕਹਿੰਦੇ ਹਨ ।

(੬) ਗਹਿਣੇ ਦਾ ਸ਼ਾਹ ਕਾਹਦਾ, ਤੇ ਵਟੇ ਦੀ ਕੁੜਮਾਈ ਕਾਹਦੀ ।

ਗਹਿਣਾ ਧਰਕੇ ਕਰਜ਼ ਲੈਣ ਵਿਚ ਤੇ ਵਟਾ ਕਰਕੇ ਕੁੜਮਾਈ ਕਰਨ ਵਿਚ ਅਗਲੇ ਦਾ ਅਹਿਸਾਨ ਜਾਂ ਉਪਕਾਰ ਕੀ ਹੋਇਆ ? ਪਰ ਜੇ ਕੋਈ ਇਸੇਤਰ੍ਹਾਂ ਦੇ ਵਟਾਂਦਰੇ ਬਾਬਤ ਅਹਿਸਾਨ ਜਿਤਾਵੇ, ਤਾਂ ਅਗੋਂ ਉਤਰ ਦਿਤਾ ਜਾਂਦਾ ਹੈ।

(੭) ਗਡ ਨਾਲ ਕਟਾ ਬਧਾ ਹੋਇਆ ਏ ।

ਜਾਂ

(੮) ਗਡੇ ਨਾਲ ਕਟਾ ਨਹੀਂ ਬੰਨ੍ਹੀਦਾ ।

ਕਿਸੇ ਕੋਲੋਂ ਕੋਈ ਚੀਜ਼ ਮੰਗੀ ਜਾਵੇ, ਤੇ ਉਹ ਅਗੋਂ ਕੋਈ ਨਿਕੰਮਾ ਜਿਹਾ ਬਹਾਨਾ ਬਣਾਕੇ ਨਾਂਹ ਕਰ ਦੇਵੇ, ਤਾਂ ਉਸ ਆਦਮੀ ਤੇ ਘਟਾਉਂਦੇ ਹਨ।

ਇਸ ਕਹਾਣੀ ਦਾ ਮੁਢ ਇਉਂ ਹੈ ਕਿ ਕਿਸੇ ਜਟ ਪਾਸ਼ੋਂ ਦੂਜੇ ਨੇ ਗੱਡਾ ਮੰਗਿਆ, ਉਸ ਨੇ ਉਤਰ ਦਿਤਾ ਕਿ ਗੱਡਾ ਵੇਹਲਾ ਨਹੀਂ, ਉਸ ਨਾਲ ਅਸਾਂ ਕੱਟਾ ਬੱਧਾ ਹੋਇਆ ਹੈ।

ਦੇਖੋ:—ਮਨ ਹਰਾਮੀ ਹੁਜਤਾਂ ਦੇ ਢੇਰ।

(੯) ਗਦੋਂ ਤੋਂ ਬੋਹਲ ਲੁਟਾਇਆ।

ਕਿਸੇ ਨਿਗੂਣੀ ਚੀਜ਼ ਦੀ ਖਾਤਰ ਕੋਈ ਵਡੀ ਕੁਰ-ਬਾਨੀ ਕੀਤੀ ਜਾਵੇ, ਤਾਂ ਵਰਤਦੇ ਹਨ।

(੧੦) ਗਦੋਂ ਦੀ ਗੂਣ ਤੇ ਮਾਣੀ ਦਾ ਭੁਲੇਖਾ।

ਗੂਣ = ਛੱਟ, ਜੋ ਖੋਤੇ ਪੁਰ ਲਦੀ ਜਾਂਦੀ ਹੈ।

ਮਾਣੀ = ਟੋਪੇਦੀਮਿਣਤੀ ਨਾਲ ੧੨॥ਮਣਾਂ ਦੀਹੁੰਦੀਹੈ

ਜਦ ਕਿਸੇ ਨਿਕੀ ਜਿਹੀ ਗਲ ਵਿਚ ਕੋਈ ਵਧੇਰੇ ਭੁਲੇਖਾ ਪੈ ਜਾਣ ਦਾ ਖਤਰਾ ਹੋਵੇ, ਤਾਂ ਬੋਲਦੇ ਹਨ।

(੧੧) ਗਧੇ ਨੂੰ ਸੋਟਾ, ਰਾਕੀ ਨੂੰ ਜੋਟਾ।

ਦੇਖੋ:—ਗਧ ਨੂੰ ਸੋਟਾ ਤੇ ਰਾਕੀ ਨੂੰ ਸੈਨਤ।

(੧੨) ਗਰੀਬ ਦੀ ਜਵਾਨੀ, ਤੇ ਪੋਹ ਦੀ ਚਾਨਣੀ ਐਵੇਂ ਹੀ ਜਾਂਦੀ ਹੈ।

ਅਰਥ ਬਿਲਕੁਲ ਸਾਫ ਹੈ। ਜਦ ਕੋਈ ਚੀਜ਼ ਐਵੇਂ

ਜਾਂਦੀ ਦਿਸੇ, ਤਾਂ ਇਹ ਅਖਾਣ ਪਾਉਂਦੇ ਹਨ।

(੧੩) ਗ਼ਰੀਬ ਦੀ ਜੋਰੂ, ਜਣੇ ਖਣੇ ਦੀ ਭਾਬੀ।

ਜਦ ਕਿਸੇ ਮਾੜੇ ਬੰਦੇ ਦੀ ਚੀਜ਼ ਨੂੰ ਹਰ ਕੋਈ ਤੋੜਦਾ ਭੰਨਦਾ ਰਹੇ, ਤਾਂ ਇਹ ਅਖਾਣ ਪਾਉਂਦੇ ਹਨ।

(੧੪) ਗਰੀਬਾਂ ਨੂੰ ਕਣਕ ਹੀ ਅਨਾਜ ਹੈ।

ਜਾਂ

(੧੫) ਗਰੀਬਾਂ ਨੂੰ ਕੁਕੜ ਹੀ ਕੜ੍ਹੀ ਹੈ।

ਜਾਂ

(੧੬) ਗਰੀਬਾਂ ਨੂੰ ਖੰਡ ਦਾ ਕੜ੍ਹਾਹ ਹੀ ਚੰਗਾ ਏ, ਨਾ ਲੰਘੂ ਤੇ ਘਿਉ ਦੇ ਘੁਟ ਨਾਲ ਲੰਘਾ ਲਵਾਂਗੇ।

ਜਦ ਕੋਈ ਚੰਗੀ ਚੀਜ਼ ਨੂੰ ਭੀ ਥੂ ਥੂ ਕਰੇ, ਤੇ ਨਾਲ ਹੀ ਆਪ ਗਰੀਬ ਭੀ ਬਣ ਬਣ ਬਹੇ, ਤਦ ਆਖਦੇ ਹਨ।

(੧੭) ਗਰੀਬਾਂ ਨੂੰ ਰਬ ਦੀ ਮਾਰ।

ਜਦ ਕਿਸੇ ਗਰੀਬ ਨੂੰ ਕੋਈ ਵਧੇਰੇ ਕਸ਼ਟ ਆ ਪਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Poverty breeds strife.

ਉਰਦੂ—ਨਾਦਾਰੀ ਝਗੜੇ ਕੀ ਜੜ੍ਹ ਹੈ।

(੧੮) ਗਰੀਬਾਂ ਰਖੇ ਰੋਜੇ ਦਿਨ ਵਡੇ ਆਏ।

ਇਕ ਆਦਮੀ ਕਿਸੇ ਕੰਮ ਨੂੰ ਕਰਨ ਲਗੇ, ਤੇ ਉਸ ਕੰਮ ਵਿਚ ਹੋਰ ਲੋਕਾਂ ਨਾਲੋਂ ਵਧੇਰੇ ਔਖਿਆਈਆਂ ਉਸਦੇ ਸਾਹਮਣੇ ਆ ਜਾਣ, ਤਾਂ ਕਹਿੰਦੇ ਹਨ।

(੧੯) ਗਰੀਬੀ ਬੜੀ ਬੀਬੀ ਹੈ ।

ਗਰੀਬੀ ਦੇ ਹਕ ਵਿਚ ਬੋਲਦਿਆਂ ਕਹੀਦਾ ਹੈ ।

(੨੦) ਗੱਲ ਹੋਈ ਪੁਰਾਣੀ, ਬੁੱਕਲ ਮਾਰ ਬੈਠੀ ਚੁਧਰਾਣੀ (ਸਵਾਣੀ)।

ਜਦ ਕੋਈ ਕਸੂਰ ਵਾਰ ਬੰਦਾ ਕੁਝ ਚਿਰ ਪਿਛੋਂ ਸਚਾ ਬਣ ੨ ਬੈਠੇ, ਤਾਂ ਉਸਦੀ ਗਲ ਕਰਨ ਵਾਲੇ ਕਹਿੰਦੇ ਹਨ।

(੨੧) ਗੱਲ ਕਹਿੰਦੀ ਹੈ 'ਤੂੰ ਮੈਨੂੰ ਮੂੰਹੋਂ ਕੱਢ ਤੇ ਮੈਂ ਤੈਨੂੰ ਪਿੰਡੋਂ ਕੱਢਦੀ ਹਾਂ'।

ਇਸ ਅਖਾਣ ਨੂੰ ਦੋ ਥਾਈਂ ਵਰਤਿਆ ਜਾਂਦਾ ਹੈ।

(੧) ਇਕ ਵਾਰ ਮੂੰਹੋਂ ਕਢੀ ਗਲ ਫੇਰ ਮੁੜ ਮੂੰਹ ਵਿਚ ਨਹੀਂ ਆ ਸਕਦੀ।ਇਸ ਲਈ ਬਿਨਾਂ ਸੋਚੇ ਮੂੰਹ ਖੋਲਣਾ ਮੂਰਖਤਾ ਹੈ'।

ਫਾਰਸੀ:—ਚਿਰਾ ਕਾਰੇ ਕੁਨਦ ਆਕਿਲ ਕਿ ਬਾਜ਼ ਆਇਦ ਪਸ਼ੇਮਾਨੀ ।

(੨) ਜਦ ਤਕ ਮੂੰਹ ਨਾ ਖੋਹਲਿਆ ਜਾਵੇ, ਆਦਮੀ ਦੇ ਗੁਣ ਦੋਸ਼ ਢਕੇ ਰਹਿੰਦੇ ਹਨ। ਇਸ ਲਈ ਜਿਥੋਂ ਤਕ ਬਣੇ ਥੋੜਾ ਬੋਲੋ।

ਫਾਰਸੀ:—ਤਾ ਮਰਦ ਸੁਖਨ ਨ ਗੁਫਤਾ ਬਾਸ਼ਦ ਐਬੋ

ਹੁਨਰਸ਼ ਨੇਹੁਫਤਾ ਬਾਸ਼ਦ।

(੨੨) ਗਲ ਪਿਆ ਢੋਲ ਵਜਾਉਣਾ ਪੈਂਦਾ ਏ।

ਜਦ ਕਿਸੇ ਆਦਮੀ ਦੇ ਗਲ ਕੋਈ ਅਜੇਹਾ ਕੰਮ ਪੈ ਜਾਵੇ, ਜਿਸਨੂੰ ਉਹ ਕਰਨਾ ਨ ਚਾਹੁੰਦਾ ਹੋਵੇ, ਪਰ ਬੱਧਾ ਰੁਧਾ ਕਰੀ ਜਾਵੇ, ਤਾਂ ਕਹੀਦਾ ਹੈ।

ਅੰਗ੍ਰੇਜ਼ੀ:—What cannot be cured must be endured.

(੨੩) ਗਲ ਲਾਈਏ ਗਿਟੇ, ਕੋਈ ਰੋਵੇ ਤੇ ਕੋਈ ਪਿਟੇ। ਜਾਂ

(੨੪) ਗੱਲ ਕਰਾਂ ਗੱਲ ਨਾਲ, ਨਕ ਵੱਢਾਂ ਵਲ ਨਾਲ।

ਜੇ ਕੋਈ ਆਦਮੀ ਗਲ ਕਰਨ ਵਿਚ ਜ਼ਾਹਰਾ ਤੌਰ ਤੇ ਬੜੀ ਮਿਠਤ ਵਰਤ ਰਿਹਾ ਹੋਵੇ ਪਰ ਉਸਦਾ ਭਾਵ ਐਸਾ ਕੌੜਾ ਹੋਵੇ ਕਿ ਸੁਣਨ ਵਾਲੇ ਨੂੰ ਸ਼ਰਮ ਜਾਂ ਗੁੱਸਾ ਆ ਜਾਵੇ, ਤਦ ਇਹ ਅਖਾਣ ਪਾਈਦਾ ਹੈ।

(੨੫) ਗੱਲਾਂ ਵਾਲੇ ਜਿੱਤੇ, ਤੇ ਦੰਮਾਂ ਵਾਲੇ ਹਾਰੇ।

ਜਦ ਕੋਈ ਬਹੁਤਾ ਬੋਲਣ ਵਾਲਾ ਕਿਸੇ ਝਗੜੇ ਵਿਚ ਕਿਸੇ ਧਨੀ ਦੇ ਟਾਕਰੇ ਤੇ ਜਿੱਤ ਜਾਵੇ, ਤਾਂ ਕਹਿੰਦੇ ਹਨ।

(੨੬) ਗਲੀਂ ਅਸੀਂ ਚੰਗੇਰੀਆਂ ਆਚਾਰੀਂ ਬੁਰੀਆਹ। (ਗੁਰਬਾਣੀ)

ਜਦ ਕਿਤੇ ਆਪਣੀ ਨਿੰਮ੍ਰਤਾ ਦਸਣੀ ਹੋਵੇ, ਤਾਂ ਕਹਿੰਦੇ ਹਨ।

(੨੭) ਗੱਲੀਂ ਗੱਲਾਂ ਤੇ ਦੰਮੀਂ ਘੋੜੇ।

ਜਦ ਕੋਈ ਬੰਦਾ ਗਲੀਂ ਬਾਤੀਂ ਹੀ ਦੂਸਰੇ ਦਾ ਘਰ ਪੂਰਾ ਕਰਨਾ ਚਾਹੇ, ਤਾਂ ਬੋਲਦੇ ਹਨ। ਭਾਵ ਇਹ ਕਿ ਗੱਲਾਂ ਨਾਲ ਘੋੜੇ ਤਾਂ ਨਹੀਂ ਮਿਲ ਜਾਣੇ, ਉਹ ਤਾਂ ਪੈਸੇ ਲਗਕੇ ਹੀ ਮਿਲਣਗੇ ?

(੨੮) ਗਲੀਂ ਬਾਤੀਂ ਮੈਂ ਵਡੀ, ਕਰਤੂਤੋਂ ਵਡੀ ਜਿਠਾਣੀ ।

ਜਦ ਇਹ ਦੇਖਿਆ ਜਾਵੇ ਕਿ ਇਕ ਗਾਲ੍ਹੜੀ ਉਂਞ ਤਾਂ ਸਾਰਾ ਦਿਨ ਆਪਣੇ ਮੂੰਹੋਂ ਮੀਆਂ ਮਿੱਠੂ ਬਣਿਆ ਰਹੇ, ਪਰ ਕੰਮ ਦੀ ਵਾਰੀ ਪਿਛਾਂਹ ਨੂੰ ਹਟਕੇ ਕਸੇ ਹੋਰ ਦੇ ਜ਼ਿਮੇ ਲਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Great talkers are little doers.

(੨੯) ਗਿਣਵੀਆਂ ਹਡੀਆਂ ਤੇ ਮਿਣਵਾਂ ਸ਼ੋਰਬਾ।

ਦੇਖੋ:—ਚਿੜੀ ਦੀ ਚੋਗ ਤੇ ਚੌਂਧਵਾਂ ਹਿਸਾ।

(੩੦) ਗਿੱਲਾ ਪੀਹਣ ਨਹੀਂ ਪਾਈਦਾ ।

ਗਿੱਲਾ ਪੀਹਣ = ਗਿੱਲੀ ਚੀਜ ਨੂੰ ਪੀਹਣਾ, ਜਿਸ ਵਿਚ ਵਧੇਰੇ ਚਿਰ ਤੇ ਜੋਰ ਲਗਦਾ ਹੈ।

ਜਦ ਕੋਈ ਬੰਦਾ ਕਿਸੇ ਗਲ ਨੂੰ ਐਵੇਂ ਹੀ ਲਮਕਾਈ ਜਾਂਦਾ ਦਿੱਸੇ, ਤਾਂ ਕਹਿੰਦੇ ਹਨ।

(੩੧) ਗੁਪਤ ਖੇਡੇ ਸੋ ਨਾਥ ਦਾ ਚੇਲਾ।

ਕਿਸੇ ਭੇਤ ਨੂੰ ਲੁਕਾਕੇ ਰਖਣ ਦਾ ਉਪਦੇਸ਼ ਦੇਣ ਲਈ ਕਹਿੰਦੇ ਹਨ।

(੩੨) ਗੁਰ ਗੁਰ ਵਿਦਿਆ, ਸਿਰ ਸਿਰ ਮਿਤ।

ਜਦ ਇਕ ਉਸਤਾਦ ਇਕ ਗਲ ਨੂੰ ਹੋਰ ਤਰ੍ਹਾਂ ਦਸੇ, ਤੇ ਦੂਸਰਾ ਹੋਰ ਤਰ੍ਹਾਂ, ਤਾਂ ਕਹਿੰਦੇ ਹਨ। ਜਾਂ ਇਹ ਗੱਲ ਵੇਖ ਕੋਈ ਇੰਵਾਣ ਹੈਰਾਨ ਹੋਵੇ ਤਾਂ ਸਿਆਣਾਂ ਉਸਨੂੰ ਸਮਝਾਉਣ ਲਈ ਕਹਿ ਦੇਂਦਾ ਹੈ ਕਿ ਹਰ ਇਕ ਦਾ ਆਪਣਾ ਆਪਣਾ ਢੰਗ ਹੁੰਦਾ ਹੈ।

ਅੰਗ੍ਰੇਜ਼ੀ:—As many men, so many minds.

(੩੩) ਗੁਰੂ ਜਿਨ੍ਹਾਂ ਦੇ ਟਪਣੇ ਚੇਲੇ ਜਾਣ ਛੜੱਪ।

ਜਦ ਇਹ ਦਿਸੇ ਕਿ ਕਿਸੇ ਖਰਾਬ ਉਸਤਾਦ ਦਾ ਚੇਲਾ ਓਦੂੰ ਭੀ ਭੈੜਾ ਨਿਕਲਿਆ ਹੈ, ਤਾਂ ਕਹਿੰਦੇ ਹਨ।

(੩੪) ਗੁਰੂ ਬਿਨਾਂ ਗਤਿ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ।

ਜਦ ਕਿਸੇ ਸ਼ਾਹ ਕੋਲ ਰੁਪਏ ਲੈਣ ਜਾਈਏ, ਤਾਂ ਉਸਦੀ ਮਹਿਮਾਂ ਕਰਨ ਲਈ, ਜਾਂ ਗੁਰੂ ਧਾਰਨ ਦਾ ਉਪਦੇਸ਼ ਦੇਣ ਵੇਲੇ ਬੋਲਦੇ ਹਨ।

(੩੫) ਗੁੜ ਖਾਣਾ ਤੇ ਗੁਲਗੁਲਿਆਂ ਤੋਂ ਪ੍ਰਹੇਜ਼।

ਗੁਲਗੁਲੇ = ਆਟੇ ਤੇ ਗੁੜ ਦੀ ਤੇਲ ਵਿਚ ਤਲੀ

ਹੋਈ ਰੋਟੀ।

ਜਦ ਕੋਈ ਆਦਮੀ ਆਪਣੇ ਸਵਾਦ ਬਦਲੇ ਇਕ ਭੈੜਾ ਕੰਮ ਤਾਂ ਕਰ ਲਵੇ, ਪਰ ਉਜੇਹੇ ਹੀ ਕਿਸੇ ਕੰਮ ਤੋਂ ਨਾਂਹ ਕਰ ਦਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—To swallow a camel and to stain at a gnat, or be chocked with a tail.

(੩੬) ਗੁੜ ਗਿੱਝੀ ਰੰਨ ਵਿਗੋਇ, ਛਲੀ ਪੂਣੀ ਹੱਟੀ ਢੋਏ।

ਪਿੰਡਾਂ ਵਿਚ ਆਮ ਤੌਰ ਤੇ ਪੈਸਿਆਂ ਦੀ ਥਾਂ ਕਣਕ, ਕਪਾਹ ਆਦਿਕ ਜਿਨਸ ਦੇਕੇ ਸੌਦਾ ਲੀਤਾ ਜਾਂਦਾ ਹੈ। ਗੁੜ ਤੋਂ ਮੁਰਾਦ ਇਥੇ ਮਿਠੇ ਜਾਂ ਜੀਭ ਦੇ ਹੋਰ ਸਵਾਦਾਂ ਤੋਂ ਹੈ।

ਜਦ ਕੋਈ ਔਰਤ ਜਾਂ ਮੁੰਡਾ ਜੀਭ ਦੇ ਸਵਾਦ ਲਈ ਹਟੀ ਤੋਂ ਚੀਜ਼ਾਂ ਖਾਣ ਲਗ ਪਵੇ, ਤਾਂ ਉਸਦੇ ਵਾਰਸਾਂ ਨੂੰ ਸਮਝਾਉਣ ਲਈ ਕਹਿੰਦੇ ਹਨ।

(੩੭) ਗੁੜ ਘੀ ਮੈਦਾ ਤੇਰਾ, ਜਲ ਫੂਕ ਬਸੰਤਰ ਮੇਰਾ।

ਜਦ ਕੋਈ ਆਦਮੀ ਉਂਞ ਹਿਸਾ ਤਾਂ ਪੂਰਾ ਲੈਣਾ ਚਾਹੇ, ਪਰ ਖਰਚ ਦੀ ਵਾਰੀ ਪਿਛਾਂਹ ਹਟੇ, ਤਾਂ ਕਹਿੰਦੇ ਹਨ।

ਦੇਖੋ:—ਮੈਂ ਤੇ ਬੇਬੇ ਇੱਕੀ।

(੩੮) ਗੁੰਗੇ ਦੀਆਂ ਸੈਨਤਾਂ ਜਾਂ ਗੁੰਗਾ ਜਾਣੇਂ

ਜਾਂ ਗੁੰਗੇ ਦੀ ਮਾਂ ਭੈਣ।

ਕੋਈ ਆਦਮੀ ਕੋਈ ਗੱਲ ਗੋਲ ਮੋਲ ਤੇ ਪੇਚਦਾਰ ਕਰੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:-Dumbs love one anothers prattle.

(੩੯) ਗੋਹੜੇ ਵਿਚੋਂ ਪੂਣੀ ਨਹੀਂ ਕੱਤੀ ।

ਜਦ ਇਹ ਦਸਣਾ ਹੋਵੇ ਕਿ ਅਜੇ ਕੰਮ ਦਾ ਬਹੁਤ ਥੋੜਾ ਹਿਸਾ ਮੁਕਾ ਹੈ, ਤਾਂ ਕਹਿੰਦੇ ਹਨ।

(੪੦) ਗੋਰਾ ਸਲਾਹੀਏ ਕਿ ਬੱਗਾ ? ਹਰ ਦੂ ਲਾਨ੍ਹਤ ।

ਜਦ ਅਜੇਹੇ ਦੋ ਚਾਰ ਬੰਦਿਆਂ ਨਾਲ ਵਾਹ ਪੈ ਜਾਵੇ, ਜਿਨ੍ਹਾਂ ਵਿਚੋਂ ਕੋਈ ਭੀ ਸਲਾਹੁਣ ਯੋਗ ਨ ਹੋਵੇ, ਤਾਂ ਕਹਿੰਦੇ ਹਨ ।

(੪੧) ਗੋਰੀ ਦਾ ਮਾਸ ਚੂੰਢੀਆਂ ਜੋਗਾ ।

ਜੋ ਚੀਜ਼ ਵੇਖਣ ਨੂੰ ਸੋਹਣੀ ਹੋਵੇ, ਤੇ ਉਂਞ ਨਿਕੰਮੀ ਹੋਵੇ, ਤਾਂ ਕਹਿੰਦੇ ਹਨ।

(੪੨) ਗੋਲੀ ਅੰਦਰ ਤੇ ਦਮ ਬਾਹਰ ।

ਮਖੌਲ ਨਾਲ ਕਹਿੰਦੇ ਹਨ ਕਿ ਐਸੀ ਗੋਲੀ ਦੇਵਾਂਗਾ, ਜੋ ਬਸ ਗੋਲੀ ਅੰਦਰ ਤੇ ਦਮ ਬਾਹਰ । ਅਨਾੜੀ ਹਕੀਮ ਪਰ ਮਖੌਲ ਉਡਾਉਣ ਲਈ ਭੀ ਵਰਤਦੇ ਹਨ।

(੪੩) ਗੋਲੀ ਕੀਹਦੀ ਤੇ ਗਹਿਣੇ ਕੀਹਦੇ।

ਕਿਸੇ ਕੋਲੋਂ ਜਦ ਕੋਈ ਚੀਜ਼ ਮੰਗੀ ਜਾਏ, ਤਾਂ ਉਹ ਅਗੋਂ ਆਪਣੀ ਰਜ਼ਾ ਮੰਦੀ ਜਿਤਾਉਣ ਲਈ ਕਹਿੰਦਾ ਹੈ।

(੪੪) ਗੌਂ ਕੱਢ ਘੁਮਿਆਰੀਏ ਚਿਤੜ ਥਬਵਾਲਾ।

ਥਬਵਾ = ਲਕੜ ਦੀ ਥਾਪੀ ਟਿੰਡਾਂ ਘੜਨ ਵਾਲੀ।

ਦੇਖੋ:—ਆਪਣਾ ਕੰਮ ਕੀਤਾ ਤੇ ਖਸਮ ਨੂੰ ਖਾਏ ਜਮੀਤਾ।

(੪੫) ਗੌਂ ਭੁਨਾਵੇ ਜੌਂ ਭਾਵੇਂ ਗਿੱਲੇ ਹੀ ਹੋਣ।

ਆਪਣੇ ਮਤਲਬ ਲਈ ਜਦ ਕੋਈ ਔਖਾ ਕੰਮ ਕਰਨਾ ਭੀ ਮਨਜ਼ੂਰ ਕਰੇ, ਤਾਂ ਕਹਿੰਦੇ ਹਨ।

ਦੇਖੋ:—ਮਤਲਬ ਲਈ ਗਧੇ ਨੂੰ ਬਾਪ ਆਖੀਦਾ ਹੈ।

ਅੰਗ੍ਰੇਜ਼ੀ:—Necessity is the mother of invention.

(੪੬) ਗੰਗਾ ਗਈਆਂ ਹਡੀਆਂ ਨਹੀਂ ਮੁੜਦੀਆਂ।

ਜਦ ਅਜੇਹੀ ਥਾਂ ਤੇ ਕੋਈ ਚੀਜ਼ ਦਿਤੀ ਜਾਏ, ਜਿਥੋਂ ਉਸਦੇ ਵਾਪਸ ਮਿਲਣ ਦੀ ਉਮੈਦ ਨ ਹੋਵੇ, ਤਾਂ ਕਹਿੰਦੇ ਹਨ।

ਦੇਖੋ:—ਇੱਲਾਂ ਦੇ ਆਲ੍ਹਣੇ ਵਿਚੋਂ ਮਾਸ।

(੪੭) ਗੰਜਾ ਕਾਣਾਂ ਕਰਕਰਾ ਛਾਤੀ ਵਾਲ ਨ ਹੋ, ਨੀਂਵੀਂ ਥਾਂ ਬਹਾਲਕੇ ਗਿਣੀਏ ਪੂਰਾ ਸੌ।

ਦੇਖੋ:—ਕੱਕਾ ਕੈਰਾ...........

(੪੮) ਗੰਜੀ ਗਈ ਪੇਕੇ ਲੈ ਜੂੰਆਂ ਆਈ।

ਜਦ ਕੋਈ ਨਿਕਾਰਾ ਆਦਮੀ ਬਹੁਤ ਮੇਹਨਤ ਕਰਕੇ ਭੀ ਕੁਝ ਨ ਹਾਸਲ ਕਰ ਸਕੇ, ਤਾਂ ਕਹਿੰਦੇ ਹਨ।

(੪੯) ਗੰਜੀ ਛੁਟੀ ਨ੍ਹਾਉਣੋਂ, ਸਿਰ ਫੁੱਲ ਪਰਾਂਦਾ ਪਾਉਣੋਂ ।

ਜਦ ਕਿਸੇ ਨਿਕਾਰੇ ਆਦਮੀ ਦਾ ਕੋਈ ਹੋਰ ਨੁਕਸਾਨ ਹੋ ਜਾਏ, ਤੇ ਉਹ ਉਸਤੋਂ ਭੀ ਕੋਈ ਫੈਦਾ ਦੱਸੇ, ਤਾਂ ਕਹਿੰਦੇ ਹਨ।

(੫੦) ਗੰਢੇਦਿਆਂ ਛਿਅ ਮਾਹ, ਤੁੜੇਦਿਆਂ ਹਿਕ ਖਿਨੋ । (ਗੁਰਬਾਣੀ)

ਜਦ ਇਹ ਦਸਣਾ ਹੋਵੇ ਕਿ ਕੋਈ ਚੀਜ਼ ਬਣਾਉਂਦਿਆਂ ਵਧੇਰੇ ਚਿਰ ਲਗਦਾ ਹੈ ਤੇ ਖਰਾਬ ਕਰਦਿਆਂ ਮਾਸਾ ਦੇਰ ਭੀ ਨਹੀਂ ਲਗਦੀ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Easy to spoil but difficult to mend.

(੫੧) ਗੰਦੀ ਉਂਗਲ ਨੂੰ ਵਢਣਾਂ ਹੀ ਚੰਗਾ ਹੈ।

ਜਦ ਕਿਸੇ ਭੈੜੇ ਆਦਮੀ ਤੋਂ ਖਹਿੜਾ ਛੁਡਾਉਣ ਦਾ ਉਪਦੇਸ਼ ਦੇਣਾ ਹੋਵੇ, ਤਾਂ ਕਹਿੰਦੇ ਹਨ ।

ਹਿੰਦੀ

*****
* ਘ *
* *
*****

(੧) ਘਰ ਆਏ ਪ੍ਰਾਹੁਣੇ ਗਈ ਗੜੌਂਦੇ ਖਾਣ।

ਗੜੌਂਦੇ = ਬੇਰ।

ਜਦ ਕੋਈ ਆਦਮੀ ਕਿਸੇ ਜ਼ਰੂਰੀ ਕੰਮ ਵੇਲੇ ਲਾਂਭੇ ਖਿਸਕ ਜਾਵੇ, ਤਾਂ ਕਹਿੰਦੇ ਹਨ।

(੨) ਘਰ ਆਏ ਪਰਾਹੁਣੇ, ਚਾੜ੍ਹ ਬੈਠੀ ਵੜੀਆਂ।

ਜਦ ਕਾਹਲੀ ਦੇ ਵੇਲੇ ਕੋਈ ਅਜੇਹਾ ਕੰਮ ਛੋਹ ਬੈਠੇ, ਜੋ ਸਗੋਂ ਵਧੇਰੇ ਚਿਰ ਲਵੇ, ਜਾਂ ਚੰਗੇ ਮੌਕੇ ਤੇ ਭੈੜੇ ਕੰਮ ਕਰੇ, ਤਾਂ ਕਹਿੰਦੇ ਹਨ।

(੩) ਘਰ ਹੋਵੇ ਵਸਣ ਨੂੰ, ਤੇ ਮਰਦ ਹੋਵੇ ਹੱਸਣ ਨੂੰ।

ਇਕ ਤਰ੍ਹਾਂ ਦੀ ਖਾਹਸ਼ ਹੈ, ਜਿਸ ਕੋਲ ਇਹ ਦੋਵੇਂ ਚੀਜ਼ਾਂ ਹੋਣ, ਜੇ ਉਹ ਔਰਤ ਭੀ ਦੁਖ ਤੇ ਕਲੇਸ਼ ਕਰੇ, ਤਾਂ ਉਸਨੂੰ ਸਮਝਾਉਣ ਲਈ ਕਹਿੰਦੇ ਹਨ।

(੪) ਘਰ ਖਫਣ ਨਹੀਂ, ਰੀਝਾਂ ਮੌਤ ਦੀਆਂ।

ਕਿਸੇ ਆਦਮੀ ਨੂੰ ਪਹੁੰਚ ਤੋਂ ਵਧਕੇ ਕੰਮ ਕਰਦੇ ਨੂੰ ਵੇਖਕੇ ਕਹਿ ਸਕੀਦਾ ਹੈ।

(੫) ਘਰ ਖਾਣ ਨੂੰ ਨਹੀਂ ਅੰਮਾਂ ਪੀਹਣ ਗਈ ਏ।

ਵੇਖੋ:--ਘਰ ਵਿਚ ਭੁਖ ਨੰਗ, ਬੂਹੇ ਅਗੇ ਡਿਉਢੀ
ਅੰਗ੍ਰੇਜ਼ੀ-:—His purse and plates are illmet.

(੬) ਘਰ ਦੇ ਜੰਮਿਆਂ ਦੇ ਦੰਦ ਕੌਣ ਵੇਖਦਾ ਹੈ?

ਜਦ ਕਿਸੇ ਘਰ ਦੇ ਭੇਤੀ ਨੂੰ ਕੋਈ ਬਾਹਰ ਦਾ ਆਕੇ ਸਮਝਾਵੇ, ਤਾਂ ਉਹ ਅਗੋਂ ਉਤਰ ਦੇਂਦਾ ਹੈ।

(੭) ਘਰ ਘੋੜਾ ਨਿਖਾਸ ਮੁਲ।

ਨਿਖਾਸ = ਮੰਡੀ।
ਵੇਖੋ:—ਕਣਕ ਖੇਤ ਕੁੜੀ ਪੇਟ ਆ ਜਵਾਈਆ ਮੰਡੇਖਾ।
ਅੰਗ੍ਰੇਜ਼ੀ:—Do not buy a pig in a poke.

(੮) ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ।

ਕੋਈ ਟਬਰ ਆਪਣੇ ਘਰ ਵਿਚ ਕਿਸੇ ਸਿਆਣੇ ਨੂੰ ਛਡ ਬਾਹਰੋਂ ਮਦਦ ਲੈਣ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A prophet is not honoured in his own country.

(੯) ਘਰ ਦੀ ਅਧੀ ਬਾਹਰ ਦੀ ਸਾਰੀ ਨਾਲੋਂ ਚੰਗੀ।

ਜਦ ਕੋਈ ਆਦਮੀ ਘਰ ਨਾਲੋਂ ਵਧੇਰੇ ਲਾਭ ਦੀ ਆਸ ਤੇ ਪਰਦੇਸ ਜਾਣਾ ਚਾਹੇ, ਤਾਂ ਉਸਨੂੰ ਰੋਕਣ ਲਈ ਕਹਿੰਦੇ ਹਨ।

ਅੰਗ੍ਰੇਜ਼ੀ:—Dry bread at home is better than roast meat abroad.

(੧੦) ਘਰ ਦੀ ਕੁਕੜੀ ਦਾਲ ਬਰਾਬਰ।

ਜਦ ਇਹ ਦਸਣਾ ਹੋਵੇ ਕਿ ਘਰ ਬਣਾਈ ਹੋਈ ਸੋਹਣੀ ਚੀਜ਼ ਭੀ ਸਸਤੀ ਪੈ ਜਾਂਦੀ ਹੈ, ਤਾਂ ਕਹਿੰਦੇ ਹਨ।

(੧੧) ਘਰ ਦੇ ਨ ਮੰਨਣ, ਅਸੀ ਦੋ ੨ ਬਹਾਂਗੇ।

ਦੇਖੋ:—ਅੰਙਣ ਬੈਠਾ ਭਾਵੇ ਨ ਤੇ ਕੁਛੜ ਬਹੇ ਨਿਲੱਜ।

(੧੨) ਘਰ ਦੇ ਪੀਰਾਂ ਨੂੰ ਤੇਲ ਦੇ ਮਲੀਦੇ (ਜਾਂ ਮਰੁੰਡੇ)।

ਜਦ ਕਿਸੇ ਜਾਣੂ ਸਿਆਣੇ ਬੰਦੇ ਦੀ ਯੋਗ ਖਾਤਰ ਨਾ ਹੋਵੇ, ਤਾਂ ਬੋਲੀਦਾ ਹੈ।

ਦੇਖੋ:—ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿਧ।

ਅੰਗ੍ਰੇਜ਼ੀ:—A prophet is not honoured in his own country.

(੧੩) ਘਰ ਦੇ ਭੇਤੀ ਦਹਿਸਿਰ ਮਾਰਿਆ।

ਜਦ ਕਿਸੇ ਨੂੰ ਕੋਈ ਭੇਤੀ ਨੁਕਸਾਨ ਪੁਚਾ ਦੇਵੇ, ਤਾਂ ਕਹਿੰਦੇ ਹਨ।

(੧੪) ਘਰ ਨਹੀਂ ਖਾਣਕਾ, ਤੇ ਕੁੱਤੇ ਦਾ ਨਾਂ ਸ਼ਾਣਕਾ।

ਦੇਖੋ:—ਘਰ ਭੁਖ ਨੰਗ, ਬੂਹੇ ਅਗੇ ਡਿਉੜ੍ਹੀ।

(੧੫) ਘਰ ਨਹੀਂ ਖਾਨ ਖਾਂ, ਤੇ ਕੁੱਤੇ ਦਾ ਨਾਂ ਮਾਨ ਖਾਂ ।

ਜਦ ਘਰ ਦੇ ਮਾਲਕ ਦੀ ਗੈਰ ਹਾਜ਼ਰੀ ਵਿਚ ਨਿਕੇ ੨ ਨੌਕਰ ਹੀ ਵਡੇ ਬਣ ੨ ਬਹਿਣ, ਤਾਂ ਕਹਿੰਦੇ ਹਨ ।

(੧੬) ਘਰ ਨ ਤੰਦ ਤਾਣੀ ਜੁਲਾਹਿਆਂ ਨਾਲ ਡਾਂਗੋ ਡਾਂਗੀ । ਜਾਂ

(੧੭) ਘਰ ਨ ਸੂਤ ਜੁਲਾਹਿਆਂ ਨਾਲ ਡਾਂਗੋ ਡਾਂਗੀ ।

ਸੂਤ = ਧਾਗਾ ਜਾਂ ਇੰਤਜਾਮ ।

ਜਦ ਆਪਣੇ ਘਰ ਤਾਂ ਕੋਈ ਤਿਆਰੀ ਨਾ ਹੋਵੇ, ਪਰ ਦੂਜਿਆਂ ਨੂੰ ਕਾਹਲ ਪਾਈ ਜਾਵੇ, ਤਾਂ ਵਰਤਦੇ ਹਨ ।

ਅੰਗ੍ਰੇਜ਼ੀ:—Disputing about the skin before catching the bear.

(੧੮) ਘਰ ਪਕਦੀਆਂ ਦੇ ਸਾਕ ਨੇ ।

ਜਦ ਤਕਲੀਫ ਵਿਚ ਸਭ ਸਾਕ ਅੰਗ ਜਵਾਬ ਦੇਂਦੇ ਜਾਣ, ਤਾਂ ਬੋਲਣ ਵਿਚ ਆਉਂਦਾ ਹੈ ।

ਅੰਗ੍ਰੇਜ਼ੀ:—When good cheer is lacki friends will be packing.

(੧੯) ਘਰ ਫੁੱਟਾ ਰਾਵਣ ਮਾਰਿਆ ।

ਫੁਟ ਦੇ ਉਲਟ ਪਰਚਾਰ ਕਰਨ ਵੇਲੇ ਕਹਿੰਦੇ ਹਨ ।

(੨੦) **ਘਰ ਮਾਹਣੂ ਭੁਖੇ ਮਰਨ ਬਾਹਰ ਸ਼ਕਰ ਵੰਡੀ ਦੀ ।**

ਦੇਖੋ:—ਘਰ ਵਿਚ ਭੁਖ ਨੰਗ ਬੂਹੇ ਅਗੇ ਡਿਉਢੀ ।

ਅੰਗ੍ਰੇਜ਼ੀ:—Ci arity begins at home.

ਫਾਰਸੀ:—ਅਵਲ ਖੇਸ਼ਾਂ ਬਾਹਦ ਦਰਵੇਸ਼ਾਂ ।

(੨੧) **ਘਰ ਲੜਾਕੀ ਬਾਹਰ ਸੰਘਣੀ, ਮੇਲੋ ਮੇਰਾ ਨਾਮ ।**

ਉਸ ਔਰਤ ਪੁਰ ਜੋ ਘਰ ਤਾਂ ਲੜਦੀ ਰਹੇ, ਪਰ ਲੋਕਾਂ ਨਾਲ ਮਿਠੀ ਰਹੇ, ਇਹ ਅਖਾਣ ਘਟਾਉਂਦੇ ਹਨ ।

(੨੨) **ਘਰ ਵਾਲਾ ਘਰ ਨਹੀਂ, ਤੇ ਹੋਰ ਕਿਸੇ ਦਾ ਡਰ ਨਹੀਂ ।**

ਦੇਖੋ:—ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ ।

(੨੩) **ਘਰ ਵਿਚ ਭੁਖ ਨੰਗ ਬੂਹੇ ਅਗੇ ਡਿਉਢੀ।**

ਦੇਖੋ:—ਅੰਦਰ ਪੈਣ ਕੁੜੱਲਾਂ, ਬਾਹਰ ਬੰਸੀ ਵਾਲੇ ਨਾਲ ਗੱਲਾਂ ।

(੨੪) **ਘਰੋਂ ਜਾਈਏ ਖਾਕੇ, ਅਗੋਂ ਮਿਲਣ ਪਕਾਕੇ ।**

ਜਦ ਕੋਈ ਆਦਮੀ ਭੁਖਾ ਹੀ ਪੈਂਡੇ ਪੈਣ ਲਗੇ, ਤਾਂ ਕਹਿੰਦੇ ਹਨ ।

(२५) ਘਰੋਂ ਮੈਂ ਆਵਾਂ, ਸੁਨੇਹੇ ਤੂੰ ਦੇਵੇਂ ।

ਜਦ ਕੋਈ ਆਦਮੀ ਕਿਸੇ ਬਾਬਤ ਸੁਣੀ ਸੁਣਾਈ ਖਬਰ ਦਸੇ, ਪਰ ਉਹ ਆਪ ਉਸ ਨਾਲੋਂ ਬਹੁਤੀ ਖਬਰ ਜਾਣਦਾ ਹੋਵੇ, ਤਦ ਇਹ ਉਤਰ ਦੇਂਦਾ ਹੈ ।

(੨੬) ਘੜੀ ਦਾ ਘੁਥਾ ਸੌ ਕੋਹ ਤੇ ਜਾ ਪੈਂਦਾ ਹੈ।

ਜਦ ਕਿਸੇ ਨਿਕੀ ਜਿਹੀ ਬੇਪਰਵਾਹੀ ਦਾ ਨਤੀਜਾ ਬਹੁਤ ਬੁਰਾ ਨਿਕਲ ਆਵੇ, ਤਾਂ ਕਹਿੰਦੇ ਹਨ ।

(੨੭) ਘੜੇ ਨੂੰ ਹਥ ਲਾਇਆ, ਸਾਰਾ ਟੱਬਰ ਤਿਹਾਇਆ ।

ਇਕ ਆਦਮੀ ਦੀ ਦੇਖਾ ਦੇਖੀ ਜਦ ਬਹੁਤ ਸਾਰੇ ਰੀਸ ਕਰਨ ਲਗ ਜਾਣ, ਤਾਂ ਵਰਤਦੇ ਹਨ ।

(੨੮) ਘਾਹੀਆਂ ਦੇ ਪੁੱਤਾਂ ਘਾਹ ਹੀ ਖੋਤਣੇ ਨੇ ।

ਜਦ ਉਲਾਦ ਭੀ ਪਿਉ ਵਾਲੇ ਹੀ ਭੈੜੇ ਕੰਮ ਕਰਨ ਲਗ ਪਵੇ, ਤਾਂ ਕਹਿੰਦੇ ਹਨ ।

(੨੯) ਘਾਲ ਘਾਲ ਬੈਲ ਮਰੇ, ਖੇਤੀ ਚਰੇ ਤੁਰੰਗਾ।

ਜਦ ਇਹ ਦਿਸੇ ਕਿ ਮੇਹਨਤ ਕੋਈ ਕਰਦਾ ਹੈ, ਤੇ ਲਾਭ ਕੋਈ ਹੋਰ ਖਟਦਾ ਹੈ, ਤਾਂ ਕਹਿੰਦੇ ਹਨ ।

(੩੦) ਘਿਉ ਸਵਾਰੇ ਸਾਲਣਾ ਬੜੀ ਬਹੂ ਦਾ ਨਾਮ ।

ਜਦ ਕੋਈ ਚੀਜ਼ ਘਿਉ ਪੈਣ ਕਰਕੇ ਸਵਾਦ ਹੋ ਜਾਵੇ

ਤਾਂ ਕਹਿੰਦੇ ਹਨ।

(੩੧) ਘਿਉ ਜਟੀ ਦਾ, ਤੇ ਤੇਲ ਹਟੀ ਦਾ।

ਬਜਾਰ ਤੋਂ ਮੁਲ ਲਿਆ ਹੋਇਆ ਘਿਉ ਭੈੜਾ ਨਿਕਲ ਆਵੇ, ਤਾਂ ਕਹਿੰਦੇ ਹਨ।

(੩੨) ਘਿਉ ਡੁਲ੍ਹਾ ਥਾਲ,ਨ ਮੇਹਣਾ ਨ ਗਾਲ।

ਕੋਈ ਚੀਜ ਨੁਕਸਾਨ ਹੁੰਦੀ ੨ ਬਚ ਜਾਵੇ, ਤਾਂ ਕਹਿੰਦੇ ਹਨ।

(੩੩) ਘਿਉ ਦੀਆਂ ਧਾਰਨਾਂ ਤੇ ਬੁੱਕਾਂ ਦੀਆਂ ਲਕੀਰਾਂ।

ਜਦ ਕੋਈ ਆਦਮੀ ਬੜੇ ਵਡੇ ਕੰਮ ਦੀ ਲਾਗਤ ਵਿਚ ਕੰਜੂਸੀ ਵਿਖਾਵੇ, ਤਾਂ ਇਹ ਅਖਾਣ ਪਾਉਂਦੇ ਹਨ।

(੩੪) ਘਿਉ ਵਿਚ ਰੰਬਾ, ਬੜਾ ਅਚੰਬਾ।

ਕਿਸੇ ਚੀਜ਼ ਦੀ ਹਦੋਂ ਵਧ ਵਰਤੋਂ ਕਰਨ ਵਾਲੇ ਉਪਰ ਘਟਾਉਂਦੇ ਹਨ।

(੩੫) ਘੁਮਿਆਰ ਸੁਪੱਤਾ ਨਹੀਂ, ਤੇ ਤੇਲੀ ਕੁਪੱਤਾ ਨਹੀਂ।

ਦੋਹਾ ਜਾਤਾਂ ਦੇ ਵੱਖ ੨ ਸੁਭਾ ਦਸੇ ਗਏ ਹਨ।

ਜਦ ਕੋਈ ਘੁਮਿਆਰ ਕੁਪੱਤ ਕਰੇ, ਜਾਂ ਤੇਲੀ ਭਲ-ਮਾਨਸੀ ਦਿਖਾਵੇ, ਤਾਂ ਕਹਿੰਦੇ ਹਨ।

(੩੬) ਘੁਮਿਆਰੀਆਪਣਾਹੀਭਾਂਡਾਸਲਾਹੁੰਦੀਹੈ।

ਆਪਣੀ ਚੀਜ਼ ਦੀ ਸਿਫਤ ਕਰਨ ਵਾਲੇ ਉਪਰ ਘਟਾਉਂਦੇ ਹਨ ।

ਅੰਗ੍ਰੇਜ਼ੀ:—A potter praises his own pot.

(੩੭) ਘੋੜਾ ਘਰ ਤੇ ਮੁਲ ਬਜ਼ਾਰ ।

ਜਦ ਕੋਈ ਚੀਜ਼ ਅਖਾਂ ਸਾਹਮਣੇ ਨਾ ਹੋਵੇ, ਤੇ ਉਸਦਾ ਸੌਦਾ ਕਰਨ ਲਗ ਪਈਏ, ਤਾਂ ਵੇਖਣ ਵਾਲਾ ਇਹ ਅਖਾਣ ਪਾਉਂਦਾ ਹੈ।

(੩੮) ਘੋੜਾ ਫਿਰੇ ਗਰਾਂ ੨, ਜਿਸਦਾ ਘੋੜਾ ਉਸਦਾ ਨਾਂ ।

ਵੇਖੋ:—ਖਾਏ ਪੀਏ ਹੋਏ ਮੋਟਾ, ਅੰਤ ਅਖਾਏ ਦਾਦੇ ਦਾ ਪੋਤਾ ।

(੩੯) ਘੋੜੀ ਨਹੀਂ ਚੜ੍ਹੇ,ਤੇ ਚੜ੍ਹਦੇ ਤਾਂ ਵੇਖੇਨੇ?

ਜਾਂ

(੪੦) ਘੋੜੀ ਨਹੀਂ ਚੜ੍ਹੇ ਤਾਂ ਚੜ੍ਹਦੇ ਵੀ ਨਹੀਂ ਦੇਖੇ ?

ਜਦੋਂ ਇਹ ਕਹਿਣਾ ਹੋਵੇ ਕਿ ਇਹ ਕੰਮ ਆਪ ਕਰਕੇ ਤਾਂ ਨਹੀਂ ਡਿਠਾ, ਪਰ ਕਰਦਿਆਂ ਨੂੰ ਤਕਿਆ ਹੈ ਤੇ ਇਸ ਲਈ ਥੋੜੀ ਬਹੁਤ ਸਮਝ ਜਰੂਰ ਹੈ, ਤਦ ਕਹਿੰਦੇ ਹਨ।

(੪੧) ਘੋੜੇ ਕੰਨ ਬਰੋਬਰ ਹੋਏ ।

ਘੋੜ ਦੌੜ ਦੇ ਵੇਲੇ ਜਦ ਘੋੜਿਆਂ ਨੂੰ ਇਕ ਪਾਲ ਵਿਚ ਖਲ੍ਹਾਰਦੇ ਹਨ, ਤਾਂ ਉਨ੍ਹਾਂ ਦੇ ਕੰਨ ਹੀ ਵੇਖੇ ਜਾਂਦੇ ਹਨ, ਕਿ ਬਿਲਕੁਲ ਇਕ ਸੇਧ ਵਿਚ ਹੋਣ।

ਇਸਦੀ ਪੁਰਾਣੀ ਵਰਤੋਂ ਇੰਞ ਸੀ, ਕਿ ਜਦ ਇਕ ਕੰਮ ਕਰਨ ਨਾਲ ਦੂਜਾ ਆਪੇ ਠੀਕ ਹੋਜਾਂਦਾ,ਤਾਂ ਕਹਿੰਦੇ ਸਨ। ਬਦਲਦਾ ੨ ਇਹ ਅਖਾਣ ਇਉਂ ਵਰਤਿਆ ਜਾਣ ਲਗ ਪਿਆ ਹੈ ਕਿ ਜਦ ਕਿਸੇ ਨੂੰ ਬਹੁਤ ਵਧੇਰੇ ਮੇਹਨਤ ਤੋਂ ਪਿਛੋਂ ਭੀ ਉਹੋ ਪਹਿਲਾ ਲੇਖਾ ਹੀ ਆ ਪਵੇ, ਤਾਂ ਕਹਿੰਦੇ ਹਨ।

(੪੨) ਘੋੜੇ ਘਰ ਸੁਲਤਾਨਾਂ, ਤੇ ਮੱਝੀਂ ਘਰ ਵਰਿਆਮਾਂ ।

ਕਿਸੇ ਅਮੀਰ ਦੇ ਘਰ ਚੰਗਾ ਘੋੜਾ ਜਾਂ ਮੈਂਹ ਵੇਖਕੇ ਕਹਿੰਦੇ ਹਨ। ਜਾਂ ਕਿਸੇ ਗਰੀਬ ਦੇ ਘਰ ਮਾੜੀ ਮੱਝ ਜਾਂ ਮਾੜਾ ਘੋੜਾ ਵੇਖਕੇ ਬੋਲ ਦੇਂਦੇ ਹਨ। ਭਾਵ ਘੋੜੇ ਨੂੰ ਖਰਚ ਦੀ ਲੋੜ ਹੈ, ਪਰ ਮਝ ਨੂੰ ਟਹਿਲ ਦੀ ਲੋੜ ਹੈ।

(੪੩) ਘੋੜੇ ਥਾਨੀ, ਤੇ ਮਰਦ ਮਕਾਨੀ ।

ਘੋੜੇ ਆਦਿਕ ਦਾ ਮੁਲ ਕਰਦਿਆਂ ੨ ਕਹਿੰਦੇ ਹਨ। ਮਤਲਬ ਇਹ ਹੈ ਕਿ ਘੋੜੇ ਕਿਲ੍ਹੇ ਬੱਝੇ ਹੀ ਮੁਲ ਪਵਾਉਂਦੇ ਹਨ, ਤੇ ਮਰਦ ਆਪਣੇ ਘਰ ਹੀ ਬਾਦਸ਼ਾਹ ਹੁੰਦਾ ਹੈ।

(੪੪) ਘੋੜੇ ਦੀ ਦੁੰਮ ਵਡੀ ਹੋਊ ਤੇ ਆਪਣਾ ਹੀ ਪਿੱਛਾ ਕੱਜੂ ।

ਜਦ ਕੋਈ ਆਦਮੀ ਗਰੀਬ ਤੋਂ ਅਮੀਰ ਹੁੰਦਾ ਜਾ

ਰਿਹਾ ਹੋਵੇ, ਜਾਂ ਭੈੜੇ ਤੋਂ ਸਿਆਣਾ ਹੁੰਦਾ ਜਾਂਦਾ ਹੋਵੇ ਤੇ ਕੋਈ ਉਸਦੀ ਗਲ ਕਰੇ, ਤਾਂ ਕਹਿੰਦੇ ਹਨ।

(੪੫) ਘੋੜੇ ਰੂੜੀਆਂ ਤੇ ਖੋਤੇ ਖੋਦੀਂ ।

ਖੋਦੀ—ਘੋੜੇ ਨੂੰ ਚੰਗਾ ਚੋਖਾ ਖਾਣਨੂੰ ਦੇਕੇ,ਠੰਢੀ ਥਾਵੇਂ ਵੇਹਲਾ ਰਖਕੇ ਪਾਲਣ ਨੂੰ ਖੋਦੀਂ ਪਾਉਣਾ ਕਹਿੰਦੇ ਹਨ।

ਜਦ ਚੰਗੇ ਜੀ ਨੂੰ ਮੰਦੀ ਪਦਵੀ ਤੇ ਮੰਦੇ ਜੀ ਨੂੰ ਚੰਗੀ ਪਦਵੀ ਦਿਤੀ ਜਾਵੇ, ਤਾਂ ਬੋਲਦੇ ਹਨ।

ਹਿੰਦਾ

*****
* ਚ *
* *
*****

(੧) **ਚੱਕੀ ਦਾ ਪੀਠਾ ਚੰਗਾ ਤੇ ਦੰਦਾਂ ਦਾ ਪੀਠਾ ਮੰਦਾ ।**

ਵੇਖੋ:—ਦੰਦਾਂ ਦਾ ਪੀਠਾ......

(੨) **ਚਜ ਨ ਚਾਰ ਤੇ ਘੁਲਣ ਨੂੰ ਤਿਆਰ ।**

ਵੇਖੋਃ—ਆਪ ਕਿਸੇ ਜਹੀ ਨ ਤੇ ਗੱਲ ਕਰਨੋਂ ਰਹੀਨਾ।

(੩) **ਚਟ ਰੋਟੀ ਤੇ ਪਟ ਦਾਲ ।**

ਜਦ ਕਾਹਲੀ ਜਿਹੀ ਦਸਣੀ ਹੋਵੇ, ਤਾਂ ਕਹਿੰਦੇ ਹਨ ।

(੪) **ਚਣਾ ਭੁੜਕੂ ਤੇ ਪਹਾੜ ਢਾਹ ਲਊ ।**

ਕਿਸੇ ਨਿਕਾਰੇ ਜਿਹੇ ਜੀ ਦੇ ਗੁਸੇ ਵਲੋਂ ਬੇਪਰਵਾਹੀ ਦਸਣ ਲਈ ਵਰਤਦੇ ਹਨ ।

(੫) **ਚਪਣੀ ਵਿਚ ਪਾਣੀ ਪਾਕੇ ਡੁਬ ਮਰ ।**

ਜਾਂ

(੬) **ਚਪਣੀ ਵਿਚ ਪਾਣੀ ਪਾਕੇ ਨਕ ਡੋਬ ਮਰ ।**

ਜਦ ਕਿਸੇ ਨੂੰ ਬਹੁਤ ਹੀ ਸ਼ਰਮਿੰਦਾ ਕਰਨਾ ਹੋਵੇ, ਤਾਂ ਕਹੀਦਾ ਹੈ ।

(੭) **ਚਬਣੇ ਛੋਲੇ ਤੇ ਡਕਾਰ ਬਦਾਮਾਂ ਦੇ ?**

ਵੇਖੋਃ--ਖਾਣੇ ਛੋਲੇ ਤੇ ਡਕਾਰ ਬਦਾਮਾਂ ਦੇ ।

(੮) ਚਲਦੀ ਦਾ ਨਾਂ ਹੀ ਗਡੀ ਊ ।

ਜਾਂ

(੯) ਚਲਦੇ ਦਾ ਨਾਂ ਗਡੀ ।

ਭਾਵ ਇਹ ਹੈ ਕਿ ਜਦ ਕੋਈ ਚੀਜ਼ ਵਰਤੀ ਦੀ ਰਹੇ ਤਾਂ ਸਾਫ ਸੁਥਰੀ ਰਹਿੰਦੀ ਹੈ । ਅਥਵਾ ਜੋ ਆਦਮੀ ਕੰਮ ਕਰਦਾ ਹੋਵੇ ਉਹੋ ਚੰਗਾ ਲਗਦਾ ਹੈ । ਨਿਕੰਮੀ ਚੀਜ ਜਾਂ ਨਿਕੰਮੇ ਆਦਮੀ ਦੀ ਕੋਈ ਕਦਰ ਨਹੀਂ ।

ਦੇਖੋ:—ਮਿਲਦਿਆਂ ਦੇ ਸਾਕ, ਤੇ ਵਾਹੁੰਦਿਆਂ ਦੇ ਖੂਹ ।

(੧੦) ਚਵਲ ਕੁੱਤੀ ਮੰਡਿਆਂ ਦੀ ਰਾਖੀ ।

ਦੇਖੋ:—ਅੰਨ੍ਹੀ ਕੁਤੀ ਜਲੇਬੀਆਂ ਦੀ ਰਾਖੀ ।

ਅੰਗ੍ਰੇਜ਼ੀ:—To set a fox to watch the goose.

(੧੧) ਚੜ੍ਹਿਆ ਸੌ ਤੇ ਲਥਾ ਭੌ ।

ਜਦ ਕੋਈ ਆਦਮੀ ਬਹੁਤ ਕਰਜਾਈ ਹੋ ਜਾਵੇ, ਤੇ ਮੰਗਣ ਵਾਲੇ ਨੂੰ ਘੂਰੀਆਂ ਵਟੇ, ਤਾਂ ਵਰਤਦੇ ਹਨ ।

ਭਾਵ ਬਹੁਤਾ ਦੇਣਦਾਰ ਹੋਕੇ ਆਦਮੀ ਸਗੋਂ ਨਿਡਰ ਹੋ ਜਾਂਦਾ ਹੈ ।

ਦੇਖੋ:—ਨੰਗ ਰੜੇ ਆਕੀ ।

(੧੨) ਚਾਦਰ ਦੇਖਕੇ ਪੈਰ ਪਸਾਰਨੇ ਚਾਹੀਦੇ ਨੇ।

ਆਪਣੀ ਤਾਕਤ ਤੋਂ ਵਧ ਖਰਚ ਕਰਕੇ ਕੋਈ ਨੁਕਸਾਨ ਉਠਾਉਂਦਾ ਦਿਸੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—(a) Cut your coat according to

your cloth. or
(*b*) Spread your feet according to your shoe.

(੧੩) ਚਾਰ ਦਿਹਾੜੇ ਸ਼ੌਂਕ ਦੇ, ਮੁੜ ਓਹੋ ਕੁਤੇ ਭੌਂਕਦੇ । ਜਾਂ

(੧੪) ਚਾਰ ਦਿਨਾਂ ਦੀ ਚਾਨਣੀ ਫੇਰ ਅੰਧੇਰੀ ਰਾਤ ।

ਕਿਸੇ ਦੀ ਫੋਕੀ ਤੇ ਬਾਹਰਲੀ ਸ਼ਾਨ ਵੇਖਕੇ ਓਦੋਂ ਕਿਹਾ ਜਾ ਸਕਦਾ ਹੈ, ਜਦ ਇਹ ਪਤਾ ਹੋਵੇ ਕਿ ਇਹ ਐਵੇਂ ਕੁਝ ਚਿਰ ਦਾ ਹੀ ਖੇਲ ਹੈ।

ਅੰਗ੍ਰੇਜ਼ੀ:—Beauty has wings.

(੧੫) ਚਿਟੀਆਂ ਕਬਰਾਂ ਤੇ ਹੀ ਫੁਲ ਚੜ੍ਹਦੇ ਨੇ।

ਜਦ ਇਹ ਦਸਣਾ ਹੋਵੇ ਕਿ ਵਡਿਆਂ ਨੂੰ ਹੀ ਵਡੀਆਂ ਇਜ਼ਤਾਂ ਮਿਲਦੀਆਂ ਹਨ, ਤਾਂ ਕਹਿੰਦੇ ਹਨ।

(੧੬) ਚਿਤ ਵੀ ਮੇਰੀ, ਤੇ ਪਿਤ ਵੀ ਮੇਰੀ।

ਭਾਵ:--ਹਰ ਪਾਸਿਉਂ ਮੇਰਾ ਹੀ ਵਾਧਾ ਹੋਵੇਗਾ।

ਵੇਖੋ:—ਸਾਡੇ ਘਰ ਆਉਗੇ ਤੇ ਕੀ ਲਿਆਉਗੇ, ਅਸੀਂ ਤੁਹਾਡੇ ਘਰ ਜਾਵਾਂਗੇ ਤੇ ਕੀ ਦਿਉਗੇ।

ਅੰਗ੍ਰੇਜ਼ੀ:—The heads I win, the tails you loose.

(੧੭) ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ।

ਜਦ ਕੋਈ ਡਾਢਾ ਆਦਮੀ ਹਾਸੇ ੨ ਵਿਚ ਕਿਸੇ ਦਾ ਨੁਕਸਾਨ ਕਰ ਦੇਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A tyrant's breath is another's death.

(੧੮) ਚਿੜੀ ਦੀ ਚੋਗ ਤੇ ਚੌਧਵਾਂ ਹਿਸਾ।

ਜਦ ਕੋਈ ਕਿਸੇ ਨਿਕੀ ਜਿਹੀ ਜਾਂ ਥੋੜੀ ਜਿਹੀ ਚੀਜ਼ ਨੂੰ ਭੀ ਅਗ੍ਹਾਂ ਹਿਸਿਆਂ ਵਿਚ ਵੰਡਣਾ ਚਾਹੇ, ਤਾਂ ਕਹਿੰਦੇ ਹਨ।

(੧੯) ਚਿੰਤਾ ਚਿਤਾ ਬਰੋਬਰੀ।

ਜਦ ਕਿਸੇ ਪੁਰਸ਼ ਨੂੰ ਕਿਸੇ ਚਿੰਤਾ ਤੋਂ ਹਟਾਉਣਾ ਹੋਵੇ, ਜਾਂ ਚਿੰਤਾ ਕਰਨ ਦੇ ਉਲਟ ਉਪਦੇਸ਼ ਕਰਨਾ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Care killed a cat.

(੨੦) ਚੀਚੀ ਤੇ ਨਰੈਣ।

ਕੋਈ ਗਲ ਬਹੁਤ ਛੇਤੀ ਹੋਣ ਵਾਲੀ ਹੋਵੇ, ਤਾਂ ਕਹਿੰਦੇ ਹਨ।

(੨੧) ਚੁਕ ਮਰੇ ਜਾਂ ਖਾ ਮਰੇ।

ਜਦ ਕੋਈ ਜੀ ਬਹੁਤਾ ਖਾਕੇ ਜਾਂ ਕੰਮ ਕਰਕੇ ਬੀਮਾਰ ਹੋ ਜਾਵੇ, ਤਾਂ ਕਹਿੰਦੇ ਹਨ।

(੨੨) ਚੁਲ੍ਹਿਉਂ ਦੂਰ ਸੋ ਦੂਰ।

ਦੇਖੋ:—ਸਾਥੋਂ ਗਈਏ ਗੋਰੀਏ ਪਰੇ ਪਰੇਡੇ ਜਾ।

(੨੩) ਚੂਹੜਾ ਗਿਆ ਪਰਵਾਰ, ਉਸਨੂੰ ਉਥੇ ਵੀ ਪਈ ਵਿਗਾਰ ।

ਇਕ ਆਦਮੀ ਕਿਸੇ ਇਕ ਕੰਮਤੋਂ ਛੁਟਕਾਰਾ ਪਾਉਣ ਲਈ ਕਿਤ ਖਿਸਕੇ ਤੇ ਅਗੋਂ ਫਿਰ ਉਹੋ ਕੰਮ ਮਿਲ ਜਾਏ, ਤਾਂ ਕਹੀਦਾ ਹੈ।

ਦੇਖੋ:—ਮੂਸਾ ਭੱਜਾ ਮੌਤਤੋਂ, ਅਗੇ ਮੌਤ ਖੜੀ।

(੨੪) ਚੂਹੜਿਓਂਮੁਸੱਲੀਕੀਤਾ, ਆਕੜਓਹਦੀ ਊਹਾ ।

ਮੁਸੱਲੀ = ਚੂਹੜਾ ਮੁਸਲਮਾਨ ਹੋ ਜਾਵੇ, ਤਾਂ ਇਹ ਨਾਮ ਪੈ ਜਾਂਦਾ ਹੈ।

ਦੇਖੋ:—ਆਕੜ ਚੂਹੜੇ ਦੀ ਲੇਸ ਲਸੂੜੇ ਦੀ।

(੨੫) ਚੂਹੜਿਆਂ ਦੀ ਜੋਗ ਚਮਿਆਰ ਲੈ ਲੈ ਜਾਣ ।

ਕਿਸੇ ਭੈੜੇ ਬੰਦੇ ਨਾਲ ਭੈੜੇ ਬੰਦਿਆਂ ਦਾ ਹੀ ਵਾਹ ਵੇਖਕੇ ਕਿਹਾ ਜਾਂਦਾ ਹੈ।

(੨੬) ਚੂਹੜਿਆਂ ਦੀ ਟਪਰੀ, ਸ਼ਰੀਕਾਂ ਨਾਲੋਂ ਵਖਰੀ ।

ਕੋਈ ਆਦਮੀ ਮਿਤ੍ਰਾਂ ਤੋਂ ਅਡ ੨ ਰਹੇ, ਤਾਂ ਉਸਨੂੰ ਗੁਸੇ ਨਾਲ ਕਹਿੰਦੇ ਹਨ।

(੨੭) ਚੂਹੜੇ ਕੋਲੋਂ ਲੈਣਾ, ਤੇ ਕੁਤੇ ਦੇ ਗਲ ਗਹਿਣਾਂ ।

ਜਦ ਕਿਸੇ ਚੂਹੜੇ ਨੂੰ ਦਿਤਾ ਹੋਇਆ ਕਰਜ਼ਾ ਨ ਮਿਲੇ, ਤਾਂ ਕਹਿੰਦੇ ਹਨ ।

(੨੮) ਚੂਹਿਆਂ ਕੋਲੋਂ ਡਰੇ ਤੇ ਲਠ ਮਾਰਾਂ ਵਿਚ ਨਾਮ ।

ਜਦ ਕੋਈ ਆਦਮੀ ਅਜੇਹਾ ਕੰਮ ਸਾਂਭ ਬੈਠੇ, ਜਿਸਨੂੰ ਉਹ ਉੱਕਾ ਹੀ ਨ ਕਰ ਸਕਦਾ ਹੋਵੇ, ਤਾਂ ਕਹਿੰਦੇ ਹਨ ।

(੨੯) ਚੂਹਿਆਂ ਦੇ ਡਰੋਂ ਘਰ ਨਹੀਂ ਛਡਦੇਈਦੇ।

ਜਦ ਕੋਈ ਕਿਸੇ ਮਾੜੀ ਮੋਟੀ ਤਕਲੀਫ ਪਿਛੇ ਕਿਸੇ ਚੰਗੀ ਚੀਜ਼ ਨੂੰ ਲੈਣ ਤੋਂ ਨਾਂਹ ਕਰੇ, ਤਾਂ ਕਹਿੰਦੇ ਹਨ ।

(੩੦) ਚੂਹੇ ਨੂੰ ਸੁੰਢ ਦੀ ਗੰਢੀ ਲਭੀ, ਪਸਾਰੀ ਬਣ ਬੈਠਾ ।

ਕੋਈ ਆਦਮੀ ਕਿਸੇ ਥੋੜੀ ਜਿਹੀ ਚੀਜ਼ ਨੂੰ ਲੈਕੇ ਬਹੁਤੀ ਚੀਜ਼ ਵਾਲਿਆਂ ਦੀ ਰੀਸੇ ਮਾਣ ਕਰਨ ਲਗ ਪਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—One flower makes no garland.

(੩੧) ਚੂਨੇ ਗਚ ਕਬਰ ਤੇ ਮੁਰਦਾ ਬੇਈਮਾਨ।

ਬਹੁਤ ਕਰਕੇ ਜਦ ਕੋਈ ਆਪਣੇ ਐਬਾਂ ਨੂੰ ਉਤੋਂ ਕਿਸੇ ਚੰਗੀ ਗੱਲ ਨਾਲ ਲੁਕਾਈ ਜਾਵੇ, ਤਾਂ ਕਹਿੰਦੇ ਹਨ।

(੩੨) **ਚੋਰ ਉਚੱਕਾ ਚੌਧਰੀ ਗੁੰਡੀ ਰੰਨ ਪ੍ਰਧਾਨ।**

ਜਦ ਕਿਸੇ ਭੈੜੇ ਆਦਮੀ ਨੂੰ ਕੋਈ ਉਚੀ ਪਦਵੀ ਦੇ ਦਿਤੀ ਜਾਵੇ, ਜਾਂ ਬਦੋ ਬਦੀ ਅਗੇ ਵਧਦਾ ਆਵੇ, ਤਾਂ ਕਹਿੰਦੇ ਹਨ ।

(੩੩) **ਚੋਰ ਜਾਂਵੀ ਚੋਰ ਮਾਂਵੀ ਚੋਰ ਵਿਆਹੁਣ ਆਏ ।**

ਦੇਖੋ:—ਚੂਹੜਿਆਂ ਦੀ ਜੋਗ ਚਮਿਆਰ ਲੈ ੨ ਜਾਣ।

(੩੪) **ਚੋਰ ਤੇ ਲਾਠੀ ਦੋ ਜਣੇਂ, ਮੈਂ ਤੇ ਬਾਪੂ ਕੱਲੇ ।**

ਇਹ ਇਕ ਮਖੌਲ ਹੈ, ਜੋ ਡਰਾਕਲ ਬੰਦਿਆਂ ਤੇ ਵਰਤਿਆ ਜਾਂਦਾ ਹੈ।

(੩੫) **ਚੋਰ ਦੀ ਮਾਂ ਕਦ ਤਕ ਸੁਖ ਮਨਾਊ ?**

ਜਦ ਕੋਈ ਭੈੜਾ ਆਦਮੀ ਆਪਣੀਆਂ ਕਰਤੂਤਾਂ ਦੀ ਸਜਾ ਤੋਂ ਕੁਝ ਚਿਰ ਬਚਿਆ ਰਹੇ, ਤਾਂ ਕੋਈ ਸਿਆਣਾ ਕਹਿੰਦਾ ਹੈ। ਭਾਵ ਇਹ ਕਿ ਛੇਤੀ ਹੀ ਫਸੇਗਾ।

(੩੬) **ਚੋਰਾਂ ਦੇ ਕਪੜੇ ਡਾਂਗਾ ਦੇ ਗਜ।**

ਦੇਖੋ:—ਹਰਾਮ ਦਾ ਮਾਲ ਹਰਾਮ ਹੀ ਜਾਂਦਾ ਹੈ।

ਜਦ ਕੋਈ ਆਪਣੀ ਬਿਨਾਂ ਜਤਨ ਹਥ ਆਈ ਚੀਜ਼ ਨੂੰ ਵੇਚਣਾ ਚਾਹੇ ਤੇ ਲੈਣ ਵਾਲੇ ਔਣੇ ਪੌਣੇ ਮੁਲ ਤੋਂ ਖੋਹ ਖਿੰਝ ਲੈਣ, ਤਾਂ ਇਹ ਅਖਾਣ ਵਰਤਿਆ ਜਾਂਦਾ ਹੈ ।

ਅੰਗ੍ਰੇਜ਼ੀ:—Evil got, evil spent.

(੩੭) ਚੋਰਾਂ ਦੇ ਮਹੇਲ ਨਹੀਂ ਪੈਂਦੇ ।

ਕਿਸੇ ਨੂੰ ਕੋਈ ਬੇਈਮਾਨੀ ਦੀ ਚਾਲ ਚਲਣ ਤੋਂ ਰੋਕਣ ਲਈ ਵਰਤਿਆ ਜਾਂਦਾ ਹੈ।

(੩੮) ਚੋਰਾਂ ਨੂੰ ਕਹਿਣਾ ਲਗੋ ਤੇ ਸਾਧਾਂ ਨੂੰ ਕਹਿਣਾ ਭਜੋ । ਜਾਂ

(੩੯) ਚੋਰਾਂ ਨੂੰ ਕਹਿਣਾਂ ਲਗੋ ਤੇ ਸਾਧਾਂ ਨੂੰ ਕਹਿਣਾਂ ਆਏ ਜੇ ।

ਦੋਹੀਂ ਪਾਸੀਂ ਵਗਣ ਵਾਲਾ ਬੰਦਾ ਜਦ ਬੁਰੇ ਦੀ ਮਦਦ ਕਰਦਾ ਦਿਸੇ ਤੇ ਨੇਕ ਨੂੰ ਧੋਖਾ ਦੇਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—To hunt with the hounds and run with the hare.

(੪੦) ਚੋਰ ਦੀ ਦਾੜ੍ਹੀ ਵਿਚ ਤਿਣਕਾ ।

ਦੇਖੋ:—ਕਾਣਾ ਕਣਾਵੇ ਤੇ ਲੰਡਾ ਲੰਡਾਵੇ ।

ਅੰਗ੍ਰੇਜ਼ੀ:—A guilty mind is always suspicious

(੪੧) ਚੋਰੋਂ ਕੁਤਬ ਬਣਦਾ ਜੇ ?

ਕੁਤਬ = ਫਕੀਰਾਂ ਦਾ ਇਕ ਪੰਥ।

ਜਦ ਕੋਈ ਭੈੜਾ ਆਦਮੀ ਕਿਸੇ ਚੰਗੇ ਦਰਜੇ ਤੇ ਪੁਜ ਜਾਵੇ, ਤਾਂ ਕਹਿੰਦੇ ਹਨ ।

(੪੨) ਚੋਰ ਨਾਲੋਂ ਪੰਡ ਕਾਹਲੀ ।

ਦੇਖੋ:—ਊਠ ਨਾ ਕੁੱਦੇ ਬੋਰੇ ਕੁੱਦੇ।

(੪੩) ਚੋਰ ਚੋਰੀਓਂ ਚਲਾ ਜਾਂਦਾ ਏ, ਹੇਰਾ ਫੇਰੀਓਂ ਨਹੀਂ ਜਾਂਦਾ ?

ਦੇਖੋ:—ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।

ਇਕ ਕਹਾਣੀ ਭੀ ਹੈ ਕਿ ਇਕ ਚੋਰ ਸੰਤ ਹੋ ਗਿਆ, ਪਰ ਫੇਰ ਭੀ ਜੁਤੀਆ ਐਥੋਂ ਓਥੇ ਤੇ ਉਥੋਂ ਹੋਰ ਥੇ ਕਦੇ ੨ ਕਰ ਦੇਂਦਾ ਸੀ।

ਅੰਗ੍ਰੇਜ਼ੀ:—Wolves may loose their teeth, but not nature

(੪੪) ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕਜਾਈਂ।

ਇਕ ਆਦਮੀ ਇਕ ਦਾ ਬੁਰਾ ਕਰੇ ਤੇ ਦੂਸਰਾ ਉਸਦਾ, ਤੇ ਤੀਸਰਾ ਦੂਸਰੇ ਦਾ ਕਰ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—The biter bit.

(੪੫) ਚੋਰ ਦਾ ਭਾਈ ਗੰਢ ਕਟਾ ।

ਜਦ ਦੋ ਇਕੋ ਜਿਹੇ ਭੈੜੇ ਬੰਦੇ ਕਠੇ ਦਿਸਣ, ਤਾਂ ਕਹਿੰਦੇ ਹਨ। ਜਾਂ ਇਕ ਭੈੜੇ ਨਾਲ ਫਿਰਨ ਵਾਲਾ ਓਪਰਾ ਆਦਮੀ ਹੋਵੇ, ਕੋਈ ਪੁਛੇ ਕੌਣ ਹੈ, ਤਾਂ ਅਗੋਂ ਕਹਿ ਦੇਈਦਾ ਹੈ। ਭਾਵ ਕਿ ਉਹੋ ਜਿਹਾ ਹੀ ਕੋਈ ਇਹ ਹੋਵੇਗਾ।

ਅੰਗ੍ਰੇਜ਼ੀ:—They agree like pick pockets in a fair.

(੪੬) ਚੋਰ ਖਿੜਕੀ ਘਰ ਦਾ ਨਾਸ ।

ਜਦ ਘਰ ਦੇ ਕਿਸੇ ਭੇਤ ਨਾਲ ਹੀ ਕੋਈ ਨੁਕਸਾਨ ਹੋ ਜਾਏ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—The back door robbeth the house.

(੪੭) ਚੋਰੀ ਦਾ ਗੁੜ ਮਿਠਾ ।

ਜਿਸ ਆਦਮੀ ਨੂੰ ਚੋਰੀ ਦਾ ਭੁਸ ਪੈ ਚੁਕਾ ਹੋਵੇ, ਜਾਂ ਜੋ ਆਦਮੀ ਉਸ ਚੀਜ਼ ਨੂੰ ਸਗੋਂ ਸਾਂਭੇ, ਜਿਸ ਤੋਂ ਉਸਨੂੰ ਰੋਕਿਆ ਜਾਵੇ, ਤਾਂ ਉਸ ਉਤੇ ਘਟਾਉਂਦੇ ਹਨ।

(੪੮) ਚੋਰੀ ਕਖ ਦੀ ਵੀ, ਚੋਰੀ ਲਖ ਦੀ ਵੀ।

ਜਦ ਇਹ ਦਸਣਾ ਹੋਵੇ ਕਿ ਥੋੜੀ ਚੀਜ਼ ਚੁਰਾਉਣ ਵਾਲਾ ਕੀ, ਤੇ ਬਹੁਤੀ ਵਾਲਾ ਕੀ ? ਚੋਰ ਤਾਂ ਦੋਵੇਂ ਹਨ, ਤਾਂ ਬੋਲਦੇ ਹਨ ।

ਅੰਗ੍ਰੇਜ਼ੀ:—He that steels an egg will steel an ox.

(੪੯) ਚੋਰ ਤੇ ਕੁੱਤੀ ਰਲੇ ਹੋਏ ਜੇ ।

ਜਦ ਇਕ ਆਦਮੀ ਬੇਈਮਾਨੀ ਕਰੇ, ਤੇ ਇਸ ਗਲਤੀ ਨੂੰ ਫੜਨ ਵਾਲਾ ਭੀ ਚੁਪ ਕਰ ਰਹੇ, ਜਾਂ ਉਸਦੇ ਨਾਲ ਹੀ ਸਹਾਈ ਹੋ ਜਾਵੇ, ਤਾਂ ਕਹਿੰਦੇ ਹਨ।

(੫੦) ਚੋਰਾਂ ਯਾਰਾਂ ਲੱਪਰਾਂ, ਸੁਗੰਦ ਨ ਬੁਢਿਆਂ ਖਪਰਾਂ ।

ਲਪਰਾਂ = ਬੇਵਕੂਫਾਂ।

ਜਦ ਇਹ ਕਹਿਣਾ ਹੋਵੇ ਕਿ ਇਨ੍ਹਾਂ ਦੀ ਸਹੁੰ ਦਾ ਭੀ ਕੋਈ ਇਤਬਾਰ ਨਹੀਂ ਹੁੰਦਾ, ਤਾਂ ਕਹਿੰਦੇ ਹਨ।

(੫੧) **ਚੌਬੇ ਹਿਸੇ ਦੀ ਭਿਆਲੀ ਤੇ ਠੂਠਾ ਡਾਹਵੇ ਅਧ ।**

ਜਦ ਕੋਈ ਥੋੜੀ ਚੀਜ਼ ਦਾ ਹਕ ਰਖਣ ਵਾਲਾ ਬਹੁਤੀ ਦੀ ਮੰਗ ਕਰੇ, ਤਾਂ ਕਹਿੰਦੇ ਹਨ।

(੫੨) **ਚੌਲ ਛੜਦਿਆਂ ਹੀ ਚਿਟੇ ਹੁੰਦੇ ਨੇ।**

ਜਦ ਇਹ ਸਮਝਾਉਣਾਹੋਵੇ ਕਿਦੁਖ ਤਕਲੀਫ ਸਹਾਰਕੇ ਹੀ ਸਿਆਣੇ ਬਣੀਦਾ ਹੈ, ਤਾਂ ਕਹਿੰਦੇ ਹਨ।

ਦੇਖੋ:—ਡਿਗ ਡਿਗਕੇ ਅਸਵਾਰ ਹੋਈਦਾ ਹੈ।

(੫੩) **ਚੰਗੀ ਕਰ ਬਹਾਲੀ ਤੇ ਪੇੜੇ ਲਏ ਚੁਰਾ ।**

ਦੇਖੋ:—ਸਲਾਹੀ ਦਾ ਗੁੜ ਵੰਦੀਂ ਲਗਾ।

(੫੪) **ਚੰਦ ਚੜੇ ਨੂੰ ਤੰਦ ਹੀ ਪ੍ਰਵਾਨ ਏ, ਪਿਛੋਂ ਭਾਵੇਂ ਪੱਗਾਂ ਲਾਹ ਲਾਹ ਸੁਟੋ।**

ਪੁਰਾਣਾ ਰਵਾਜ ਸੀ ਕਿ ਚੜ੍ਹੇ ਚੰਦ ਨੂੰ ਲੋਕ ਮਥਾ ਟੇਕਦੇ ਸਨ। ਉਥੋਂ ਇਹ ਅਖਾਣ ਬਣਿਆ ਹੈ। ਜਦ ਇਹ ਦਸਣਾ ਹੋਵੇ ਕਿ ਵੇਲੇ ਸਿਰ ਕੀਤੀ ਗਲ ਹੀ ਚੰਗੀ ਹੁੰਦੀ ਹੈ, ਤਾਂ ਕਹਿੰਦੇ ਹਨ।

(੫੫) **ਚੰਦ ਤੇ ਥੁਕਿਆ, ਮੂੰਹ ਤੇ ਪੈਂਦਾ ਏ।**

ਜਦ ਕੋਈ ਕਿਸੇ ਵਡੇ ਤੇ ਚੰਗੇ ਦੀ ਨਿੰਦਾ ਕਰੇ, ਤੇ ਲੋਕੀ ਉਸ ਨਿੰਦਕ ਨੂੰ ਹੀ ਬੁਰਾ ਆਖਣ ਲਗ ਪੈਣ, ਤਾਂ ਵਰਤਦੇ ਹਨ।

ਅੰਗ੍ਰੇਜ਼ੀ:—He who blows in the dust, fills his eyes.

ਫਾਰਸੀ:-ਅਜ਼ ਮਾਅਸਤ ਕਿ ਬਰਮਾਸਤ।

(੫੬) ਚੰਦ ਚੜ੍ਹੇ ਗੁੱਝੇ ਨਹੀਂ ਰਹਿੰਦੇ।

ਜਾਂ

(੫੭) ਚੰਦ ਚੜ੍ਹੇ ਵੀ ਕਦੇ ਗੁੱਝੇ ਰਹੇ ਨੇ।

ਜਦ ਇਹ ਕਹਿਣਾ ਹੋਵੇ ਕਿ ਇਹ ਏਡੀ ਅਚੰਭਾ ਗਲ ਲੁਕੀ ਨਹੀਂ ਸੀ ਰਹਿ ਸਕਦੀ, ਤਾਂ ਕਹਿੰਦੇ ਹਨ।

(੫੮) ਚੰਦ ਚੰਦਾਂ ਦੇ ਮਾਮਲੇ ਚੜ੍ਹਨ, ਚੜ੍ਹਨ, ਨਾਂ ਚੜਨ ਤੇ ਨਾ ਹੀ ਚੜ੍ਹਨ।

ਜਦ ਕਿਸੇ ਗਲ ਦੇ ਹੋਣ ਦੀ ਪਕੀ ਉਮੈਦ ਨਾ ਹੋਵੇ, ਤਾਂ ਹਾਸੇ ਨਾਲ ਕਹਿੰਦੇ ਹਨ।

(੫੯) ਚੰਦਰੇ ਦਾ ਝਾੜਾ ਛਿਤਰਨਾਲਕਰੀਦਾਹੈ।

ਚੰਦਰਾ = ਮਹੁਰੀ ਜੋ ਉਂਗਲ ਪਰ ਹੋ ਜਾਂਦੀ ਹੈ।

ਭਲਮਾਨਸੀ ਨਾਲ ਆਖੇ ਨਾ ਲਗਣ ਵਾਲੇ ਪੁਰ ਇਹ ਅਖਾਣ ਘਟਾਉਂਦੇ ਹਨ।

ਵੇਖੋ–ਸੋਟਾ ਪੀਰ ਹੈ............

ਹਿੰਦੀ

*****
* ਛ *
*   *
*****

(੧) ਛਜ ਤਾ ਬੋਲੇ ਛਾਨਣੀ ਕੀ ਬੋਲੇ ?
(ਜਿਸ ਵਿਚ ਬਤੀ ਸੌ ਛੇਕ ਹੈਨ)

ਜਦ ਕੋਈ ਬਹੁਤਾ ਹੀ ਐਬੀ ਹੋਰਨਾਂ ਦੇ ਨੁਕਸ ਛਾਂਟੇ, ਤਾਂ ਉਸਨੂੰ ਕਿਹਾ ਜਾਂਦਾ ਹੈ।

ਅੰਗ੍ਰੇਜ਼ੀ:—People who live in glass houses, should not throw stones.

(੨) ਛੱਜਾ ਵੇ ਛੇਕਾਲਿਆ ! ਬਲੇ ਨੀ ਮਾਸੀ ਅਣਵਿਧੀਏ ?

ਕੋਈ ਬਹੁਤਾ ਐਬੀ ਕਿਸੇ ਨਿਰਦੋਸ ਨੂੰ ਭੰਡੇ ਤੇ ਉਹ ਅਗੋਂ ਉਸਦਾ ਵਡਾ ਐਬ ਢੰਗ ਨਾਲ ਦਸੇ, ਤਾਂ ਕਹਿੰਦੇ ਹਨ।

(੩) ਛਜ ਨ ਬਹਾਰੀ, ਤੇ ਕਾਹਦੀ ਭਠਿਆਰੀ।

ਜਦ ਕਿਸੇ ਕਾਰੀਗਰ ਕੋਲ ਉਸਦੇ ਸੰਦ ਹੀ ਨ ਹੋਣ, ਤਾਂ ਉਸ ਉਪਰ ਘਟਾਉਂਦੇ ਹਨ।

(੪) ਛਜੂ ਜੋ ਸੁਖ ਚੁਬਾਰੇ, ਨਾ ਬਲਖ ਨਾ ਬੁਖਾਰੇ ।

ਜਦ ਪਰਦੇਸ ਜਾਣ ਤੋਂ ਕਿਸੇ ਨੂੰ ਰੋਕਣਾ ਹੋਵੇ, ਤਾਂ ਕਹੀਦਾ ਹੈ।

ਅੰਗ੍ਰੇਜ਼ੀ:—Home is home, be it ever so humble.

(੫) ਛੱਪੜ ਵਿਚੋਂ ਮੈਂਹ ਕਢਣੀ ਤੇ ਠਠੀ ਵਿਚੋਂ ਚੂੜ੍ਹਾ ਕਢਣਾ ਬੜਾ ਔਖਾ ਹੈ।

ਜਦ ਕਿਸੇ ਚੂਹੜੇ ਨੂੰ ਸਦਣ ਜਾਈਏ, ਤੇ ਉਹ ਛੇਤੀ ਨ ਆਵੇ, ਤੇ ਜਾਂ ਕੋਈ ਮੈਂਹ ਛਪੜ ਵਿਚੋਂ ਛੇਤੀ ਨ ਨਿਕਲੇ, ਤਾਂ ਕਹਿੰਦੇ ਹਨ।

(੬) ਛਿੱਕਾ ਟੁਟਾ ਬਿਲੀ ਦੀ ਭਾਗੀਂ।

ਜਦ ਕਿਸੇ ਦਾ ਕੋਈ ਅਜੇਹਾ ਨੁਕਸਾਨ ਹੋਵੇ, ਜਿਸ ਨਾਲ ਕਿਸੇ ਹੋਰ ਨੂੰ ਲਾਭ ਹੋਵੇ, ਤਾਂ ਕਹਿੰਦੇ ਹਨ।

(੭) ਛਿਕੇ ਹਥ ਨ ਅਪੜੇ ਥੂ ਕੌੜੀ ਆਖੇ।

ਜਦ ਕਿਸੇ ਬੰਦੇ ਨੂੰ ਕੋਈ ਚੀਜ਼ ਮਿਲ ਨ ਸਕਦੀ ਹੋਵੇ, ਤੇ ਉਹ ਉਸ ਚੀਜ਼ ਨੂੰ ਨਿੰਦਣ ਲਗ ਪਵੇ, ਤਾਂ ਕਹੀਦਾ ਹੈ।

ਦੇਖੋ:—ਦਾਖੇ ਹਥ ਨ ਅਪੜੇ.........

(੮) ਛੋਟਾ ਮੂੰਹ ਤੇ ਵਡੀ ਗਲ।

ਜਦ ਕਿਸੇ ਨੇ ਕੋਈ ਬੜੀ ਹੈਰਾਨਗੀ ਭਰੀ ਗਲ ਦਸਣੀ ਹੋਵੇ, ਤਾਂ ਆਪ ਹੀ ਕਹੀਦਾ ਹੈ।

ਅੰਗ੍ਰੇਜ਼ੀ—Small wit great boast.

(੯) ਛੋਟੀ ਨ ਦੇਖ, ਪਤਾਲ ਕਰੇ ਛੇਕ।

ਕੋਈ ਬੰਦਾ ਜੋ ਵੇਖਣ ਨੂੰ ਮਮੂਲੀ ਮਲੂਮ ਹੋਵੇ, ਪਰ ਵਿਚੋਂ ਖੋਟਾ ਹੋਵੇ, ਉਸ ਲਈ ਵਰਤਦੇ ਹਨ।

(੧੦) ਛੋਲਿਆਂ ਨਾਲ ਘੁਣ ਪਿਸ ਜਾਂਦਾ ਹੈ।

ਵੇਖੋ:—ਆਟੇ ਨਾਲ ਪਲੇਥਣ।

(੧੧) ਛੋਲੇ ਕੀ ਜਾਨਣ ਵਾਹ ਨੂੰ, ਤੇ ਸੰਢਾ ਕੀ ਜਾਣੇ ਗਾਹ ਨੂੰ।

ਜੋ ਖੇਚਲ ਕਿਸੇ ਦੇ ਸੁਭਾਉ ਦੇ ਉਲਟ ਪਾਈ ਜਾਵੇ, ਤੇ ਉਹ ਉਸ ਵਿਚ ਬੁਰੀ ਤਰ੍ਹਾਂ ਫੇਲ ਹੋ ਜਾਵੇ, ਤਦ ਵਰਤਦੇ ਹਨ। ਭਾਵ ਕੜਕਦੀ ਜੇਠ ਦੀ ਧੁੱਪ ਵਿਚ ਬੈਲ ਹੀ ਚਲਦਾ ਹੈ, ਸੰਢਾ ਘਾਬਰ ਜਾਂਦਾ ਹੈ। ਇਸੇਤਰ੍ਹਾਂ ਛੋਲਿਆਂ ਦੀ ਪੈਲੀ ਬਾਰ ਬਾਰ ਨਹੀਂ ਵਾਹੀਦੀ।

ਹਿੰਦੀ

*****
* ਜ *
* *
*****

(੧) ਜਸ ਜੀਉਣਾ ਤੇ ਅਪਜਸ ਮਰਨਾ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਬੇਇਜ਼ਤੀ ਦੇ ਜੀਵਣ ਨਾਲੋਂ ਮੌਤ ਚੰਗੀ ਹੈ, ਤੇ ਆਦਮੀ ਨੂੰ ਸਦਾ ਉਹ ਕੰਮ ਕਰਨਾ ਚਾਹੀਦਾ ਹੈ। ਜਿਸ ਨਾਲ ਜਸ ਵਧੇ, ਤਾਂ ਕਹਿੰਦੇ ਹਨ।

(੨) ਜਹਾਨ ਕਿਸੇ ਛਾਬੇ ਪੂਰਾ ਨਹੀਂ ਉਤਰਦਾ।

ਵੇਖੋ:—ਆਰੀ ਨੂੰ ਇਕ ਪਾਸੇ ਦੰਦੇ ਨੇ, ਤੇ ਜਹਾਨ ਨੂੰ ਦੋਹੀਂ ਪਾਸੀਂ ।

(੩) ਜਹਾਂ ਗੰਢ ਤਹਾਂ ਰਸ ਨਹੀਂ।

ਜਦ ਕਿਤੇ ਦੋ ਬੰਦਿਆਂ ਵਿਚ ਦੁਫੇੜਾ ਪੈ ਜਾਵੇ, ਤੇ ਤੀਜਾ ਉਨ੍ਹਾਂ ਨੂੰ ਮਿਲਾਣਾ ਚਾਹੇ, ਪਰ ਉਧਰੋਂ ਮਰਜੀ ਨਾ ਹੋਵੇ, ਤਦ ਟਾਲਣ ਵਾਸਤੇ ਇਹ ਉਤਰ ਦਿਤਾ ਜਾਂਦਾ ਹੈ ਕਿ ਜਿਸਤਰ੍ਹਾਂ ਗੰਨੇ ਵਿਚ ਗੰਢ ਵਾਲੀ ਥਾਂ ਮਿਠਾਸ ਨਹੀਂ ਹੁੰਦੀ, ਇਸੇਤਰ੍ਹਾਂ ਟੁੱਟੀ ਪ੍ਰੀਤ ਨੂੰ ਗੰਢਿਆ ਭੀ ਉਹ ਪਹਿਲੇ ਵਰਗਾ ਸੁਆਦ ਪੈਦਾ ਨਹੀਂ ਹੋ ਸਕਦਾ।

(੪) ਜਹੀ ਫਲੀ ਪਈ ਤਿਹੀ ਘੁਗੂ ਚਟ ਗਿਆ।

ਜਦ ਕੋਈ ਮੌਕਾ ਆਉਣ ਤੇ ਭੀ ਸੁਖ ਨ ਲੈ ਸਕੇ, ਤਾਂ ਕਹਿੰਦੇ ਹਨ।

(੫) ਜੱਗ ਸ਼ੀਸ਼ਾ ਆਰਸੀ ਜੋ ਦੇਖੇ ਸੋ ਵੇਖ।

ਜਦ ਇਹ ਸਮਝਾਉਣਾ ਹੋਵੇ ਕਿ ਦੁਨੀਆ ਸ਼ੀਸ਼ਾ ਹੈ। ਜੇਹੋ ਜਿਹੇ ਤੁਸੀਂ ਵਰਤੋਗੇ, ਤਿਹਾ ਹੀ ਲੋਕੀ ਤੁਹਾਡੇ ਨਾਲ ਵਰਤਣਗੇ, ਤਾਂ ਇਹ ਅਖਾਣ ਬੋਲਦੇ ਹਨ।

(੬) ਜੱਗ ਨਾਲ ਚਲੇ ਤੇ ਸਭ ਕੁਝ ਪੱਲੇ।

ਇਹ ਉਪਦੇਸ਼ ਹੈ ਕਿ ਸਦਾ ਦੁਨੀਆ ਦੀ ਚਾਲ ਅਨੁਸਾਰ ਹੀ ਚਲਣਾ ਚਾਹੀਦਾ ਹੈ।

(੭) ਜਗੋਂ ਜਹਾਨੋਂ ਬਾਹਰੀ ਸਭ ਖਲਕਤ ਟਕਰ ਹਾਰੀ।

ਕੋਈ ਗਲ ਬਿਲਕੁਲ ਅਨੋਖੀ ਵੇਖ ਕਿਹਾ ਜਾ ਸਕਦਾ ਹੈ।

(੮) ਜਟ ਸੋਨੇ ਦਾ, ਬਲਾ ਪਿਤਲ ਦਾ।

ਜਦ ਕਿਸੇ ਆਦਮੀ ਵਿਚ ਬਹੁਤ ਸਾਰੇ ਗੁਣ ਹੁੰਦਿਆਂ ਇਕ ਅਧ ਔਗੁਣ ਭੀ ਦਿਸੇ, ਤਾਂ ਕਹਿੰਦੇ ਹਨ।

(੯) ਜਟ ਹੋਇਆ ਕਮਲਾ ਖੁਦਾ ਨੂੰ ਲੈਗਏ ਚੋਰ

ਜਦ ਕੋਈ ਆਦਮੀ ਜਾਣ ਬੁਝਕੇ ਭੋਲਾ ਬਣਦਾ ਦਿਸੇ, ਤਾਂ ਕਹਿੰਦੇ ਹਨ।

(੧੦) ਜਟ ਕੀ ਜਾਣੇ ਗੁਣ ਨੂੰ, ਤੇ ਲੋਹਾ ਕੀ ਜਾਣੇ ਘੁਣ ਨੂੰ।

ਜਦ ਕੋਈ ਜਟ ਕਿਸੇ ਦੇ ਗੁਣ ਨੂੰ ਭੁਲਾਕੇ ਉਸ ਨਾਲ ਵੈਰ ਕਰੇ, ਤਾਂ ਕਹਿੰਦੇ ਹਨ।

(੧੧) ਜਟ ਕੀ ਜਾਣੇ ਗੁਲਗੁਲੇ ਪਦ ਬਹੇੜੇ ਖਾਹ ।

ਸ਼ਹਿਰੀਆਂ ਵਲੋਂ ਪੇਂਡੂਆਂ ਦਾ ਮਖੌਲ ਹੈ । ਭਾਵ ਮੋਟੀ ਗੁਲੀ ਖਾਣ ਵਾਲੇ ਚੰਗੇ ਸੁਆਦੀ ਭੋਜਨਾਂ ਨੂੰ ਕੀ ਸਮਝਣ?

(੧੨) ਜਟ ਕੀ ਜਾਣੇ ਲੌਂਗਾਂ ਦਾ ਭਾ ।

ਕਿਸੇ ਅਨਜਾਣ ਦੇ ਸਾਹਮਣੇ ਬੜਾ ਔਖਾ ਜਿਹਾ ਮਾਮਲਾ ਆ ਪਏ ਤੇ ਉਹ ਅਗੋਂ ਉਸਨੂੰ ਨਜਿਠ ਨਾ ਸਕੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—(*a*) A pebble and diamond are alike to the blind.

Or

(*b*) A blind man is no judge of colours.

(੧੩) ਜਟ ਗੰਨਾ ਨਹੀਂ ਦੇਂਦਾ ਤੇ ਗੁੜ ਦੀ ਰੋੜੀ ਦੇਂਦਾ ਏ ।

ਜਦ ਕੋਈ ਆਦਮੀ ਥੋੜੀ ਚੀਜ਼ ਨਾ ਦੇਵੇ, ਪਰ ਸਮਾਂ ਪਾਕੇ ਉਸ ਤੋਂ ਕੀਮਤੀ ਤੇ ਬਹੁਤੀ ਚੀਜ਼ ਦੇਣੀ ਪੈ ਜਾਵੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—Penny wise and pound foolish.

(੧੪) ਜਟ ਜਟਾਂ ਦੇ ਸਾਲੇ, ਕਰਦੇ ਘਾਲੇਮਾਲੇ।

ਜਦ ਦੋ ਚਾਰ ਜੀ ਰਲਕੇ ਆਪੋਵਿਚ ਸਮਝਾਉਤਾਕਰਕੇ ਲੋਕਾਂ ਨੂੰ ਠਗ ਲੈਣ, ਤਾਂ ਕਹਿੰਦੇ ਹਨ।

ਅੰਗੇਜ਼ੀ:—Birds of a feather flock together.

(੧੫) ਜਟ ਜਟਾਂ ਦੇ, ਤੇ ਭੋਲਾ ਨਰਾਇਣ ਦਾ।

ਜਦ ਕੋਈ ਆਦਮੀ ਵਿਛੜਕੇ ਭੀ ਮੁੜ ਆਪਣਿਆਂ ਨੂੰ ਜਾ ਮਿਲੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Birds of a feather flock together.

(੧੬) ਜਟ ਤੋਂ ਰਾਜ ਨਹੀਂ, ਤੇ ਮੋਠੋਂ ਕਾਜਨਹੀਂ।

ਜਦ ਕਿਸੇ ਮਾਮੂਲੀ ਆਦਮੀ ਪਾਸੋਂ ਵਡੀ ਸਾਰੀ ਸਹਾਇਤਾ ਦੀ ਆਸ ਬਧੀ ਜਾਵੇ, ਤੇ ਪੂਰੀ ਹੋਣ ਦੀ ਕੋਈ ਸੂਰਤ ਨਾ ਹੋਵੇ, ਤਾਂ ਵਰਤਦੇ ਹਨ ।

(੧੭) ਜਟ ਦਾ ਹਾਸਾ ਭੰਨ ਸੁੱਟੇ ਪਾਸਾ।

ਦੇਖੋ:—ਮੂਰਖ ਦਾ ਹਾਸਾ.........

(੧੮) ਜੱਟ, ਪੱਟ ਤੇ ਫੱਟ, ਬਧੇ ਕੰਮ ਆਉਂਦੇ ਹਨ ।

ਜਦ ਕੋਈ ਜਟ ਆਪ ਹੁਦਰੀਆਂ ਕਰੇ, ਜਾਂ ਰੇਸ਼ਮੀ ਕੀਮਤੀ ਮਾਲ ਕੋਲ ਹੋਵੇ, ਜਾਂ ਫੱਟ (ਜ਼ਖਮ) ਖੁਲ੍ਹਾ ਵਿਗੜ ਜਾਵੇ, ਤਾਂ ਸਲਾਹ ਦੇਈਦੀ ਹੈ ਕਿ ਇਨ੍ਹਾਂ ਨੂੰ ਬੰਨ੍ਹਕੇ ਹੀ ਰਖੋ। ਜੱਟ ਬੰਨ੍ਹਣ ਤੋਂ ਮੁਰਾਦ ਕਾਬੂ ਕਰਨਾ ਹੈ।

(੧੯) ਜਟ ਪਿਆਈ ਲੱਸੀ, ਤੇ ਗਲ ਵਿਚ ਪਾ

ਲਈ ਰੱਸੀ ।

ਜਦ ਕੋਈ ਆਦਮੀ ਥੋੜਾ ਬਹੁਤ ਅਹਿਸਾਨ ਕਰਕੇ ਉਸੇ ਵੇਲੇ ਉਸਦਾ ਬਹੁਤ ਸਾਰਾ ਬਦਲਾ ਮੰਗ ਲਵੇ, ਤਦ ਵਰਤਦੇ ਹਨ।

(੨੦) **ਜਟ ਮਹਿਆਂ ਸੰਸਾਰ ਕਬੀਲਾ ਗਾਲਣਾ।**

ਦੇਖੋ:—ਕੁਕੜ ਕਾਂ ਕੰਬੋ ਕਬੀਲਾ ਪਾਲਣਾ।

ਪਹਿਲੀ ਤੁਕ ਵਿਚੋਂ ਆਏ ਨਾਵਾਂ ਵਾਲਿਆਂ ਵਿਚੋਂ ਕਿਸੇ ਨੂੰ ਆਪਣੇ ਟਬਰ ਦਾ ਹੀ ਨਾਸ ਕਰਦਿਆਂ ਵੇਖ ਜਾਂ ਕੁਕੜਾਂ ਕਾਵਾਂ ਤੇ ਕੰਬੋ ਜਾਤ ਦੇ ਬੰਦਿਆ ਨੂੰ ਆਪਣੇ ਘਰ ਦਾ ਵਾਧਾ ਕਰਦਿਆਂ ਵੇਖ ਕਿਹਾ ਜਾ ਸਕਦਾ ਹੈ।

(੨੧) **ਜਟ ਯਾਰ ਨਹੀਂ, ਕਿੰਗ ਹਥਿਆਰ ਨਹੀਂ।**

ਦੇਖੋਃ—ਜੱਟ ਕੀ ਜਾਣੇ ਗੁਣ ਨੂੰ........

(੨੨) **ਜੱਟ ਵਿਗਾੜੇ ਮੁਰਸ਼ਦ ਨਾਲ ਜਾਂ ਬੋਲੇ ਤਾਂ ਕੱਢੇ ਗਾਲ।**

ਆਮ ਜਟਾਂ ਦੀ ਲੜਾਕੀ ਆਦਤ ਦਸੀ ਹੈ ਕਿ ਗਾਲ ਤੋਂ ਬਿਨਾ ਤਾਂ ਬੋਲਦੇ ਹੀ ਨਹੀਂ, ਤੇ ਬੜੇ ਤੋਂ ਬੜੇ ਆਦਰ ਯੋਗ ਆਦਮੀ ਨਾਲ ਖਹਿ ਪੈਂਦੇ ਹਨ।

(੨੩) **ਜਣੇ ਜਣੇ ਦੀ ਲਕੜੀ ਇਕ ਜਣੇ ਦਾ ਬੋਝ (ਭਾਰ)।**

ਜਦ ਇਹ ਸਮਝਾਉਣਾ ਹੋਵੇ, ਕਿ ਜੇ ਬਹੁਤੇ ਰਲਕੇ

ਕੰਮ ਵੰਡ ਲੈਣ ਤਾਂ ਬੜਾ ਸੁਖਾਲਾ ਹੋ ਜਾਂਦਾ ਹੈ, ਪਰ ਜੇ ਇਕੋ ਤੇ ਸੁਟ ਦਿਤਾ ਜਾਏ, ਤਾਂ ਉਸ ਲਈ ਬਹੁਤ ਭਾਰੂ ਹੁੰਦਾ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Many a little makes a mickle.

(੨੪) ਜਥਾ ਰਾਜਾ ਤਥਾ ਪਰਜਾ।

ਜਦ ਕਿਸੇ ਰਾਜਾ ਦੇ ਕੁਲੱਛਣਾਂ ਕਰਕੇ ਪਰਜਾ ਭੀ ਭੈੜੇ ਪਾਸੇ ਲਗ ਜਾਵੇ, ਤਾਂ ਕਹਿੰਦੇ ਹਨ।

(੨੫) ਜਦ ਦੇ ਜੰਮੇ ਚੰਦਰ ਭਾਨ, ਚੁਲ੍ਹੇ ਅਗ ਨ ਮੰਜੇ ਵਾਣ।

ਜਦ ਕਿਸੇ ਭੈੜੇ ਆਦਮੀ ਦੇ ਕਿਤੇ ਆਵਣ ਪਿਛੋਂ ਉਥੋਂ ਦੀ ਹਾਲਤ ਦਿਨ-ਬਦਿਨ ਭੈੜੀ ਹੀ ਹੁੰਦੀ ਦਿਸੇ, ਤਾਂ ਕਹਿੰਦੇ ਹਨ।

(੨੬) ਜਦ ਦੇ ਜੰਮੇ ਬੋਦੀਓਂ ਲੰਮੇ।

ਜਦ ਕਿਸੇ ਆਦਮੀ ਨੂੰ ਚਿਰ ਤੋਂ ਕੋਈ ਭੈੜੀ ਆਦਤ ਪਈ ਦਿਸੇ, ਤਾਂ ਕਹਿੰਦੇ ਹਨ।

(੨੭) ਜਨਮ ਨ ਕੰਘੀ ਵਾਹੀ ਤੇ ਸਵਾਧਾ ਵਿੰਗਾ।

ਸਵਾਧਾ = ਚੀਰ।

ਦੇਖੋ:—ਨਾਚ ਨ ਜਾਣੇ ਅੰਗਣ ਟੇਢਾ।

(੨੮) ਜਨਮ ਨ ਕੰਘੀ ਵਾਹੀ ਤੇ ਸਿਰ ਬੁਕ ੨ ਲੀਖਾਂ।

ਜਦ ਕਿਸੇਤਰ੍ਹਾਂ ਦੀ ਬੇਪਰਵਾਹੀ ਦਾ ਨਤੀਜਾ ਬਹੁਤ ਬੁਰਾ ਨਿਕਲੇ, ਤਾਂ ਕਹਿੰਦੇ ਹਨ।

(੨੯) ਜ਼ਬਾਨ ਦਾ ਰਸ ਚੋਂਦਾ ਏ ।

ਜਦ ਮੰਦਾ ਬੋਲਣ ਕਰਕੇ ਕਿਸੇ ਨੂੰ ਕੋਈ ਦੁਖ ਮਿਲੇ, ਤਾਂ ਕਹਿੰਦੇ ਹਨ।

(੩੦) ਜ਼ਰ ਬਿਨਾ ਇਸ਼ਕ ਟੈਂ ਟੈਂ ।

ਜਦ ਕੋਈ ਗਰੀਬ ਤੇ ਧਨੀ ਇਕ ਦੂਜੇ ਦੇ ਟਾਕਰੇ ਤੇ ਇਕੋ ਥਾਂ ਪਿਆਰ ਪਾ ਲਵੇ ਤੇ ਧਨੀ ਜਿਤ ਜਾਵੇ, ਤਾਂ ਕਹਿੰਦੇ ਹਨ। ਭਾਵ ਪੈਸੇ ਹੋਣ ਤਾਂ ਰੀਝਾਂ ਹੋ ਸਕਦੀਆਂ ਹਨ।

(੩੧) ਜ਼ਰ (ਜ਼ਰ)ਭੀ ਗਿਆ, ਤੇ ਜਾਰੀ(ਯਾਰੀ) ਭੀ ਗਈ ।

ਜਦ ਹਦ ਦਰਜੇ ਦਾ ਖਰਚ ਤੇ ਮਿਹਨਤ ਕਰਕੇ ਨਤੀਜਾ ਭੈੜਾ ਹੀ ਨਿਕਲੇ, ਤਾਂ ਕਹਿੰਦੇ ਹਨ।

(੩੨) ਜਲ੍ਹਣ ਜਟ ਗਲ ਗੰਢਿਆਂ ਦੀ ਮਾਲਾ, ਜਪੂ ਜਪੂ ਨਹੀਂ ਤੇ ਖਾਊ ਸੁਖਾਲਾ।

ਜਦ ਕਿਸੇ ਨੂੰ ਹਰ ਪਾਸੇ ਥੋੜਾ ਬਹੁਤ ਕੰਮ ਬਣਦਾ ਹੀ ਦਿਸੇ, ਤਾਂ ਕਹਿੰਦੇ ਹਨ।

(੩੩) ਜਵਾਂ ਦਾ ਬੋਹਲ ਤੇ ਗਦੋਂ ਰਖਵਾਲਾ।

ਦੇਖੋ:—ਅੰਨ੍ਹੀ ਕੁਤੀ ਜਲੇਬੀਆਂ ਦੀ ਰਾਖੀ ।

(੩੪) ਜਾਗਦਿਆਂ ਦੀਆਂ ਕਟੀਆਂ ਤੇ ਸੁਤਿਆਂ ਦੇ ਕਟੇ ।

ਜਦ ਕਿਸੇ ਦੀ ਗਫਲਤ ਨਾਲ ਉਸਦਾ ਹਕ ਕੋਈ ਹੋਰ ਹੁਸ਼ਿਆਰ ਆਦਮੀ ਲੈ ਜਾਵੇ, ਤੇ ਅਸਲੀ ਹਕਦਾਰ ਨੂੰ ਕੋਈ ਨਿਕੰਮੀ ਜਿਹੀ ਚੀਜ਼ ਮਿਲੇ, ਤਦ ਬੋਲਦੇ ਹਨ।

ਅੰਗ੍ਰੇਜ਼ੀ:--Early birds pick up worms.

(੩੫) ਜਾਗਦੇ ਦਾ ਲਖ ਤੇ ਸੁਤੇ ਦਾ ਕਖ।

ਜਦ ਇਹ ਸਮਝਾਉਣਾ ਹੋਵੇ, ਕਿ ਜਾਗਦੇ ਹਿੰਮਤੀ ਸੁਸਤਾਂ ਨਾਲੋਂ ਫਾਇਦੇ ਵਿਚ ਰਹਿੰਦੇ ਹਨ, ਤਾਂ ਕਹੀਦਾ ਹੈ।

(੩੬) ਜਾਣ ਨ ਜਾਣ ਮੈਂ ਤੇਰਾ ਮਿਹਮਾਨ।

ਜਦ ਕੋਈ ਬਦੋ ਬਦੀ ਦਾ ਘੜੱਮ ਚੌਧਰੀ ਬਣੇ, ਤਦ ਬੋਲਦੇ ਹਨ।

(੩੭) ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨਾਲ ਜੱਫੇ ।

ਕਿਸੇ ਕਮਜ਼ੋਰ ਬੰਦੇ ਨੂੰ ਵਡੇ ਕੰਮਾਂ ਵਿਚ ਹਥ ਪਾਉਂਦਾ ਵੇਖ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Small wit great boast.

(੩੮) ਜਾਤ ਦੇ ਚਠੇ, ਖਾਣ ਪੀਣ ਨੂੰ ਵਖੋ ਵਖ ਲੜਨ ਭਿੜਨ ਨੂੰ ਕਠੇ।

ਚਠੇ ਜਾਤ ਦੇ ਬੰਦਿਆਂ ਦਾ ਖਾਸ ਸੁਭਾ ਹੈ।

(੩੯) **ਜਾਦੂ ਉਹ ਜੋ ਸਿਰ ਚੜ੍ਹ ਬੋਲੇ ।**

ਜਦ ਕਿਸੇ ਗਲ ਦਾ ਪੂਰਾ ੨ ਅਸਰ ਝਟ ਪਟ ਸਾਹਮਣੇ ਹੀ ਦਿਸ ਪਵੇ, ਤਾਂ ਕਹਿੰਦੇ ਹਨ ।

(੪੦) **ਜਾਂਦੇ ਚੋਰ ਦੀ ਲੰਗੋਟੀ ਹੀ ਸਹੀ ।**

ਦੇਖੋ:—ਸੜੇ ਘਰ ਦੇ ਕੋਲੇ ਹੀ ਸਹੀ ।

ਅੰਗ੍ਰੇਜ਼ੀ:—Get from a bad pay master what you can.

(੪੧) **ਜਾਂ ਰਹੀ ਮਾਈ ਕਾਲਕਾ ਜਾਂ ਰਿਹਾ ਸਾਲਗਰਾਮ ।**

ਕਿਸੇ ਘਰ ਵਿਚ ਸਖਤ ਲੜਾਈ ਵੇਖਕੇ ਕਿਹਾ ਜਾ ਸਕਦਾ ਹੈ, ਭਾਵ ਇਹ ਕਿ ਜਾਂ ਇਥੇ ਵਹੁਟੀ ਰਹੇਗੀ, ਤੇ ਜਾਂ ਗਭਰੂ ।

(੪੨) **ਜਿਉਂ ੨ ਭਿਜੇ ਕੰਬਲੀ ਤਿਉਂ ੨ ਭਾਰੀ ਹੋ।**

ਕਿਸੇ ਪਾਪੀ ਆਦਮੀ ਨੂੰ ਕੁਝ ਚਿਰ ਡੰਡ ਨ ਮਿਲਦਾ ਦੇਖਦੇ ਕਿਹਾ ਜਾਂਦਾ ਹੈ, ਭਾਵ ਇਹ ਕਿ ਪਾਪਾਂ ਦੀ ਬੇੜੀ ਭਰਕੇ ਡੁਬੇਗੀ ।

(੪੩) **ਜਿਸ ਕੁੜੀ ਦਾ ਵਿਆਹ ਉਹੋ ਗੋਹੇ ਚੁਗਣ ਜਾ।**

ਜਦ ਕਿਸੇ ਆਦਮੀ ਨੂੰ ਕਿਸੇ ਵਧੇਰੇ ਜਰੂਰੀ ਕੰਮ ਤੇ ਕੋਈ ਭੇਜਣਾ ਚਾਹੇ, ਤਾਂ ਇਹ ਅਖਾਣ ਵਰਤਦੇ ਹਨ ।

(੪੪) **ਜਿਸ ਤਨ ਲਗੈ ਸੋ ਤਨ ਜਾਣੈ ਕੌਣ**

ਪੀਰ ਪਰਾਈ । (ਗੁਰਬਾਣੀ)

ਕਿਸੇ ਦੀ ਤਕਲੀਫ ਵੇਲੇ ਜੇ ਕੋਈ ਦੂਸਰਾ ਉਸਦੇ ਦੁਖ ਨੂੰ ਪੂਰੀ ਤਰ੍ਹਾਂ ਅਨੁਭਵ ਨਾ ਕਰੇ, ਤਾਂ ਦੁਖੀ ਕਹਿੰਦਾ ਹੈ।

(੪੫) **ਜਿਸਦੀ ਨ ਫਟੇ ਬਿਆਈ, ਉਹ ਕੀ ਜਾਣੇ ਪੀਰ ਪਰਾਈ ।**

ਕਿਸੇ ਦੇ ਦੁਖ ਪੁਰ ਜੇ ਕੋਈ ਹਾਸਾ ਕਰਦਾ ਨਜ਼ਰੀ ਆਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:--None knows where the shoe pinches better than the wearer.

(੪੬) **ਜਿਸ ਪ੍ਰਭਾਣੀ ਦੀ ਉੱਨ ਨ ਵੇਲੀ ਓਸੇ ਦਾ ਮੂੰਹ ਵਿੰਗਾ ।**

ਜਦ ਇਹ ਕਹਿਣਾ ਹੋਵੇ ਕਿ ਜਿਸਨੂੰ ਭੀ ਨਾਂਹ ਕੀਤੀ, ਓਹੋ ਗੁਸੇ ਹੋ ਜਾਊ, ਤਾਂ ਬੋਲਦੇ ਹਨ।

(੪੭) **ਜਿਸ ਪਿੰਡ ਨਹੀਂ ਜਾਣਾ ਉਸਦਾ ਰਾਹ ਕਾਹਨੂੰ ਪੁਛਣਾ ?**

ਕੋਈ ਆਦਮੀ ਕਿਸੇ ਗਲ ਦੀ ਐਵੇਂ ਖੋਜ ਕਰਦਾ ਫਿਰੇ, ਤੇ ਉਸਦਾ ਇਸ ਵਿਚ ਕੋਈ ਮਤਲਬ ਭੀ ਨ ਹੋਵੇ, ਤਾਂ ਕਹਿੰਦੇ ਹਨ।

(੪੮) **ਜਿਹੜੇ ਖਾਣਗੇ ਚੋਪੜੀ ਸੋਈ ਸਹਿਣਗੇ ਦੁਖ ।**

ਦੇਖੋ:—ਜਿਨ੍ਹਾਂ ਖਾਧੀਆਂ ਚੋਪੜੀਆ ਘਣੇ ਸਹਿਣਗੇ ਦੁਖ। (ਗੁਰਬਾਣੀ)

ਜੋ ਆਦਮੀ ਬਹੁਤੇ ਸਵਾਦਾਂ ਪਿਛੇ ਲਗਦਾ ਜਾਵੇ, ਉਸਨੂੰ ਸਮਝਾਉਣ ਲਈ ਕਹਿੰਦੇ ਹਨ।

(੪੯) ਜਿਹਾ ਸੁਖ ਚੁਬਾਰੇ, ਨਾ ਬਲਖ ਨਾ ਬੁਖਾਰੇ।

ਦੇਖੋ:—ਛਜੂ ਜਿਹਾ ਸੁਖ ਚੁਬਾਰੇ।........

(੫੦) ਜਿਹਾ ਤੇਰਾ ਲੂਣ ਪਾਣੀ ਤਿਹਾ ਮੇਰਾ ਕੰਮ ਜਾਣੀਂ।

ਜਦ ਕਿਸੇ ਕੰਮ ਕਰਨ ਵਾਲੇ ਨੇ ਇਹ ਦਸਣਾ ਹੋਵੇ ਕਿ ਰਜਕੇ ਮਜੂਰੀ ਦਿਉਗੇ, ਤਦ ਹੀ ਵਧੀਆ ਕੰਮ ਹੋਵੇਗਾ, ਤਦ ਵਰਤਦਾ ਹੈ। ਜਾਂ ਕੋਈ ਕੰਮ ਵਿਗੜ ਜਾਵੇ, ਤਾਂ ਕਹੀਦਾ ਹੈ, ਭਾਵ ਤੂੰ ਮਜ਼ੂਰੀ ਭੀ ਐਸੇ ਹੀ ਕੰਮ ਦੀ ਦੇਣੀ ਕੀਤੀ ਸੀ।

ਅੰਗ੍ਰੇਜ਼ੀ:—Quick at meat, quick at work.

(੫੧) ਜਿਹਾ ਮੂੰਹ ਤਿਹੀ ਚਪੇੜ।

ਜਦ ਕਿਸੇ ਭੈੜੇ ਆਦਮੀ ਨੂੰ ਉਹੋ ਜਿਹੀ ਭੈੜੀ ਚੀਜ਼ ਦਿਤੀ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Thank a man according to his rank.

(੫੨) ਜਿਹੀ ਸੀਤਲਾ ਦੇਵੀ ਤਿਹਾ ਖੋਤੇ ਦਾ ਵਾਹਨ।

ਵਾਹਨ = ਸਵਾਰੀ।

ਦੇਖੋ:—ਅੰਨ੍ਹੀ ਦੇਵੀ ਨਕ ਵਡੇ ਪੁਜਾਰੀ।

ਅੰਗ੍ਰੇਜ਼ੀ:—Like saint like offering.

(੫੩) ਜਿਹੀ ਕਿੱਲੇ ਬਧੀ ਤਿਹੀ ਚੋਰਾਂ ਖੜੀ।

ਜਾਂ

(੫੪) ਜਿਹੇ ਬਾਬੂ ਘਰ ਰਹੇ ਤਿਹੇ ਰਹੇ ਪਰਦੇਸ।

ਜਾਂ

(੫੫) ਜਿਹਾ ਕੰਤਾ ਘਰ ਰਿਹੋਂ ਤਿਹਾ ਗਿਓਂ ਪਰਦੇਸ ।

ਜੇਹੜੀ ਚੀਜ਼ ਬਹੁਤ ਨਿਕੰਮੀ ਹੋਵੇ, ਉਸ ਉਪਰ ਘਟਾਉਂਦੇ ਹਨ । ਭਾਵ ਇਸਦਾ ਹੋਣਾ ਨਾ ਹੋਣਾ ਇਕ ਬਰਾਬਰ ਹੈ।

(੫੬) ਜਿਹੀ ਕੋਕੋ ਤਿਹੇ ਬਚੇ ।

ਜਦ ਕਿਸੇ ਭੈੜੇ ਆਦਮੀ ਦਾ ਪਰਵਾਰ ਭੀ ਉਸੇਤਰ੍ਹਾਂ ਦਾ ਭੈੜਾ ਨਿਕਲ ਪਵੇ, ਤਦ ਵਰਤਦੇ ਹਨ।

(੫੭) ਜਿਹੀ ਗਰੀਬੀ ਬਾਹਮਣੀ ਤਿਹੀ ਮਛਹਿਰੀ ਚੂਪ ।

ਮਛਹਿਰੀ = ਨਿਕਾ ਜਿਹਾ ਸੋਕੜ ਗੀਨਾ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਤੂੰ ਆਪਣੇ ਗਰੀਬੀ ਦਾਵੇ ਮੁਜਬ ਹੀ ਛਾਲ ਮਾਰੇਂ, ਤਦ ਵਰਤਦੇ ਹਨ।

(੫੮) ਜਿਹੇ ਭੈੜੇ ਭਾਬੜੇ ਤਿਹੇ ਭੈੜੇ ਪੂਜ ।

ਵੇਖੋ:-ਅੰਨ੍ਹੀ ਦੇਵੀ ਨੱਕ ਵੱਢੇ ਪੁਜਾਰੀ ।

(੫੯) ਜਿਚਰ ਸਾਸ ਤਿਚਰ ਆਸ

ਜਦ ਇਹ ਸਮਝਾਉਣਾ ਹੋਵੇ ਕਿ ਭਾਵੇਂ ਕਾਮਯਾਬੀ ਦੇ ਪ੍ਰਗਟ ਚਿੰਨ੍ਹ ਨਾ ਭੀ ਹੋਣ, ਤਦ ਭੀ ਆਸ ਅਖੀਰ ਦਮ ਤਕ ਰਖਣੀ ਚਾਹੀਏ । ਭਾਵ ਵੇਲੇ ਤੋਂ ਅਗੇਤਰੇ ਲਕ ਤੋੜਕੇ ਨਾ ਬਹਿ ਜਾਉ, ਤਦ ਇਹ ਅਖਾਣ ਵਰਤਦੇ ਹਨ ।

ਅੰਗ੍ਰੇਜ਼ੀਃ—Hope lasts with life.

(੬੦) ਜਿਥੇ ਸੌ ਉਥੇ ਇਕੌਤ੍ਰ ਸੌ ।

ਵੇਖੋ:-ਉਖਲੀ ਵਿਚ ਸਿਰ ਦਿਤਾ, ਦੋ ਵਧ ਕੀ, ਦੋ ਘਟ ਕੀ ?

(੬੧) ਜਿਥੇ ਹੋਵੇ ਪਿਆਰ ਉਥੇ ਨ ਕ਼ਰੀਏ ਵਿਹਾਰ। ਜੇ ਕਰੀਏ ਵਿਹਾਰ ਨਾ ਕਰੀਏ ਉਧਾਰ ।

ਉਧਾਰ ਕਰਜਾ ਦੇਣ ਨਾਲ ਜਦ ਦੋ ਮਿਤ੍ਰਾਂ ਵਿਚ ਫਿਕ ਪੈਂਦਾ ਦਿਸੇ, ਤਾਂ ਕਹਿੰਦੇ ਹਨ ।

(੬੨) ਜਿਥੇ ਦਰਖਤ ਨਹੀਂ ਉਥੇ ਹਰਿੰਡ ਪ੍ਰਧਾਨ।

ਵੇਖੋਃ—ਉਜੜੇ ਪਿੰਡ ਭੜੋਲਾ ਮਹਿਲ ।

(੬੩) ਜਿਥੇ ਜ਼ਾਏ ਤਤ ਭਲੱਤੀ ਤਾਂਦਲਾ ਵਿੱਕੇ ਓਸੇ ਹਟੀ ।

ਜ਼ਦ ਕਿਸੇ ਭੈੜੇ ਬੰਦੇ ਦੀ ਇਹ ਗਲ ਕਰਨੀ ਹੋਵੇ, ਕਿ ਉਹ ਜਿਥੇ ਜਾਵੇ, ਉਥੇ ਹੀ ਸਾਰੇ ਕੰਮ ਚੌੜ ਹੋ ਜਾਂਦੇ ਹਨ, ਤਾਂ ਕਹਿੰਦੇ ਹਨ ।

(੬੪) ਜਿਥੇ ਲੋੜੀਏ ਆਪਣੇ ਭਜਜਾਣਪਰਾਏ।

ਅਜੇਹੇ ਆਦਮੀ ਨੂੰ, ਜੋ ਆਪਣੇ ਸਾਕਾਂ ਦਾ ਲਾਭ ਚਾਹੁੰਦਾ ਹੋਰਨਾਂ ਨੂੰ ਨੁਕਸਾਨ ਪੁਚਾਵੇ, ਸਮਝਾਉਣ ਲਈ ਇਹ ਅਖਾਣ ਵਰਤਦੇ ਹਨ ।

ਅੰਗ੍ਰੇਜ਼ੀ:—To be discussed.

(੬੫) ਜਿਥੇ ਵੇਖਾਂ ਤਵਾਂ ਪਰਾਤ, ਓਥੇ ਗਾਵਾਂ ਦਿਨ ਤੇ ਰਾਤ ।

ਜੋ ਆਦਮੀ ਕੇਵਲ ਆਪਣੇ ਗੌਂ ਲਈ ਤੇ ਖਾਣ ਪੀਣ ਲਈ ਹੀ ਕਿਸੇ ਪਿਛੇ ਲਗਾ ਫਿਰੇ, ਤਾਂ ਉਸਨੂੰ ਕਹਿੰਦੇ ਹਨ।

ਅੰਗ੍ਰੇਜ਼ੀਃ—When there is rice in the dish,
I am with you as long as you wish.

(੬੬) ਜਿਧਰ ਗਈਆਂ ਬੇੜੀਆਂ ਉਧਰ ਗਏ ਮਲਾਹ ।

ਜਦ ਕਿਸੇ ਇਕ ਚੀਜ਼ ਨਾਲ ਹੋਰ ਕਈ ਚੀਜ਼ਾਂ ਦਾ ਭੀ ਨੁਕਸਾਨ ਹੋ ਜਾਵੇ, ਜਾਂ ਜਾਣਕੇ ਤਿਆਗ ਦੇਵੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀਃ—Moonlight follows the moon.

(੬੭) ਜਿਧਰ ਰਬ ਉਧਰ ਸਬ ।

ਜਦ ਕਿਸੇ ਮਾੜੇ ਦੀ ਅਚਨ ਚੇਤ ਜਿਤ ਹੋ ਜਾਵੇ, ਤਾਂ ਬੋਲਦੇ ਹਨ ।

ਅੰਗ੍ਰੇਜ਼ੀ:—He who hath God hath all.

(੬੮) ਜਿਧਰ ਲਾੜਾ ਉਧਰ ਜੰਞ ।

ਜਦ ਇਕ ਚੀਜ਼ ਨਾਲ ਹੀ ਦੂਜੀ ਰਹਿੰਦੀ ਹੋਵੇ, ਤਾਂ ਕਹਿੰਦੇ ਹਨ ।

(੬੯) ਜਿਨ ਸਿਰ ਸੌਂਪਿਆ ਏ ਓਹਨੇ ਕੰਨ ਵੀ ਨਾਲ ਹੀ ਸੌਂਪੇ ਨੇ ।

ਜਦ ਕੋਈ ਆਦਮੀ ਇਕ ਚੀਜ਼ ਦੇਕੇ ਉਸਦੇ ਨਾਲ ਲਗਦੀ ਕੋਈ ਮਾੜੀ ਜਿਹੀ ਚੀਜ਼ ਰਖਣੀ ਚਾਹੇ, ਤਾਂ ਕਹਿੰਦੇ ਹਨ ।

(੭੦) ਜਿਨ੍ਹਾਂ ਖਾਧਾ ਲੱਪ ਗੜੱਪੀਂ ਓਨ੍ਹਾਂ ਕੀ ਹੋਵੇ ਉਂਗਲ ਚਟੀ ?

ਜਦ ਬਹੁਤੀ ਡੀਲ ਡੌਲ ਤੇ ਬਹੁਤਾ ਖਾਣ ਵਾਲੇ ਨੂੰ ਥੋੜੀ ਜਿਹੀ ਚੀਜ ਦੇਕੇ ਪਰਚਾਉਣ ਦਾ ਜਤਨ ਕੀਤਾ ਜਾਵੇ, ਤਾਂ ਕਹਿੰਦੇ ਹਨ ।

(੭੧) ਜਿਨ੍ਹਾਂ ਚਿਤ ਨਂ ਭਾਂਵਦੇ ਨਿਉਂ ੨ ਕਰਨ ਸਲਾਮ ।

ਦੇਖੋ:—ਸੀਸ ਨਿਵਾਏ ਕੀ ਕਰਨ, ਜੇ ਰਿਦੇ ਨ ਭਿਜਣ ।

(੭੨) ਜਿਨ੍ਹਾਂ ਜਣੀਆਂ ਓਨ੍ਹਾਂ ਬਣੀਆਂ ।

ਜਦ ਕਿਸੇ ਨੂੰ ਆਪਣੀ ਭੈੜੀ ਉਲਾਦ ਤੋਂ ਕੋਈ ਦੁਖ ਪੁੱਜੇ, ਤਾਂ ਕਹਿੰਦੇ ਹਨ।

(੭੩) ਜਿਨ੍ਹਾਂ ਢਾਏ (ਸਾੜੇ) ਆਪਣੇ ਫੂਕ ਦੇਣ ਪਰਾਏ ।

ਜਦ ਕੋਈ ਅਜੇਹਾ ਆਦਮੀ ਜੋ ਆਪਣਾ ਨੁਕਸਾਨ ਪਹਿਲਾਂ ਹੀ ਕਰ ਚੁਕਾ ਹੋਵੇ, ਕਿਸੇ ਦਾ ਨੁਕਸਾਨ ਕਰਨਾ ਚਾਹੇ, ਤਾਂ ਕਹੀਦਾ ਹੈ।

(੭੪) ਜਿਨੂੰ ਪੂਛੋਂ ਫੜ ਉਠਾਇਆ, ਉਸਨੇ ਜੋਤਰਾ ਕਦੋਂ ਲਾਇਆ ।

ਜਿਸ ਆਦਮੀ ਨੂੰ ਕੰਮ ਦੇ ਮੁਢ ਵਿਚ ਹੀ ਜੀ ਢਾਉਂਦਾ ਵੇਖੀਏ, ਉਸ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

(੭੫) ਜਿਨ੍ਹੇ ਲਾਈ ਗੱਲੀਂ, ਓਸੇ ਨਾਲ ਉੱਠ ਚੱਲੀ ।

ਕਿਸੇ ਲਾਈਲਗ (Emotional) ਆਦਮੀ ਦੀ ਆਦਤ ਦਸਣ ਲਈ ਵਰਤਦੇ ਹਨ।

(੭੬) ਜਿੰਨਾਂ ਗੁੜ ਪਾਓ ਓਨਾ ਹੀ ਮਿਠਾਹੋਊ।

ਜਦ ਇਹ ਦਸਣਾ ਹੋਵੇ ਕਿ ਵਧੇਰੇ ਖਰਚ ਕਰਕੇ ਜਾਂ ਮੇਹਨਤ ਕਰਕੇ ਹੀ ਵਧੇਰੇ ਲਾਭ ਲਿਆ ਜਾ ਸਕਦਾ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—The deeper the well, the cooler the water.

(੭੭) ਜਿੰਨ੍ਹੀਂ ਸਾਕੀਂ ਸਾਕ ਸੋਈ ਸਿਆਲਾਂ ਦੇ ਚਾਕ ।

ਜਦ ਕਿਸੇ ਆਦਮੀ ਦਾ ਇਕੋ ਇਕ ਆਦਮੀ ਉਪਰ ਬਹੁਤ ਸਾਰਾ ਮਾਣ (ਸਹਾਰਾ) ਹੋਵੇ, ਪਰ ਉਹ ਅਗੋਂ ਛੜਾਂ ਮਾਰ ਮਾਰਕੇ ਦਿਲ ਤੋੜਨ ਲਗ ਜਾਵੇ, ਤਦ ਕਹਿੰਦੇ ਹਨ । ਸਿਆਲਾਂ ਦੇ ਚਾਕ ਤੋਂ ਭਾਵ ਇਹ ਹੈ ਕਿ ਹੋਰ ਜਗ੍ਹਾ ਦਿਲ ਵੇਚਦਾ ਫਿਰਦਾ ਹੈ।

(੭੮) ਜਿੰਨਾਂ ਫਲੇ ਉਂਨਾਂ ਝੁਕੇ ।

ਕਿਸੇ ਵਡੇ ਆਦਮੀ ਦੀ ਨਿਮ੍ਰਤਾ ਵੇਖਕੇ ਕਿਹਾ ਜਾ ਸਕਦਾ ਹੈ ।

ਅੰਗ੍ਰੇਜ਼ੀ:—The bows that bear most, hang most.

(੭੯) ਜਿੰਨੀ ਸੋਤ ਉਂਨਾ ਪਾਲਾ, ਜਿੰਨਾ ਕੁਟੰਬ ਉਂਨਾ ਮੁਕਾਲਾ ।

ਸੋਤ = ਬਿਸਤਰਾ ।

ਜਦ ਕਿਸੇ ਵਡੇ ਟਬਰ ਵਾਲੇ ਨੂੰ ਵਧੇਰੇ ਖਰਚ ਸਦਕਾ ਤੰਗ ਡਿੱਠਾ ਜਾਵੇ, ਜਾਂ ਕਿਸੇ ਪਾਸਿਓਂ ਉਲਾਂਭੇ ਆਉਣ, ਕਹਿੰਦੇ ਹਨ ।

(੮੦) ਜਿੰਨੀ ਗੋਡੀ, ਓਨੀ ਡੋਡੀ ।

ਡੋਡੀ = ਫਲ, ਨਤੀਜਾ ।

ਜ਼ਿਮੀਂਦਾਰਾਂ ਨੂੰ ਗੋਡੀ ਵਧੇਰੇ ਕਰਨ ਦਾ ਉਪਦੇਸ਼ ਦੇਣ ਲਈ ਵਰਤਦੇ ਹਨ।

(੮੧) ਜਿੰਨੇ ਮੂੰਹ ਉਂਨੀਆਂ ਗਲਾਂ ।

ਕਿਸੇ ਗਲ ਬਾਬਤ ਜਦ ਲੋਕਾਂ ਵਿਚ ਵਖ ੨ ਚਰਚਾ ਹੋਣ ਲਗ ਪਵੇ, ਤਾਂ ਕਹਿੰਦੇ ਹਨ।

(੮੨) ਜੀਉਂਦੇ ਦਾ ਲਖ ਤੇ ਮੋਏ ਦਾ ਸਵਾ ਲਖ।

ਹਾਥੀ ਵਾਸਤੇ ਬਹੁਤ ਕਰਕੇ ਵਰਤਿਆ ਜਾਂਦਾ ਹੈ। ਜਿਸ ਚੀਜ਼ ਦੇ ਵਿਗੜ ਜਾਣ ਨਾਲ ਸਗੋਂ ਵਧੇਰੇ ਲਾਭ ਹੋ ਜਾਵੇ, ਤਦ ਵਰਤਦੇ ਹਨ।

(੮੩) ਜੀਹਦਾ ਪਿੰਡ ਗਰਾਂ, ਓਹਨੂੰ ਬਹਿਣ ਨੂੰ ਨਾ ਥਾਂ ।

ਜਦ ਕਿਤੇ ਅਜੇਹਾ ਮੌਕਾ ਹੋ ਜਾਵੇ, ਕਿ ਸਭ ਤੋਂ ਵਧੇਰੇ ਹਕ ਰਖਣ ਵਾਲੇ ਨੂੰ ਉੱਕਾ ਹੀ ਹਿਸਾ ਨ ਮਿਲੇ, ਤਾਂ ਕਹਿੰਦੇ ਹਨ ।

(੮੪) ਜੀਹਦਾ ਭਰਮ ਚਲੇ, ਉਹਦੇ ਲਖ ਪਲੇ।

ਭਰਮ = ਪਰਦਾ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਆਪਣਾ ਭਰਮ ਭਾਉ ਬਣਾਈ ਰਖੀਏ, ਤਦ ਲਖ ਪਤੀਆਂ ਵਰਗਾ ਇਤਬਾਰ ਬਣਿਆ ਰਹਿੰਦਾ ਹੈ, ਤਦ ਵਰਤਦੇ ਹਨ।

(੮੫) **ਜੀਹਦਾ ਵਿਆਹ ਓਹਦੀ ਪਤਲ ਵੀ ਨਾ।**

ਵੇਖੋ:—ਜੀਹਦਾ ਪਿੰਡ ਗਰਾਂ ਓਹਨੂੰ ਬਹਿਣ ਨੂੰ ਨ ਥਾਂ।

(੮੬) **ਜੀਹਦੀ ਕੋਠੀ ਦਾਣੇ, ਓਹਦੇ ਕਮਲੇ ਭੀ ਸਿਆਣੇ ।**

ਜਦ ਕੋਈ ਕਿਸੇ ਅਮੀਰ ਦੀ ਸਿਆਣਪ ਦੀ ਉਸਤਤ ਕਰੇ, ਜਾਂ ਗ਼ਰੀਬ ਨੂੰ ਨਿੰਦੇ ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—A full purse maketh the mouth speak.

(੮੭) **ਜੀਹਦੇ ਹਥ ਡੋਈ, ਓਹਦਾ ਸਭ ਕੋਈ ।**

ਜਦ ਇਹ ਵੇਖਿਆ ਜਾਵੇ ਕਿ ਕਿਸੇ ਅਮੀਰ ਦੀ ਮਦਦ ਹਰ ਕੋਈ ਕਰਦਾ ਏ, ਤੇ ਗਰੀਬ ਨੂੰ ਕੋਈ ਨਹੀਂ ਪੁਛਦਾ, ਤਾਂ ਕਹਿੰਦੇ ਹਨ।

(੮੮) **ਜੀਹਦੇ ਗਲ ਪੱਲਾ ਉਹਨੂੰ ਸੋ ਖੱਲਾ, ਜੀਹਦਾ ਹਥ ਖੁਲ੍ਹਾ ਓਹਨੂੰ ਸੋ ਖੈਰ ਸਲਾ ।**

ਜਦ ਕੋਈ ਜ਼ਿਮੇਵਾਰੀ ਵਿਚ ਫਸਕੇ ਘਸੀਟੀ ਦਾ ਫਿਰੇ, ਉਹ ਦੂਜੇ ਬੇਫਿਕਰ ਨੂੰ ਆਪਣੀ ਤੇ ਉਸਦੀ ਹਾਲਤ ਦਾ ਫਰਕ ਦਸਣ ਲਈ ਵਰਤਦਾ ਹੈ ।

(੮੯) **ਜੁਗਤ ਨਾਲ ਚਲੇ, ਤਾਂ ਸਭ ਕੁਝ ਪਲੇ ।**

ਸੰਜਮ ਨਾਲ ਗੁਜ਼ਾਰਾ ਕਰਨ ਦਾ ਉਪਦੇਸ਼ ਦੇਣ ਲਗਿਆਂ ਬੋਲਦੇ ਹਨ ।

(੯੦) ਜੂਲ ਖਦੂਲੀ ਮੌਜਾਂ ਮਾਣੇ।

ਸਾਦਗੀ ਦਾ ਉਪਦੇਸ਼ ਦਿੰਦਿਆਂ ਕਹਿੰਦੇ ਹਨ।

(੯੧) ਜੁਲਾਹਿਆਂ ਦੇ ਪਠਾਣ ਵਗਾਰੀ।

ਜਦ ਕੋਈ ਮਾੜਾ ਆਦਮੀ ਕਿਸੇ ਤਗੜੇ ਨੂੰ ਆਪਣੇ ਅਧੀਨ ਕਰਨਾ ਚਾਹੇ, ਜਾਂ ਕੋਈ ਤਕੜਾ ਆਦਮੀ ਮਾੜੇ ਦੀ ਸਹਾਇਤਾ ਕਰੇ, ਤੇ ਮਾੜਾ ਆਪਣੀ ਨਿਮ੍ਰਤਾ ਜਿਤਾਕੇ ਉਸਨੂੰ ਖੇਚਲ ਕਰਨੋ ਰੋਕੇ, ਤਦ ਇਹ ਅਖਾਣ ਵਰਤੀਦਾ ਹੈ।

(੯੨) ਜੂਆ ਕਿਨੇ ਨ ਜਿਤਿਆ ਸਭ ਜੂਏ ਜਿਤੇ।

ਜੂਆ ਖੇਡਣ ਤੋਂ ਹਟਾਉਣ ਲਈ ਉਪਦੇਸ਼ ਵਾਸਤੇ ਵਰਤਦੇ ਹਨ।

(੯੩) ਜੂਆਂ ਤੋਂ ਡਰਦੇ ਕਪੜੇ ਨਹੀਂ ਪਾੜ ਸੁਟੀਦੇ ?

ਦੇਖੋ:—ਚੂਹਿਆਂ ਦੇ ਡਰੋਂ ਘਰ ਨਹੀਂ ਛਡ ਦੇਈਦੇ।

ਅੰਗ੍ਰੇਜ਼ੀ:—Forsake not the market for the toll.

(੯੪) ਜੂਠ ਝੂਠ ਤੇ ਪਲੇ ਕਪੂਤ।

ਭੈੜੇ ਬੰਦਿਆਂ ਦੇ ਭੈੜੇ ਕੰਮ ਵੇਖਕੇ ਕਿਹਾ ਜਾ ਸਕਦਾ ਹੈ।

(੯੫) ਜੂਠ ਮਾਰੇ ਜਾਂ ਝੂਠ ਮਾਰੇ।

ਜਦ ਕਿਸੇ ਨੂੰ ਕਿਸੇ ਇਕ ਦੇ ਆਸਰੇ ਹੋਣ ਤੋਂ

ਰੋਕਣਾ ਹੋਵੇ,ਤੇ ਜਾਂ ਝੂਠ ਤੋਂ ਹਟਾਉਣਾ ਹੋਵੇ,ਤਾਂ ਬੋਲਦੇ ਹਨ।

ਜੂਠ ਤੋਂ ਮੁਰਾਦ ਕਿਸੇ ਦੇ ਆਸਰੇ ਹੋਕੇ ਉਸਤੋਂ ਲੈਕੇ ਖਾਣਾ ਹੈ।

(੯੬) ਜੂਠਾ ਖਾਈਦਾ ਹੈ ਮਿਠੇ ਦੇ ਤ੍ਰਾਣ।

ਜਦ ਇਹ ਦਸਣਾ ਹੋਵੇ ਕਿ ਲਾਲਚ ਬਗੈਰ ਔਖਾ ਕੰਮ ਨਹੀਂ ਹੋ ਸਕਦਾ, ਤਦ ਕਹਿੰਦੇ ਹਨ।

(੯੭) ਜੇ ਸ਼ਹੁ ਆਖੇ ਫਿੱਟੇ ਮੂੰਹ ਤਾਂ ਮੈਂ ਜੀਵੀ।

ਆਪਣੇ ਪਤੀ ਵਲ ਪਿਆਰ ਦਸਣ ਲਈ ਤੀਵੀਆਂ ਵਰਤਦੀਆਂ ਹਨ। ਭਾਵ ਇਹ ਕਿ ਉਹ ਜੇ ਫਿਟੇ ਮੂੰਹ ਭੀ ਆਖੇ ਤਾਂ ਭੀ ਜਾਨ ਪੈਂਦੀ ਹੈ।

ਦੇਖੋ:--ਆਪਣਾ ਮਾਰੇਗਾ, ਤਦ ਭੀ ਛਾਵੇਂ ਸੁਟੇਗਾ।

(੯੮) ਜੇ ਸ਼ਹੁ ਭਾਵੇ, ਖੁਲ੍ਹੇ ਵਾਲ ਗਲੇ ਵਿਚ ਪਾਵੇ।

ਇਸਤ੍ਰੀਆਂ ਨੂੰ ਉਪਦੇਸ਼ ਹੈ ਕਿ ਜਿਦਾਂ ਭੀ ਸ਼ਹੁ ਨੂੰ ਚੰਗੀਆਂ ਲਗੋ, ਉਦਾਂ ਕਰੋ।

(੯੯) ਜੇਹੜਾ ਗੁੜ ਦਿਤਿਆਂ ਮਰੇ ਉਹਨੂੰ ਮਹੁਰਾ ਕਿਉਂ ਦੇਣਾ।

ਜਦ ਕਿਸੇ ਕੰਮ ਨੂੰ ਮੁਕਾਉਣ ਲਈ ਕੋਈ ਸੁਖਲੀ ਵਿਉਂਤ ਹੋ ਸਕੇ, ਪਰ ਕਰਨ ਵਾਲਾ ਕਿਸੇ ਡਾਢੇ ਔਖੇ ਢੰਗ ਨੂੰ ਵਰਤੇ, ਤਾਂ ਉਸਨੂੰ ਸਮਝਾਉਣ ਲਈ ਇਹ ਅਖਾਣ

ਵਰਤਦੇ ਹਨ ।

(੧੦੦) ਜੇਹੜਾ ਘਰ ਪਿਟੇ, ਓਹੋ ਘਰ ਲੁਟੇ ।

ਕਿਸੇ ਦੇ ਮਰਨੇ ਤੇ ਵਧੇਰੇ ਖਰਚ ਹੋਏ ਦੀਆਂ ਗਲ ਕਰਦੇ ਕਹਿ ਦੇਂਦੇ ਹਨ ।

ਦੇਖੋ:—ਜ਼ਰ ਭੀ ਗਿਆ ਤੇ ਜਾਰੀ ਭੀ ਗਈ ।

(੧੦੧) ਜੇਹੜਾ ਜਾਣੇ ਆਪ ਨੂੰ, ਉਹਦੇ ਜਾਣੀਏ ਮਾਈ ਬਾਪ ਨੂੰ ।

ਕਿਸੇ ਦੇ ਉਪਕਾਰ ਨੂੰ ਦੇਰ ਤਕ ਯਾਦ ਰਖਣ ਦਾ ਉਪਦੇਸ਼ ਇਹ ਅਖਾਣ ਪਾਕੇ ਦਿਤਾ ਜਾਂਦਾ ਹੈ ।

(੧੦੨) ਜੇਹੜਾ ਨ ਭਾਵੇ ਮੂੰਹ ਨੂੰ, ਸੋਈਓ ਭੈੜੀ ਸਹੁੰ ਨੂੰ ।

ਜਦ ਕੋਈ ਆਦਮੀ ਕਿਸੇ ਵਾਧੂ ਜਿਹੇ ਬੰਦੇ ਦੀ ਸਹੁੰ ਖਾਕੇ ਦੂਜੇ ਨੂੰ ਤਸਲੀ ਕਰਾਉਣਾ ਚਾਹੇ, ਤਦ ਉਹ ਅਗੋਂ ਇਹਅਖਾਣ ਪਾਕੇ ਸਹੁੰ ਨੂੰ ਬੇਅਰਥ ਜ਼ਾਹਰ ਕਰਦਾ ਹੈ । ਭਾਵ ਕਿਸੇ ਪਿਆਰੇ ਜੀ ਦੀ ਸਹੁੰ ਨਹੀਂ ਖਾਧੀ ਜਾਂਦੀ ।

(੧੦੩) ਜੇਹੜਾ ਬੋਲੇ ਓਹੋ ਕੁੰਡਾ ਖੋਲੇ ।

ਕਿਸੇ ਕੰਮ ਵਿਚ ਜੋ ਸਲਾਹ ਦਸਣ ਵਾਲੇ ਨੂੰ ਹੀ ਕੋਈ ਕੰਮ ਕਰਨ ਲਈ ਵੰਗਾਰ ਲੀਤਾ ਜਾਵੇ, ਤਾਂ ਉਹ ਕਹਿੰਦਾ ਹੈ ।

(੧੦੪) ਜੇਹੜੇ ਖਾਣਗੇ ਗਾਜਰਾਂ ਪੇਟ ਉਨ੍ਹਾਂ ਦੇ ਪੀੜ ।

ਜਦ ਇਹ ਕਹਿਣਾ ਹੋਵੇ ਕਿ ਜੇਹੜੇ ਮੰਦੇ ਕੰਮ ਕਰਨਗੇ, ਆਪੇ ਦੁਖ ਪਾਉਣਗੇ, ਤਾਂ ਕਹਿੰਦੇ ਹਨ।

ਦੇਖੋ:—ਆਪੇ ਹੀ ਮਰ ਜਾਣਗੇ, ਜੋ ਜੇਠ ਪੈਣਗੇ ਰਾਹ।

(੧੦੫) ਜੇਹੜੇ ਗੱਜਦੇ ਨੇ ਉਹ ਵੱਸਦੇ ਨਹੀਂ।

ਕੋਈ ਆਦਮੀ ਵਧ ਵਧਕੇ ਫੜਾਂ ਮਾਰੇ, ਤੇ ਵੇਲੇ ਸਿਰ ਕੁਝ ਨਾ ਸੁਆਰ ਸਕੇ, ਤਦ ਇਹ ਅਖਾਣ ਘਟਾਉਂਦੇ ਹਨ।

ਅੰਗ੍ਰੇਜ਼ੀ:—Barking dogs seldom bite.

(੧੦੬) ਜੇ ਹੋਣ ਸਿਰਜੋੜੇਉਨ੍ਹਾਂ ਨੂੰ ਮਾਰਨਥੋੜੇ।

ਦੇਖੋ:—ਇਕ ਇਕੱਲਾ ਤੇ ਦੋ ਯਾਰਾਂ।

(੧੦੭) ਜੇ ਹੋਵਣ ਦਿਨ ਪਧਰੇ, ਭੁੱਜੇ ਉੱਗਣ ਮੋਠ।

ਜਦ ਕਿਸੇ ਦਾ ਅਜੇਹਾ ਕੰਮ ਭੀ ਰਾਸ ਹੋ ਜਾਵੇ, ਜਿਸਦੀ ਕੋਈ ਉਮੈਦ ਨ ਹੋਵੇ, ਤਾਂ ਕਹਿੰਦੇ ਹਨ। ਭਾਵ ਕਿਸਮਤ ਵਲ ਹੋਵੇ, ਤਾਂ ਸਾੜਿਆ ਹੋਇਆ ਬੀਜ ਭੀ ਉਗ ਪੈਂਦਾ ਹੈ।

(੧੦੮) ਜੇ ਖਤਰੀ ਸਿਰ ਘਟਾ ਪਾਵੇ ਤਦ ਭੀ ਖਤਰੀ ਖਟ ਘਰ ਆਵੇ।

ਦੇਖੋ:—ਖਖੇ ਤਤੇ ਰਾਰਿਓਂ ਭਾਰ।

(੧੦੯) ਜੇਠ ਹਾੜ ਕੁਛੀਂ, ਤੇ ਸੌਣ ਭਾਦਰੋਂ ਰੁਖੀਂ।

ਮੌਸਮ ਬਾਬਤ ਅਖਾਣ ਹੈ ਕਿ ਜੇਠ ਹਾੜ ਵਿਚ ਲੋ ਤੋਂ ਬਚਕੇ ਬੰਦ ਕਮਰੇ ਵਿਚ ਦੁਪੈਹਰ ਕਟੋ, ਪਰ ਸਾਉਣ ਭਾਦੋਂ ਵਿਚ ਰੁਖਾਂ ਹੇਠ ਬੈਠਣਾ ਸੁਖਕਾਰੀ ਹੁੰਦਾ ਹੈ । ਭਾਵ ਵੇਲੇ ਵੇਲੇ ਸਿਰ ਦੋਵੇਂ ਥਾਂ ਚੰਗੇ ਹਨ।

(੧੧੦) ਜੇਡਾ ਸੱਪ ਲੰਮਾ ਤਿਹੀ ਗੋਹ ਚੌੜੀ।

ਜਦ ਕਿਸੇ ਚੀਜ਼ ਵਿਚ ਇਕ ਗੁਣ ਹੋਵੇ, ਤੇ ਉਸਦੇ ਟਾਕਰੇ ਵਿਚ ਕੋਈ ਹੋਰ ਗੁਣ ਪਰ ਲਾਭ ਦੁਹਾਂ ਦਾ ਇਕੋ ਜਿਹਾ ਹੋਵੇ, ਤਦ ਵਰਤਦੇ ਹਨ।

(੧੧੧) ਜੇ ਧਨ ਜਾਂਦਾ ਦੇਖੀਏ ਅਧਾ ਦੇਈਏ ਵੰਡ ।

ਦੇਖੋ:—ਸਾਰਾ ਜਾਂਦਾ ਦੇਖਕੇ ਅਧਾ ਦੇਈਏ ਲੁਟਾ, (ਵੰਡ)।

(੧੧੨) ਜੈਸੀ ਕਰੇ ਪਿਉ, ਤੈਸੀ ਨ ਕਰੇ ਘਿਉ।

ਭਾਵ ਪਿਉ ਦਾ ਸੁਕਾ ਪਿਆਰ ਭੀ ਘਿਉ ਖਾਣ ਨਾਲੋਂ ਵਧੀਕ ਲਾਭਦਾਇਕ ਹੁੰਦਾ ਹੈ।

(੧੧੩) ਜੋਗੀ ਭੁਲਾ ਦੂਣਾ ਲਾਹ ।

ਅਰਥ ਇਹ ਹੈ ਕਿ ਜੇ ਕੋਈ ਜੋਗੀ ਮਾਲਾ ਫੇਰਦਾ ੨ ਭੁਲ ਜਾਵੇ, ਤਾਂ ਚੰਗਾ ਹੀ ਹੈ, ਕਿਉਂਕਿ ਦੋ ਚਾਰ ਵੇਰੀ ਵਧ ਰਾਮ ਦਾ ਨਾਮ ਲਿਆ ਜਾਊ, ਜਦ ਕਿਸੇ ਨੁਕਸਾਨ ਤੋਂ ਭੀ ਉਲਟਾ ਕੋਈ ਫੈਦਾ ਹੋ ਜਾਵੇ, ਤਾਂ ਕਹਿੰਦੇ ਹਨ।

(੧੧੪) ਜੋਗੀ ਜੋਗੀ ਲੜੇ ਤੇ ਖੱਪਰ ਦਾ ਨੁਕਸਾਨ ।

ਜਦ ਦੋ ਆਦਮੀਆਂ ਦੇ ਜਿਦਾਂ ਪੂਰੀਆਂ ਕਰਨ ਵਿਚ ਨੁਕਸਾਨ ਕਿਸੇ ਲਾਂਭੇ ਦੇ ਨੂੰ ਅਪੜ ਜਾਵੇ, ਤਦ ਇਹ ਅਖਾਣ ਆਖੀਦਾ ਹੈ।

ਅੰਗ੍ਰੇਜ਼ੀ:—'Where buffaloes bight, the plantation is ruined.

(੧੧੫) ਜੋਗੋਂ ਰਲੀ ਜੋਗ, ਇਕ ਨੂੰ ਗਿਲ੍ੜ ਦੂਜੀ ਨੂੰ ਪਾਨਾਂ ਰੋਗ ।

ਜਦ ਇਕੋ ਜਿਹੇ ਭੈੜੇ ਜਾਂ ਕਿਸੇ ਨੁਕਸ ਵਾਲੇ ਦੋ ਜਣੇ ਸੰਜੋਗ ਨਾਲ ਕਠੇ ਹੋ ਜਾਣ, ਤਾਂ ਕਹਿੰਦੇ ਹਨ।

(੧੧੬) ਜੋ ਡਿਠਾ, ਸੋਈਓ ਮਿਠਾ ।

ਕਿਸੇ ਦਿਲ ਛਡੂ ਆਦਮੀ ਵਾਸਤੇ ਬੋਲਿਆ ਜਾਂਦਾ ਹੈ ਕਿ ਇਥੇ ਜਿਥੇ ਜਰਾ ਸੁਖ ਦੇਖਦਾ ਹੈ, ਉਥੇ ਹੀ ਵਿਛ ਜਾਂਦਾ ਹੈ। ਉਸਦਾ ਚੰਗਾ ਬੁਰਾ ਫਲ ਭੀ ਨਹੀਂ ਵਿਚਾਰਦਾ।

ਹੋਰ ਦੇਖੋ:—ਜਿਥੇ ਵੇਖਾਂ ਤਵਾਂ ਪਰਾਤ।

(੧੧੭) ਜੋਰਾਵਰਾਂ ਦਾ ਸੱਤੀਂ ਵੀਹੀ ਸੌ ।

ਜਦ ਕੋਈ ਡਾਢਾ ਆਦਮੀ ਕਿਸੇ ਉਤੇਕੋਈ ਜ਼ੁਲਮ ਕਰੇ, ਤਾਂ ਕਹਿੰਦੇ ਹਨ। ਭਾਵ ਦੁਨੀਆਂ ਪੰਜਾ ਵੀਹਾਂ ਦਾ ਸੌ ਗਿਣਦੀ ਹੈ, ਪਰ ਜੋਰਾਵਰ ਦਾ ਸਤ ਵੀਹਾਂ ਦਾ ਸੋ ਬਣਦਾ ਹੈ।

(੧੧੮) **ਜ਼ੋਰਾਵਰ ਨਾਲ ਭਿਆਲੀ, ਓਹ ਮੰਗੇ ਹਿਸਾ ਉਹ ਕਢੇ ਗਾਲੀ।**

ਜਦ ਕਿਸੇ ਤੋਂ ਕੁਝ ਲੈਣਾ ਹੋਵੇ, ਤੇ ਉਹ ਉਲਟਾ ਅਗੋਂ ਖਾਣ ਨੂੰ ਪਵੇ, ਤਾਂ ਕਹਿੰਦੇ ਹਨ।

(੧੧੯) **ਜ਼ੋਰਾਵਰ ਮਾਰੇ ਭੀ ਤੇ ਰੋਣ ਭੀ ਨਾ ਦੇਵੇ।**

ਵੇਖੋ:—ਡਾਢਾ ਮਾਰੇ......

(੧੨੦) **ਜੋੜ ਗਏ ਸੋ ਰੋੜ੍ਹ ਗਏ, ਖਾ ਗਏ ਰੰਗ ਲਾ ਗਏ। ਜਾਂ**

(੧੨੧) **ਜੋੜ ਜੋੜ ਮਰ ਜਾਣਗੇ ਮਾਲ ਜਵਾਈ ਖਾਣਗੇ।**

ਕਿਸੇ ਕੰਜੂਸ ਨੂੰ ਵੇਖਕੇ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Hording is nothing but taking pains for others.

(੧੨੨) **ਜੋੜੀਆਂ ਜਗ ਥੋੜੀਆਂ ਤੇ ਨਰੜ ਬਥੇਰੇ।**

ਜਦ ਵਿਆਹ ਤੋਂ ਪਿਛੋਂ ਕਿਸੇ ਜੋੜੀ ਦੀ ਚੰਗੀ ਬਣੀ ਦਿਸੇ, ਜਾਂ ਝਗੜਾ ਹੀ ਹੁੰਦਾ ਰਹੇ, ਤਾਂ ਕਹਿੰਦੇ ਹਨ। ਭਾਵ ਮੀਜਾ ਵਾਲੇ ਘਰ ਬੜੇ ਘਟ ਹਨ, ਬਹੁਤ ਸਾਰੇ ਤਾਂ ਬਦੋ ਬਦੀ ਫੜਕੇ ਜੁਟ ਕੀਤੇ ਹੋਏ ਹਨ।

(੧੧੪) ਜੋਗੀ ਜੋਗੀ ਲੜੇ ਤੇ ਖੱਪਰ ਦਾ ਨੁਕਸਾਨ ।

ਜਦ ਦੋ ਆਦਮੀਆਂ ਦੇ ਜਿਦਾਂ ਪੂਰੀਆਂ ਕਰਨ ਵਿਚ ਨੁਕਸਾਨ ਕਿਸੇ ਲਾਂਭੇ ਦੇ ਨੂੰ ਅਪੜ ਜਾਵੇ, ਤਦ ਇਹ ਅਖਾਣ ਆਖੀਦਾ ਹੈ।

ਅੰਗ੍ਰੇਜ਼ੀ:–'Where buffaloes bight, the plantation is ruined.

(੧੧੫) ਜੋਗੋਂ ਰਲੀ ਜੋਗ, ਇਕ ਨੂੰ ਗਿਲ੍ਹੜ ਦੂਜੀ ਨੂੰ ਪਾਨਾਂ ਰੋਗ ।

ਜਦ ਇਕੋ ਜਿਹੇ ਭੈੜੇ ਜਾਂ ਕਿਸੇ ਨੁਕਸ ਵਾਲੇ ਦੋ ਜਣੇ ਸੰਜੋਗ ਨਾਲ ਕਠੇ ਹੋ ਜਾਣ, ਤਾਂ ਕਹਿੰਦੇ ਹਨ।

(੧੧੬) ਜੋ ਡਿਠਾ, ਸੋਈਓ ਮਿਠਾ ।

ਕਿਸੇ ਦਿਲ ਛਡੂ ਆਦਮੀ ਵਾਸਤੇ ਬੋਲਿਆ ਜਾਂਦਾ ਹੈ ਕਿ ਇਥੇ ਜਿਥੇ ਜਰਾ ਸੁਖ ਦੇਖਦਾ ਹੈ, ਉਥੇ ਹੀ ਵਿਛ ਜਾਂਦਾ ਹੈ। ਉਸਦਾ ਚੰਗਾ ਬੁਰਾ ਫਲ ਭੀ ਨਹੀਂ ਵਿਚਾਰਦਾ।

ਹੋਰ ਦੇਖੋ:–ਜਿਥੇ ਵੇਖਾਂ ਤਵਾਂ ਪਰਾਤ।

(੧੧੭) ਜੋਰਾਵਰਾਂ ਦਾ ਸੱਤੀਂ ਵੀਹੀ ਸੌ।

ਜਦ ਕੋਈ ਡਾਢਾ ਆਦਮੀ ਕਿਸੇ ਉਤੇ ਕੋਈ ਜ਼ੁਲਮ ਕਰੇ, ਤਾਂ ਕਹਿੰਦੇ ਹਨ। ਭਾਵ ਦੁਨੀਆਂ ਪੰਜਾ ਵੀਹਾਂ ਦਾ ਸੌ ਗਿਣਦੀ ਹੈ, ਪਰ ਜੋਰਾਵਰ ਦਾ ਸਤ ਵੀਹਾਂ ਦਾ ਸੌ ਬਣਦਾ ਹੈ।

(੧੧੮) **ਜ਼ੋਰਾਵਰ ਨਾਲ ਭਿਆਲੀ, ਓਹ ਮੰਗੇ ਹਿਸਾ ਉਹ ਕਢੇ ਗਾਲੀ।**

ਜਦ ਕਿਸੇ ਤੋਂ ਕੁਝ ਲੈਣਾ ਹੋਵੇ, ਤੇ ਉਹ ਉਲਟਾ ਅਗੋਂ ਖਾਣ ਨੂੰ ਪਵੇ, ਤਾਂ ਕਹਿੰਦੇ ਹਨ।

(੧੧੯) **ਜ਼ੋਰਾਵਰ ਮਾਰੇ ਭੀ ਤੇ ਰੋਣ ਭੀ ਨਾ ਦੇਵੇ।**

ਵੇਖੋ:—ਡਾਢਾ ਮਾਰੇ......

(੧੨੦) **ਜੋੜ ਗਏ ਸੋ ਰੋੜ੍ਹ ਗਏ, ਖਾ ਗਏ ਰੰਗ ਲਾ ਗਏ । ਜਾਂ**

(੧੨੧) **ਜੋੜ ਜੋੜ ਮਰ ਜਾਣਗੇ ਮਾਲ ਜਵਾਈ ਖਾਣਗੇ ।**

ਕਿਸੇ ਕੰਜੂਸ ਨੂੰ ਵੇਖਕੇ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Hording is nothing but taking pains for others.

(੧੨੨) **ਜੋੜੀਆਂ ਜਗ ਥੋੜੀਆਂ ਤੇ ਨਰੜ ਬਥੇਰੇ ।**

ਜਦ ਵਿਆਹ ਤੋਂ ਪਿਛੋਂ ਕਿਸੇ ਜੋੜੀ ਦੀ ਚੰਗੀ ਬਣੀ ਦਿਸੇ, ਜਾਂ ਝਗੜਾ ਹੀ ਹੁੰਦਾ ਰਹੇ, ਤਾਂ ਕਹਿੰਦੇ ਹਨ । ਭਾਵ ਮੀਜ਼ਾ ਵਾਲੇ ਘਰ ਬੜੇ ਘਟ ਹਨ, ਬਹੁਤ ਸਾਰੇ ਤਾਂ ਬਦੋ ਬਦੀ ਫੜਕੇ ਜੁਟ ਕੀਤੇ ਹੋਏ ਹਨ।

(੧੨੩) ਜੌਂ ਲਿਛਕੇ ਤੇ ਯਾਰ ਖਿਸਕੇ ।

ਜੋ ਆਦਮੀ ਆਪਣਾ ਮਤਲਬ ਕਢਕੇ ਫਿਰ ਪਰਵਾਹ ਹੀ ਨਾ ਕਰੇ, ਤਾਂ ਉਸ ਉਪਰ ਘਟਾਉਂਦੇ ਹਨ।

ਹੋਰ ਵੇਖੋ:—ਪਹਾੜੀ ਮਿਤ ਕਿਸਕੇ.........

(੧੨੪) ਜੌਂ ਜੁਆਰੀ ਕੱਪੜਾ ਡਿਠੇ ਉੱਤੇ ਭਾ।

ਸਿਖਿਆ ਹੈ ਕਿ ਇਹ ਚੀਜ਼ਾਂ ਦਾ ਠੀਕ ਮੁਲ ਅੱਖੀਂ ਵੇਖਕੇ ਹੀ ਪਾਇਆ ਜਾ ਸਕਦਾ ਹੈ।

(੧੨੫) ਜੰਗਲ ਗਏ ਨ ਬਹੁੜਦੇ ਜੋਗੀ ਤੇ ਦਰਵੇਸ਼ । ਜਾਂ ਜੰਗਲ ਗਏ ਬਹੁੜਦੇ ਜੋਗੀ ਕਿਸ ਦੇ ਮਿਤ ।

ਜਦ ਕਿਸੇ ਨਾਲ ਇਕਰਾਰ ਕਰਕੇ ਗਿਆ ਕੋਈ ਮਿਤ੍ਰ ਨਾ ਮੁੜੇ, ਤਾਂ ਉਸਦੇ ਧੋਖਾ ਦੇ ਜਾਣ ਪੁਰ ਕਹਿੰਦੇ ਹਨ।

(੧੨੬) ਜੰਵ ਕੁਪੱਤੀ ਸੁਥਰਾ ਭਲਾ ਮਾਨਸ।

ਜਦ ਕੋਈ ਭੈੜਾ ਆਦਮੀ ਚੰਗਿਆਂ ਦੀ ਨਿੰਦਾ ਕਰਦਾ ਦਿਸੇ, ਤਾਂ ਉਸ ਪੁਰ ਇਹ ਅਖਾਣ ਘਟਾਉਂਦੇ ਹਨ।

(੧੨੭) ਜੰਵ ਪਰਾਈ ਅਹਿਮਕ ਨੱਚੇ ।

ਜਦ ਕਿਸੇ ਦੂਸਰੇ ਦੀ ਖੁਸ਼ੀ ਉਪਰ ਹੋਰ ਹੀ ਕੋਈ ਟਪਦਾ ਫਿਰੇ, ਤਾਂ ਕਹਿੰਦੇ ਹਨ।

(੧੨੮) ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ।

ਕਿਸੇ ਬਾਲ ਨੂੰ ਕੋਈ ਖਾਸ ਗੁਣ ਵਿਖਾਉਂਦਿਆਂ ਵੇਖ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Coming events cast their shadows before.

ਫਾਰਸੀ:—ਆਸਾਰੇ ਸ਼ੁਦਨੀ ਪੇਸ਼ਤਰ ਹਵੈਦਾ ਸ਼ੁਦ।

ਹਿੰਦੀ--ਹੋਣਹਾਰ ਬਿਰਵਾ ਦੇ ਚਿਕਨੇ ਚਿਕਨੇ ਪਾਤ।

(੧੨੯) ਜੰਮੀ ਜਾਈ ਤੇ ਗੜਿਆਂ ਦੀ ਮਾਰ।

ਜਦ ਕਿਸੇ ਆਦਮੀ ਦਾ ਕੋਈ ਕੰਮ ਬਿਲਕੁਲ ਅਖੀਰ ਤੇ ਆਕੇ ਖਰਾਬ ਹੋ ਜਾਵੇ, ਤਾਂ ਉਸ ਨਾਲ ਅਫਸੋਸ ਕਰਨ ਵੇਲੇ ਕਹਿੰਦੇ ਹਨ।

(੧੩੦) ਜੰਮੇ ਲਾਲ ਤੇ ਵੰਡੇ ਕੋਲੇ।

ਕਿਸੇ ਹਦ ਦਰਜੇ ਦੇ ਨਾਲਾਇਕ ਦੀ ਕਰਤੂਤ ਵੇਖਕੇ ਕਿਹਾ ਜਾਂਦਾ ਹੈ। ਭਾਵ ਲਾਲ ਵਰਗੀ ਕੀਮਤੀ ਔਲਾਦ ਦੇ ਜੰਮਿਆਂ ਜਿਸਤਰ੍ਹਾਂ ਕੋਲੇ ਵੰਡਣੇ ਅਸ਼ੁਭ ਹੁੰਦੇ ਹਨ, ਇਸੇਤਰ੍ਹਾਂ ਤੇਰੇ ਪਾਸੋਂ ਐਸਾ ਕੰਮ ਹੋਣਾ ਠੀਕ ਨਹੀਂ ?

ਹਿੰਦੀ

*****
* ਝ *
* *
*****

(੧) ਝਾੜਿਆ ਝੰਬਿਆ ਭੂਰਾ, ਜਿਉਂ ਕਾ ਤਿਉਂ।

ਜਦ ਕਿਸੇ ਪਾਸੋਂ ਹੌਲਾ ਕੰਮ ਲਿਆ ਜਾਵੇ, ਤੇ ਉਹ ਚੌੜ ਚਿਘੜ ਨਾ ਕਰੇ, ਤਦ ਵਰਤੀਦਾ ਹੈ। ਭਾਵ ਭੂਰੇ ਵਾਂਗ ਮਿਟੀ ਘਟੇ ਦੀ ਪਰਵਾਹ ਨਹੀਂ ਕਰਦਾ।

(੨) ਝੂਠੇ ਦਾ ਦਾਰੂ, ਅਈਂ ਅਈਂ।

ਜਦ ਕਿਸੇ ,ਆਦਮੀ ਤੇ ਝੂਠੇ ਹੋਣ ਦਾ ਸ਼ਕ ਕੀਤਾ ਕੀਤਾ ਜਾਵੇ, ਉਸਨੂੰ ਆਪਣੀ ਸਚਾਈ ਜਾਹਰ ਕਰਨ ਵਾਸਤੇ ਕੋਈ ਗੱਲ ਨਾ ਅਹੁੜੇ, ਤਦ ਵਰਤਦੇ ਹਨ।

(੩) ਝੂਠ ਚਾਹੇ ਭੇਸ, ਸਚ ਕਹੇ ਮੈਂ ਨੰਗਾ ਭਲਾ।

ਜਦ ਇਹ ਦਸਣਾ ਹੋਵੇ ਕਿ ਝੂਠੀ ਗੱਲ ਲਈ ਕਈ ਬਹਾਨੇ ਚਾਹੀਦੇ ਨੇ, ਤੇ ਸਚੀ ਹਰ ਕੋਈ ਸਿਧੀ ਹੀ ਕਹਿ ਦੇਂਦਾ ਹੈ, ਤਾਂ ਕਹਿੰਦੇ ਹਨ।

ਫਾਰਸੀ:—ਮਕਰ ਬਲਿਬਾਸ ਰਾਸਤੀ ਉਰੀਆਂ।

ਅੰਗ੍ਰੇਜ਼ੀ:—Craft must have clothes but truth loves to go naked.

(੪) ਝੂਠੇ ਦੇ ਪੈਰ ਨਹੀਂ ਹੁੰਦੇ।

ਕਿਸੇ ਝੂਠੇ ਆਦਮੀ ਨੂੰ ਮਿੰਟ ੨ ਪਿਛੋਂ ਆਪਣੀ ਗਲ ਬਦਲਦਾ ਵੇਖਕੇ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Lie has no legs.

*****
* ਟ *
* *
*****

(੧) ਟਕੇ ਸਹਿਆ ਮਹਿੰਗਾ ਤੇ ਰੁਪੱਯੇ ਸਹਿਆ ਸਸਤਾ ।

ਜਦ ਕੋਈ ਚੀਜ਼ ਥੋੜੇ ਜਿਹੇ ਖਰਚ ਨਾਲ ਮਿਲਦੀ ਹੋਵੇ, ਤੇ ਲੈਣ ਵਾਲਾ ਫਿਰ ਭੀ ਨਾਂਹ ਕਰ ਦੇਵੇ, ਤਦ ਇਹ ਅਖ਼ਾਣ ਬੋਲਦਾ ਹੈ । ਭਾਵ ਜਦ ਚੰਗੇ ਦਿਨ ਹੋਣਗੇ ਤਾਂ ਵਧੀਕ ਲਾਗਤ ਤੋਂ ਲਵਾਂਗੇ, ਪਰ ਇਸ ਵੇਲੇ ਥੋੜੀ ਲਾਗਤ ਨਾਲ ਭੀ ਤਕਲੀਫ ਹੋਵੇਗੀ।

(੨) ਟੱਟੂਆ ਖਾ ਗਿਆ ਬਟੂਆ, ਫਿਰ ਟੱਟੂਏ ਦਾ ਟਟੂਆ ।

ਟੱਟੂ ਉਤੋਂ ਇਹ ਅਖਾਣ ਬਣਿਆ ਹੈ। ਭਾਵ ਕਿੰਨਾ ਖਰਚ ਕਰੀ ਜਾਉ, ਇਸਦੀ ਹਾਲਤ ਨਹੀਂ ਵਟੇਗੀ ।

(੩) ਟੱਟੂ ਭਾੜੇ ਕਰਨਾ ਹੈ ਤਾਂ ਕੁੜਮਾਂ ਦਾ ਹੀ ਕਰਨਾ ਹੈ ?

ਜਦ ਕੋਈ ਚੀਜ ਬਦਲਾ ਦੇਕੇ ਲੈਣੀ ਪਏ, ਤਦ ਕਿਹਾ ਜਾਂਦਾ ਹੈ। ਭਾਵ ਸਾਕ ਅੰਗ ਦੀ ਮੁਹਤਾਜੀ ਕੀ ? ਜਦ ਕੋਈ ਨਿਜ ਦਾ ਆਦਮੀ ਕੰਮ ਸੁਆਰਕੇ ਬਦਲਾ ਮੰਗੇ, ਤਦ ਭੀ ਇਹੋ ਅਖਾਣ ਵਰਤੀਦਾ ਹੈ ।

(੪) ਟਾਹਲੀ ਤਿੰਨੇ ਪਤ, ਜਾਂ ਸਹੇਦੀਆਂ ਤਿੰਨੇ ਟੰਗਾਂ।

ਜਦ ਕੋਈ ਆਦਮੀ ਐਸੀ ਜ਼ਿਦ ਕਰ ਬਹੇ ਕਿ ਕਿਸੇ ਦੇ ਭੀ ਸਮਝਾਇਆਂ ਨਾ ਟਲੇ, ਤਦ ਵਰਤਦੇ ਹਨ।

(੫) ਟਿੰਡ ਦਾਣੇ, ਘਰਾਂਟੀਂ ਸਾਈਆਂ।

ਵੇਖੋ:—ਦਾਣੇ ਮੁਰਲੀ ਦੇ ਹਥ ਘੁੱਗੂ ਨੂੰ।

(੬) ਟਿੰਡ ਵਿਚ ਕਾਨਾ ਪਾ ਛਡਣਾ।

ਜਦ ਕੋਈ ਆਦਮੀ ਜਰਾ ਜਿੰਨਾ ਅੜਿੱਕਾ ਪਾਕੇ ਕੰਮ ਅਟਕਾ ਛਡੇ, ਤਦ ਵਰਤਦੇ ਹਨ। ਭਾਵ ਟਿੰਡ ਤੋਂ ਭੀ ਕੰਮ ਨਾ ਲਿਆ ਜਾ ਸਕੇ।

(੭) ਟਿੰਡਾਂ ਪਥ ਨ ਜਾਣਦਾ ਮੇਰਾ ਮਘੀਆਂ ਦਾ ਉਸਤਾਦ।

ਕਿਸੇ ਆਦਮੀ ਨੂੰ ਆਉਂਦਾ ਜਾਂਦਾ ਤਾਂ ਕੁਝ ਨ ਹੋਵੇ, ਪਰ ਉਂਞ ਸਿਆਣਾ ਬਣ ੨ ਕੇ ਦੂਜਿਆਂ ਦੇ ਐਬ ਛਾਂਟੇ, ਤਦ ਵਰਤਦੇ ਹਨ।

ਅੰਗ੍ਰੇਜ਼ੀ:—He who cannot ride a mad horse must not back a mad colt.

ਹਿੰਦੀ—:ਬਿਛੂਏ ਕਾ ਮੰਤਰ ਨਾ ਜਾਨੇ, ਡਾਲੇ ਸਾਂਪ ਕੋ ਹਾਥ।

(੮) ਟੁਕਰ ਖਾਧੇ ਦਿਨ ਵਲਾਏ, ਕਪੜੇ ਪਾਟੇ ਘਰ ਨੂੰ ਆਏ।

ਜਦ ਕੋਈ ਆਦਮੀ ਪਰਦੇਸ ਜਾਂ ਕਿਸੇ ਸਾਕ ਅੰਗ ਪਾਸ ਜਾਕੇ ਪਰਾਪਤ ਕੁਝ ਨਾ ਕਰ ਸਕੇ, ਤਾਂ ਆਉਂਦੇ ਨੂੰ

ਇਹ ਅਖਾਣ ਪਾਕੇ ਮੇਹਣਾ ਮਾਰਿਆ ਜਾਂਦਾ ਹੈ । ਜਾਂ ਉਹ ਆਪ ਹੀ ਉਸ ਸਜਣ ਦੀ ਬੇਪਰਵਾਰੀ ਦੀ ਸ਼ਕਾਇਤ ਇਸ ਅਖਾਣ ਨਾਲ ਕਰਦਾ ਹੈ ।

(੯) ਟੁੱਟੇ ਫੁਟੇ ਨ ਮਿਲਣਕੁਲ ਕੰਚਨ ਦੀ ਰੀਤ।

ਟੁੱਟੇ ਫੁੱਟੇ ਨਾ ਮਿਲਣ,ਕੁਲ ਕੰਚਨ ਦੀ ਰੀਤ । ਇਹ ਬੁਧਿ-ਮਤਾ ਦਾ ਵਾਕ ਹੈ। ਭਾਵ ਕੁਲ ਅਤੇ ਸੋਨਾ ਟੁਟ ਫੁਟਕੇ ਫੇਰ ਪਹਿਲੇ ਜਿਹਾ ਨਹੀਂ ਹੁੰਦਾ ।

(੧੦) ਟੁੱਟੇ ਰਾਸ ਨ ਆਉਂਦੇ ਗੰਢ ਗੰਢੀਲੇ ਹੋਇ ।

ਜਦ ਦੋ ਨਿਖੜੇ ਹੋਏ ਮਿਤ੍ਰਾਂ ਦਾ ਸਮਝੌਤਾ ਕਰਾ ਦਿਤੀ ਜਾਵੇ, ਪਰ ਥੋੜੇ ਚਿਰ ਪਿਛੋਂ ਉਹ ਫਿਰ ਉਸੇਤਰ੍ਹਾਂ ਲੜ ਪੈਣ, ਤਦ ਇਹ ਅਖਾਣ ਵਰਤੀਦਾ ਹੈ।

(੧੧) ਟੁੰਡੀਂ ਬਾਂਹ ਤੇ ਚੂੜੀ ਦਾ ਚਾ।

ਵੇਖੋ:—ਅੰਨ੍ਹੇ ਦੀ ਰੀਝ ਗੁਲੇਲ ਉਤੇ ।

(੧੨) ਟੂਣੂਆਂ ਗਿਆ ਪੱਤਾਂ ਨੂੰ, ਨ ਪਤ ਆਏ ਨ. ਟੂਣੂਆਂ ।

ਜਦ ਕੋਈ ਨਿਕਾਰਾ ਆਦਮੀ ਕਿਸੇ ਕੰਮ ਗਿਆ ਆਪ ਹੀ ਗਿਆ ਗਵਾਤਾ ਹੋ ਜਾਵੇ, ਤਾਂ ਕਹਿੰਦੇ ਹਨ।

‘ਹਿੰਦੀ’

*****
* ਠ *
* *
*****

(੧) ਠਠਿਆਰਾਂ ਦੀ ਗਾਗਰ ਚੋਂਦੀ।

ਆਪਣੇ ਘਰ ਦਾ ਕੰਮ ਸਮਝਕੇ ਕਈ ਵੇਰ ਦਲਿਦਰ ਹੋ ਜਾਂਦਾ ਹੈ। ਜਿਵੇਂ ਦਰਜੀਆਂ ਦੇ ਕਪੜੇ ਪਾਟੇ, ਤੇ ਤਰਖਾਣਾਂ ਦੇ ਮੰਜੇ ਹਮੇਸ਼ਾ ਟੁੱਟੇ ਹੀ ਰਹਿੰਦੇ ਹਨ।

ਇਸੇਤਰ੍ਹਾਂ ਦੇ ਕਿਸੇ ਸਮੇਂ ਉਤੇ ਇਹ ਅਖਾਣ ਵਰਤ ਲਈਦਾ ਹੈ। ਨਹੀਂ ਤੇ ਹੋਰ ਅਜਿਹਾ ਬਣਾ ਲਈਦਾ ਹੈ।

(੨) ਠੰਡੇ ਦੁਧ ਨੂੰ ਫੂਕਾਂ ਮਾਰਨਾ।

ਜਦ ਕੋਈ ਬੇ-ਲੋੜੀਆਂ ਹੁਜਤਾਂ ਕਰੇ, ਤਾਂ ਵਰਤਦੇ ਹਨ।

******
* ਹਿੰਦੀ *
* *
******

*****
* ਡ *
* *
*****

(੧) ਡੱਡਾਂ ਦੀ ਪੰਸੇਰੀ, ਕਦੀ ਇਕ ਤੇ ਕਦੀ ਢੇਰੀ।

ਕੋਈ ਆਦਮੀ ਮਨ ਮਰਜੀ ਦੀਆਂ ਬੇਪਰਵਾਹੀਆਂ ਬੇ-ਤੁਕੀਆਂ, ਤੇ ਬੇ-ਹਿਸਾਬੀਆਂ ਗੱਲਾਂ ਕਰੇ, ਤਾਂ ਬੋਲਦੇ ਹਨ।

(੨) ਡਾਢਾ ਮਾਰੇ ਤੇ ਰੋਣ ਵੀ ਨਾ ਦੇਵੇ।

ਕਿਸੇ ਡਾਢੇ ਦਾ ਜੋਰ ਦਸਣ ਲਈ ਵਰਤਦੇ ਹਨ ਕਿ ਦੁਖ ਭੀ ਦੇਂਦਾ ਹੈ, ਤੇ ਫੇਰ ਫਰਯਾਦ ਕਰਨ ਤੋਂ ਭੀ ਰੋਕਦਾ ਹੈ।

(੩) ਡਾਢੇ ਦਾ ਸੱਤੀਂ ਵੀਹੀਂ ਸੌ।

ਦੇਖੋ:—ਜੋਰਾਵਰ ਦਾ ਸੱਤੀਂ ਵੀਹੀਂ ਸੌ।

(੪) ਡਿਗ ੨ ਕੇ ਹੀ ਸਵਾਰ ਹੋਈਦਾ ਏ।

ਜਦ ਇਹ ਦਸਣਾ ਹੋਵੇ ਕਿ ਹਰ ਕੰਮ ਨੂੰ ਸਿਖਣ ਲਈ ਪਹਿਲਾਂ ਤਕਲੀਫ ਉਠਾਉਣੀ ਪੈਂਦੀ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—You must spoil before you spin.

(੫) ਡਿਗੀ ਖੋਤੇ ਤੋਂ ਗੁਸਾ ਘੁਮਿਆਰ ਤੇ।

ਇਕ ਆਦਮੀ ਦਾ ਨੁਕਸਾਨ ਤਾਂ ਕੋਈ ਹੋਰ ਕਰੇ, ਪਰ

ਉਹ ਗੁੱਸਾ ਹੋਰ ਉੱਤੇ ਕਰੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Since he cannot revenge on the ass he falls upon the pack saddle.

(੬) ਡੁਬੀ ਤਦੇ ਜੇ ਸਾਹ ਨ ਆਇਆ।

ਜਦ ਕੋਈ ਨੁਕਸਾਨ ਹੋ ਜਾਵੇ, ਤਦ ਵਰਤਦੇ ਹਨ। ਭਾਵ ਉਸ ਵੇਲੇ ਡੁਬੀ, ਜਦ ਸਾਹ ਆਉਣੋਂ ਹਟ ਚੁਕਾ ਸੀ। ਅਰਥਾਤ ਜੇ ਕੋਈ ਵਾਹ ਲਾਉਣ ਦਾ ਰਸਤਾ ਹੁੰਦਾ, ਤਦ ਇਹ ਨੁਕਸਾਨ ਕਿਉਂ ਹੁੰਦਾ ?

(੭) ਡੁਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ।

ਜਦ ਕੋਈ ਕੰਮ ਅਜੇਹਾ ਖਰਾਬ ਹੋਵੇ ਕਿ ਉਹ ਸੁਖਲਾ ਹੀ ਠੀਕ ਕੀਤਾ ਜਾ ਸਕੇ, ਜਾਂ ਅਜੇ ਕਿਸੇ ਭੁਲ ਤੋਂ ਸੰਭਲਣ ਦਾ ਵੇਲਾ ਹਥ ਵਿਚ ਹੋਵੇ,ਤਾਂ ਸਮਝਾਉਣ ਲਈ ਵਰਤਦੇ ਹਨ।

(੮) ਡੂਮਣੀ ਦੀ ਨਥ, ਕਦੇ ਨਕ ਕਦੇ ਹਥ।

ਦੇਖੋ:—ਹੋਛੇ ਜਟ ਕਟੋਰਾ ਲਭਾ ਪਾਣੀ ਪੀ ਪੀ ਆਫਰਿਆ।

(੯) ਡੂਮਾਂ ਦੇ ਘਰ ਸੋਹਿਲੇ ਮਨ ਆਏ ਸੋ ਗਾਉਣ।

ਕੋਈ ਆਦਮੀ ਆਪਣੇ ਹਥਾਂ ਦੇ ਹੁਨਰ ਨਾਲ ਆਪਣਾ ਕੰਮ ਸੁਆਰ ਰਿਹਾ ਹੋਵੇ, ਤਾਂ ਵਰਤਦੇ ਹਨ। ਭਾਵ ਇਹ ਗਲ ਕਿਤੋਂ ਮੁਲ ਥੋੜੀ ਲਿਆਉਣੀ ਸੀ।

(੧੦) ਡੇਢ ਪਾ ਖਿਚੜੀ ਚੁਬਾਰੇ ਰਸੋਈ ।

ਜਦ ਥੋੜੀ ਜਿਹੀ ਪੂੰਜੀ ਵਾਲਾ ਕੋਈ ਬਾਹਰਲੀ ਫੂੰ ੨ ਵਧੇਰੇ ਰਖੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:--(a) Great fuss for nothing.

(b) Little wool great boast.

(੧੧) ਡੇਢ ਬਕੈਣ ਮੀਆਂ ਧਰੇਕਾਂ ਦੀ ਛਾਵੇਂ।

ਬਕੈਣ = ਧਰੇਕ ।

ਕੋਈ ਆਦਮੀ ਮਾਲਕ ਤਾਂ ਥੋੜੀ ਜਿਹੀ ਚੀਜ਼ ਦਾ ਹੋਵੇ, ਪਰ ਦਿਖਾਵਾ ਬਹੁਤ ਸਾਰਾ ਕਰੇ ਤਾਂ ਕਹਿੰਦੇ ਹਨ।

(੧੨) ਡੈਣ ਦੇ ਕੁਛੜ ਮੁੰਡਾ(ਹੁਣਵੀਹੈਨਹੀਂ?)

ਜਦ ਕੋਈ ਚੀਜ਼ ਅਜੇਹੇ ਆਦਮੀ ਨੂੰ ਸੌਂਪੀ ਜਾਵੇ, ਜੋ ਅਗੇ ਹੀ ਉਸ ਚੀਜ਼ ਦਾ ਭੁਖਾ ਹੈ, ਤਦ ਵਰਤਦੇ ਹਨ। ਭਾਵ ਉਸ ਕੋਲੋਂ ਮੁੜਕੇ ਆਉਣ ਦੀ ਕੋਈ ਆਸ ਨਹੀਂ।

(੧੩) ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ ।

ਜਦ ਕਿਸੇ ਭੈੜੇ ਜੀ ਨੂੰ ਸੁਧਾਰਨ ਦਾ ਇਕੋ ਇਕ ਤੈਰਾ ਭਾਵ (ਦੰਡ) ਹੀ ਦਿਸੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:–Rod tames every brute.

******

*'ਹਿੰਦੀ' *

******

*****
* ਢ *
* *
*****

(੧) ਢਕੀ ਰਿਝੇ ਕੋਈ ਨ ਬੁਝੇ ।

ਕਿਸੇ ਗੱਲ ਨੂੰ ਗੁਪਤ ਰਖਣ ਦਾ ਉਪਦੇਸ਼ ਦੇਣ ਵੇਲੇ ਵਰਤਦੇ ਹਨ।

(੨) ਢਗਿਆ ਤੈਨੂੰ ਚੋਰ ਲੈ ਜਾਣ ? ਯਾਰਾ ਪੱਠੇ ਹੀ ਖਾਣੇ ਹਨ ।

ਜਦ ਕਿਸੇ ਨੂੰ ਕੋਈ ਅਜੇਹਾ ਕੰਮ ਕਰਨ ਲਈ ਕਿਹਾ ਜਾਵੇ, ਜਿਸ ਨਾਲ ਉਸਦੀ ਆਪਣੀ ਹਾਲਤ ਵਿਚ ਕੋਈ ਅਦਲਾ ਬਦਲਾ ਨਾ ਹੋਣੀ ਹੋਵੇ, ਤਦ ਇਹ ਉਤਰ ਦੇਂਦਾ ਹੈ। ਭਾਵ ਢੱਗਾ ਮਾਲਕ ਪਾਸ ਹੋਵੇ, ਜਾਂ ਚੋਰ ਪਾਸ, ਉਸਨੂੰ ਪਠੇ ਖਾਣ ਤੋਂ ਸਿਵਾਇ ਹੋਰ ਕਿਸੇ ਗੱਲ ਨਾਲ ਕੀ ਭਾਗ ਹੈ।

(੩) ਢੱਗੀ ਨ ਵੱਛੀ ਤੇ ਨੀਂਦ ਆਵੇ ਹਛੀ।

ਜਾਂ

(੪) ਢੱਗੀ ਨ ਵੱਛੀ ਤੇਤਬੀਅਤ ਬਹੁਤਹਛੀ।

ਦੇਖੋ:—ਸੁਖੀ ਸੌਣ ਸ਼ੇਖ ਜਿਨ੍ਹਾਂ ਦੇਟੱਟੂ ਨਾ ਮੇਖ।

(੫) ਈ ਘਰ ਡੈਣ ਵੀ ਛਡ ਲੈਂਦੀ ਹੈ।

ਜਦ ਕੋਈ ਆਦਮੀ ਆਪਣੇ ਗਵਾਂਢੀ ਜਾਂ ਸਾਕ ਦਾ ਹੀ ਕੋਈ ਨੁਕਸਾਨ ਕਰਨ ਲਗ ਜਾਏ, ਤਾਂ ਉਸਨੂੰ ਸ਼ਰਮਿੰਦਾ

ਕਰਨ ਲਈ ਕਹਿੰਦੇ ਹਨ।

ਅੰਗ੍ਰੇਜ਼ੀ:—The fox preys farthest from his hovel.

(੬) ਢਾਈ ਢੀਗਰੀਆਂ ਤੇ ਡੇਰਾ ਡਫਰ ਵਾਲ।

ਦੇਖੋ:—ਡੇਢ ਪਾ ਖਿਚੜੀ ਚੁਬਾਰੇ ਰਸੋਈ।

(੭) ਢਿਡ ਭਰਿਆ ਤੇ ਕੰਮ ਸਰਿਆ।

ਜਦ ਇਹ ਦਿਸੇ ਕਿ ਕੋਈ ਆਦਮੀ ਆਪਣੇ ਖਾਣ ਪੀਣ ਨਾਲ ਹੀ ਮਤਲਬ ਰਖਦਾ ਹੈ ਤੇ ਪਿਛੋਂ ਵਾਤ ਭੀ ਨਹੀਂ ਪੁਛਦਾ, ਤਾਂ ਉਸ ਆਦਮੀ ਤੇ ਇਹ ਅਖਾਣ ਘਟਾਉਂਦੇ ਹਨ।

(੮) ਢਿਡੋਂ ਖਾਲੀ ਤੇ ਭੁੱਸੇ ਡਕਾਰ।

ਜਾਂ

(੯) ਢਿਡੋਂ ਭੁਖੀ ਤੇ ਡਕਾਰ ਭਲਿਆਂ ਦੇ।

ਦੇਖੋ:—ਘਰ ਵਿਚ ਭੁਖ ਨੰਗ, ਬੂਹੇ ਅਗੇ ਡਿਉਢੀ।

(੧੦) ਢੂੰਡ ਭਾਲ ਥਕੀ ਮਿਲ ਪਿਆ ਮੁੜ ਹਬੀ।

ਦੇਖੋ:—ਕੁਛੱੜ ਕੁੜੀ ਤੇ ਸ਼ਹਿਰ ਢੰਡੋਰਾ।

(੧੧) ਢੋਲ ਵਜੇ ਢਮੱਕੇ ਵਜੇ, ਮੁੜ ਵਹੁਟੀ ਦੇ ਪੈਰ ਨ ਕਜੇ।

ਬਹੁਤ ਸਮਝਾਉਣ ਉਪਰ ਭੀ ਜੇ ਕੋਈ ਨ ਸਮਝੇ, ਤਾਂ ਕਹਿੰਦੇ ਹਨ।

*****
* ਤ *
* *
*****

(੧) ਤੱਤਾ ਪਾਣੀ ਵੀ ਅਗ ਬੁਝਾ ਦੇਂਦਾ ਏ।

ਜਦ ਕੋਈ ਆਪਣੇ ਵੈਰੀ ਨੂੰ ਕਮਜ਼ੋਰ ਸਮਝਕੇ ਦੁਖਾਵੇ ਤਪਾਵੇ, ਤਾਂ ਸਮਝਾਉਣ ਵਾਲਾ ਇਹ ਅਖਾਣ ਪਾਕੇ ਹਟਾਉਂਦਾ ਹੈ। ਭਾਵ ਦੁਖੇ ਹੋਏ ਵੈਰੀ ਦੀ ਚੋਟ ਭੀ ਬਤੇਰਾ ਨੁਕਸਾਨ ਕਰ ਸਕਦੀ ਹੈ।

(੨) ਤਬੇਲੇ ਦਾ ਘੋੜਾ ਤੇ ਮਦਰਸੇ ਦਾ ਮੁੰਡਾ, ਬਿਨਾਂ ਛੁਛਕੇ ਸਿਧੇ ਨਹੀਂ ਹੁੰਦੇ ?

ਕਿਸੇ ਘੋੜੇ ਜਾਂ ਮੁੰਡੇ ਨੂੰ ਲਾਡ ਵਿਚ ਬਹੁਤਾ ਮਛਰਦਾ ਦੇਖਕੇ ਕਿਹਾ ਜਾ ਸਕਦਾ ਹੈ।

(੩) ਤਵਾ ਨ ਅੰਗਿਆਰੀ, ਤੇ ਕਾਹਦੀ ਭਠਿਆਰੀ।

ਆਪਣੇ ਜਰੂਰੀ ਹਥਿਆਰਾਂ ਤੋਂ ਖਾਲੀ ਕਾਰੀਗਰ ਨੂੰ ਵੇਖਕੇ ਕਿਹਾ ਜਾ ਸਕਦਾ ਹੈ।

(੪) ਤਵੇ ਤੇ ਆਕੇ ਰਬ ਦੀ ਮਾਰ।

ਛੋਲਿਆਂ ਬਾਬਤ ਅਖਾਣ ਹੈ ਕਿ ਹੋਰ ਅਨੇਕ ਤਰ੍ਹਾਂ ਵਰਤਿਆਂ ਸੁਆਦ ਦੇਂਦੇ ਹਨ, ਪਰ ਤਵੇ ਤੇ ਆਕੇ ਤਿੜ ਤਿੜ ਕਰਦੇ ਹਨ। ਭਾਵ ਜਦ ਕੋਈ ਆਦਮੀ ਹਰ ਤਰ੍ਹਾਂ ਚੰਗਾ ਚਲਦਾ

ਹੋਵੇ, ਪਰ ਕੰਮ ਦੀ ਵਾਰੀ ਸਿਰ ਖੁੰਝਾ ਜਾਵੇ, ਤਦ ਇਹੋ ਅਖਾਣ ਉਸ ਉਤੇ ਘਟਾਇਆ ਜਾਂਦਾ ਹੈ।

(੫) ਤਾਏ ਦੀ ਧੀ ਚਲੀ, ਤੇ ਮੈਂ ਕਿਉਂ ਰਹਾਂ ਇਕਲੀ ।

ਕਿਸੇ ਆਦਮੀ ਨੂੰ ਰੀਸ ਨਾਲ ਕੋਈ ਕੰਮ ਕਰਦਾ ਵੇਖ ਕਿਹਾ ਜਾ ਸਕਦਾ ਹੈ।

(੬) ਤਾਲੋਂ ਘੁਥੀ ਡੂੰਮਣੀ ਫਿਰਦੀ ਤਾਲ਼ ਬਿਤਾਲ ।

ਕੋਈ ਆਦਮੀ ਕਿਸੇ ਕੰਮ ਦਾ ਅਸਲੀ ਮੌਕਾ ਖੁੰਝਾ ਦੇਵੇ ਤੇ ਫੇਰ ਠੇਡੇ ਖਾਂਦਾ ਫਿਰੇ, ਉਸ ਉਪਰ ਇਹ ਅਖਾਣ ਘਟਾਉਂਦੇ ਹਨ।

ਦੇਖੋ:—ਘੜੀ ਦਾ ਘੁਥਾ ਸੈ ਕੋਹਾਂ ਤੇਜ ਪੈਂਦਾ ਹੈ।

(੭) ਤਿਤਰ ਖੰਭੀ ਬਦਲੀ ਰੰਨ ਮਲਾਈ ਖਾਏ, ਉਹ ਵਸੇ ਉਹ ਉੱਜੜੇ ਗੱਲ ਨ ਬਿਰਥਾ ਜਾਇ ।

ਜੀਭ ਦੇ ਸੁਆਦਾਂ ਦੇ ਉਲਟ ਇਸਤਰੀ ਨੂੰ ਉਪਦੇਸ਼ ਦੇਣ ਲਈ ਜਾਂ ਤਿਤਰ ਖੰਭੀ ਬਦਲੀ ਵੇਖਕੇ ਮੀਂਹ ਪੈਣ ਦਾ ਨਿਸਚਾ ਦਿਵਾਉਣ ਲਈ ਇਹ ਅਖਾਣ ਵਰਤਦੇ ਹਨ।

(੮) ਤਿਤਰ ਦੇ ਮੂੰਹ ਲਛਮੀ ।

ਜਿਸ ਗਲ ਬਾਬਤ ਨਿਸਚਾ ਕੋਈ ਨਾ ਹੋਵੇ ਕਿ ਕਦ ਹੋਵੇਗੀ, ਤਦ ਵਰਤਦੇ ਹਨ। ਭਾਵ ਤਿਤਰ, ਇਕ ਆਜ਼ਾਦ ਪੰਛੀ, ਆਪਣੀ ਮਰਜ਼ੀ ਨਾਲ ਪਤਾ ਨਹੀਂ ਕਦ ਬੋਲੇ, ਤੇ ਕਦ ਲਛਮੀ ਦਰਸ਼ਨ ਦੇਵੇ।

(੯) ਤਿੰਨ ਬੁਲਾਏ ਤੇਰਾਂ ਆਏ ਸੁਣ ਸੰਤਨ ਕੀ ਬਾਣੀ, ਰਾਧਾ ਕਿਸ਼ਨਾਂ ਗੋਬਿੰਦਾ ਦੇਹ ਦਾਲ ਮੇਂ ਪਾਣੀ ।

ਥੋੜਿਆਂ ਦੀ ਉਮੈਦ ਤੇ ਜੇ ਬਹੁਤੇ ਪ੍ਰਾਹੁਣੇ ਆ ਜਾਣ, ਤਾਂ ਚੀਜ਼ ਨੂੰ ਪੂਰਾ ਕਰਨ ਲਈ ਕੋਈ ਤਰੀਕਾ ਵਰਤਣ ਦੀ ਸਲਾਹ ਕਰਕੇ ਲੋਕ ਇਹ ਅਖਾਣ ਬੋਲ ਦੇਂਦੇ ਹਨ।

(੧੦) ਤੀਜਾ ਰਲਿਆ ਤੇ ਝੁੱਗਾ ਗਲਿਆ।

ਇਕ ਵਹਿਮ ਜਿਹਾ ਹੈ, ਤਿੰਨ ਜੀ ਕਠੇ ਨੈਹਸ਼ (ਭੈੜੇ) ਹੁੰਦੇ ਹਨ। ਕਿਸੇ ਕੰਮ ਨੂੰ ਤਿੰਨ ਜਣੇ ਜਾਣ, ਉਹ ਕੰਮ ਨ ਹੋਵੇ, ਤਾਂ ਬੋਲਦੇ ਹਨ। ਜਾਂ ਬਹੁਤੇ ਵਹਿਮੀ ਤਿੰਨਾਂ ਨੂੰ ਰੋਕਣ ਲਗੇ ਹੀ ਵਰਤਦੇ ਹਨ।

(੧੧) ਤੀਰ ਕਮਾਨੋਂ, ਗੱਲ ਜਬਾਨੋਂ।

ਇਹ ਸਮਝਾਉਣ ਲਈ ਕਿ ਮੁੜ ਵੇਲਾ ਸੰਭਾਲਣਾ ਔਖਾ ਹੋ ਜਾਵੇਗਾ। ਹੁਣ ਹੀ ਸੋਚ ਸਮਝਕੇ ਕਦਮ ਚੁਕੋ, ਤਾਂ ਇਹ ਅਖਾਣ ਵਰਤਦੇ ਹਨ।

(੧੨) ਤੁਖਮ ਤਸੀਰ ਤੇ ਸੋਹਬਤ ਦਾ ਅਸਰ।

ਜਦ ਕੋਈ ਚੰਗੀ ਕੁਲ ਦਾ ਆਦਮੀ ਭੈੜੀ ਸੰਗਤ ਨਾਲ ਵਿਗੜ ਜਾਵੇ, ਜਾਂ ਕੋਈ ਆਦਮੀ ਆਪਣੇ ਵਡਿਆਂ ਦੇ ਗੁਣ ਆਪਣੇ ਵਿਚ ਦਿਖਾਵੇ, ਤਾਂ ਕਹਿੰਦੇ ਹਨ। ਭੈੜੀ ਸੰਗਤ ਤੋਂ ਰੋਕਣ ਲਈ ਭੀ ਇਹ ਅਖਾਣ ਵਰਤਦੇ ਹਨ।

(੧੩) ਤੁਰਤ ਦਾਨ ਮਹਾਂ ਪੁੰਨ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਦਾਨ ਕਰਨ ਲਗਿਆਂ ਢਿੱਲ ਨਹੀਂ ਲਾਈਦੀ, ਤਾਂ ਕਹੀਦਾ ਹੈ।

ਅੰਗ੍ਰੇਜ਼ੀ:—(a) He doubles his gift who gives in time.
(b) He giveth twice that give in thrice.

(੧੪) ਤੁਰਿਆ ੨ ਜਾਹ ਤੇ ਕਰਮਾਂ ਦਾ ਖਟਿਆ ਖਾਹ।

ਕਿਸੇ ਪਰਦੇਸ ਜਾਣ ਲਗੇ ਨੂੰ ਰੋਕਣ ਲਈ ਇਹ ਅਖਾਣ ਵਰਤਦੇ ਹਨ। ਭਾਵ ਜਿਥੇ ਜਾਏਂਗਾ, ਨਸੀਬ ਤਾਂ ਇਹੋ ਤੇਰੇ ਨਾਲ ਰਹਿਣੇ ਹਨ।

(੧੫) ਤੂੰ ਕੌਣ ਮੈਂ ? ਖਾਹ ਮਖਾਹ।

ਦੇਖੋ:—ਸੱਦੀ ਨ ਬੁਲਾਈ, ਮੈਂ ਲਾੜੇ ਦੀ ਤਾਈ।

(੧੬) ਤੂੰ ਨ ਵਿਗੜਿਓਂ ਮੈਂ ਆਪ ਵਿਗਾੜਿਓਂ, ਮੋਰੀ ਦਾ ਗੰਦ ਚੁਬਾਰੇ ਤੇ ਚਾੜ੍ਹਿਓਂ।

ਜਦ ਕਿਸੇ ਨੀਵੇਂ ਬੰਦੇ ਨੂੰ ਚੰਗੀ ਪਦਵੀ ਮਿਲ ਜਾਵੇ,

ਤੇ ਉਹ ਉਸ ਨੂੰ ਪਚਾ ਨਾ ਸਕੇ, ਸਗੋਂ ਆਦਰ ਦੇਣ ਵਾਲੇ ਦਾ ਹੀ ਅਪਮਾਨ ਕਰਨ ਲਗ ਜਾਵੇ, ਤਾਂ ਵਰਤਦੇ ਹਨ।

ਦੇਖੋ:—ਚੰਗੀ ਕਰ ਬਹਾਲੀ, ਪੇੜੇ ਲਏ ਚੁਰਾ।

(੧੭) ਤੂੰ ਪਾਈ ਤੇ ਮੈਂ ਬੁਝੀ, ਕਾਣੀ ਅਖ ਨ ਰਹਿੰਦੀ ਗੁਝੀ।

ਜਦ ਕਿਸੇ ਦੀਆਂ ਗੱਲਾਂ ਵਿਚੋਂ ਕੋਈ ਚਲਾਕੀ ਦੀ ਗਲ ਲਭ ਲਈਏ, ਤਾਂ ਬੋਲੀਦਾ ਹੈ।

(੧੮) ਤੂੰ ਮੇਰਾ ਬਾਲ ਖਿਡਾ, ਮੈਂ ਤੇਰੀ ਖੀਰ ਖਾਨੀ ਹਾਂ।

ਜਦ ਇਹ ਪਤਾ ਲਗੇ ਕਿ ਕੋਈ ਆਦਮੀ ਸਾਥੋਂ ਕੰਮ ਲੈਕੇ ਉਲਟਾ ਸਾਨੂੰ ਨੁਕਸਾਨ ਪੁਚਾਉਣ ਦਾ ਇਰਾਦਾ ਕਰਦਾ ਹੈ, ਤਾਂ ਇਹ ਅਖਾਣ ਵਰਤਦੇ ਹਨ।

(੧੯) ਤੇਹ ਲਗੀ ਤੇ ਖੂਹ ਨਹੀਂ ਖੋਦੀਦਾ।

ਦੇਖੋ:—ਬੂਹੇ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ।

ਫਾਰਸੀ:—ਤਾ ਤਰੀਆਕਅਜ ਇਰਾਕ ਅਵੁਰਦਾਸ਼ਵਦ।
ਮਾਰ ਗਜ਼ੀਦਾ ਮੁਰਦਾ ਸ਼ੁਵਦ।

(੨੦) ਤੇਰੀ ਛਾਹ ਛਡੀ, ਤੂੰ ਸਾਨੂੰ ਕੁੱਤਿਆਂ ਤੋਂ ਛੁਡਾ।

ਜਦ ਕਿਸੇ ਨੂੰ ਇਹ ਕਹਿਣਾ ਹੋਵੇ ਕਿ ਤੈਥੋਂ ਅਸੀਂ ਇਹ ਲਾਭ ਨਹੀਂ ਖਟਦੇ। ਤੇਰੇ ਹਥੋਂ ਸਾਨੂੰ ਜੋ ਤਕਲੀਫ ਹੋ

ਰਹੀ ਹੈ, ਉਸੇ ਤੋਂ ਖਲਾਸੀ ਕਰ ਦੇਹ, ਤਦ ਇਹ ਅਖਾਣ ਵਰਤਦੇ ਹਨ। ਕਈ ਵਾਰੀ 'ਛਡੀ ਤੇਰੀ ਛਾਹ ਸਾਨੂੰ ਕੱਤਿਆਂ ਤੋਂ ਛੁਡਾ' ਭੀ ਬੋਲਦੇ ਹਨ।

(੨੧) ਤੇਰੇ ਪੀਠੇ ਦਾ ਕੀ ਛਾਣਨਾ ?

ਕਿਸੇ ਦੇ ਕੀਤੇ ਕੰਮ ਨੂੰ ਬੇ-ਐਬ ਦਸਣ ਲਈ ਵਰ-ਤੀਦਾ ਹੈ। ਪਰ ਕਦੇ ਕਦੇ ਹਾਸੇ ਨਾਲ ਇਸਦੇ ਬਿਲਕੁਲ ਉਲਟ ਮਤਲਬ ਲਈ ਭੀ ਵਰਤਿਆ ਜਾਂਦਾ ਹੈ।

(੨੨) ਤੇਲ ਖਾਣਾ ਤੇ ਗੁਲਗੁਲਿਆਂ ਤੋਂ ਪ੍ਰਹੇਜ਼।

ਦੇਖੋ:—ਗੁੜ ਖਾਣਾ ਤੇ ਗੁਲਗੁਲਿਆਂ ਤੋਂ ਪਰਹੇਜ਼।

(੨੩) ਤੇਲ ਤਮਾਂ ਜਾਕੋ ਮਿਲੇ ਤਤ ਨਰਮ ਹੋਜਾ।

ਜਦ ਇਹ ਦਸਣਾ ਹੋਵੇ ਕਿ ਤਮਾ (ਲੋਭ) ਦੇਕੇ ਅਗਲੇ ਪਾਸੋਂ ਜੋ ਜੀ ਚਾਹੇ ਕਰਾ ਲਈਦਾ ਹੈ, ਤਾਂ ਕਹਿੰਦੇ ਹਨ।

(੨੪) ਤੇਲ ਦੇਖੋ ਤੇਲ ਦੀ ਧਾਰ ਦੇਖੋ।

ਜਦ ਕਿਸੇ ਗਲ ਦਾ ਨਤੀਜਾ ਹਾਲੀ ਗੁਪਤ ਹੋਵੇ, ਤੇ ਕੋਈ ਅਗੇਤਰਾ ਹੀ ਘਬਰਾ ਰਿਹਾ ਹੋਵੇ, ਤਦ ਉਸ ਨੂੰ ਧੀਰਜ ਦੇਣ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

ਅੰਗ੍ਰੇਜ਼ੀ:—See which way the wind blows.

(੨੫) ਤੇਲੀ ਭੀ ਕੀਤਾ ਤੇ ਰੁਖਾ ਹੀ ਖਾਧਾ।

ਇਕ ਆਦਮੀ ਕਿਸੇ ਖਾਸ ਮਤਲਬ ਲਈ ਕਿਸੇ ਹੀਣੇ ਨਾਲ ਜੁੜੇ, ਪਰ ਫਿਰ ਭੀ ਮਤਲਬ ਪੂਰਾ ਨਾ ਹੋਵੇ, ਤਾਂ

ਇਹ ਅਖਾਣ ਵਰਤੀਦਾ ਹੈ । ਭਾਵ ਤੇਲੀ ਦੇ ਘਰ ਆਕੇ ਭੀ ਤੇਲ ਨਾ ਜੁੜਿਆ, ਤਦ ਇਸ ਸੰਬੰਧ ਦਾ ਕੀ ਲਾਭ ?

(੨੬) ਤੇੜ ਨ ਉੱਤੇ, ਭੌਂਕਣ ਕੁਤੇ ।

ਜਦ ਕੋਈ ਪਰਾਹੁਣਾ ਬੜੀ ਭੈੜੀ ਹਾਲਤ ਵਿਚ ਦੂਜੇ ਪਾਸ ਜਾਵੇ ਤਾਂ ਉਹ ਉਹਲੇ ਹੋਕੇ ਦੂਜਿਆਂ ਪਾਸ ਪਰਾਹੁਣੇ ਦੀ ਤਾਰੀਫ ਸੁਣਾਉਂਦਾ ਹੈ।

(੨੭) ਤੁਹਾਂ ਬਿਨਾਂ ਚੌਲ ਕਦੀ ਨਹੀਂ ਹੁੰਦੇ ।

ਜਦ ਇਹ ਦਸਣਾ ਹੋਵੇ ਕਿ ਇਸ ਕੰਮ ਬਿਨਾਂ ਉਹ ਹੋਣਾ ਕਠਨ ਹੈ, ਤਾਂ ਕਹਿੰਦੇ ਹਨ।

(੨੮) ਤੋਤੇ ਜੀਭ ਪਕ ਗਈ ਜਦੋਂ ਮੇਵਾ ਪਕਣ ਤੇ ਆਇਆ ।

ਕੋਈ ਆਦਮੀ ਕਿਸੇ ਗੱਲ ਦੀ ਸਫਲਤਾ ਲਈ ਸਿਰ ਤੋੜ ਮੇਹਨਤ ਕਰਦਾ ਰਹੇ, ਤੇ ਜਦੋਂ ਉਸਦਾ ਅਨੰਦ ਲੈਣ ਦਾ ਸਮਾਂ ਆਵੇ ਤਾਂ ਉਹ ਵਿਚਾਰਾ ਕਿਸੇ ਹੋਰ ਹੀ ਦੁਖ ਵਿਚ ਫੁਸ ਜਾਵੇ, ਤਾਂ ਆਖਦੇ ਹਨ।

(੨੯) ਤੰਦ ਨਾ ਵਿਗੜੀ ਤਾਣੀ ਵਿਗੜੀ।

ਦੇਖੋ:—ਇਕ ਨੂੰ ਕੀ ਰੋਨੀ ਏਂ,ਊਤ ਗਿਆ ਈ ਆਵਾ।

******

* ਹਿੰਦੀ *

******

*****
* ਬ *
* *
*****

(੧) ਥਾਲੀ ਵਿਚ ਲੂਣ ਨਹੀਂ ਭੰਨੀਦਾ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਅਜੇਹਾ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਆਪਣਾ ਹੀ ਨੁਕਸਾਨ ਹੋਵੇ, ਤਾਂ ਕਹਿੰਦੇ ਹਨ।

(੨) ਥੁੱਕਾਂ ਨਾਲ ਵੜੇ ਤਲਦਾ ਏ।

ਜਦ ਕੋਈ ਆਦਮੀ ਕੰਮ ਤਾਂ ਬਹੁਤ ਵਧੀਆ ਚਾਹੇ, ਪਰ ਲਾਗਤ ਲਾਉਣ ਦਾ ਹੌਂਸਲਾ ਨਾ ਪਏ, ਤਦ ਇਹ ਅਖਾਣ ਪਾਈਦਾ ਹੈ। ਭਾਵ ਤੇਲ ਦਾ ਕੰਮ ਥੁੱਕਾਂ ਤੋਂ ਲੈਣਾ ਚਾਹੁੰਦਾ ਹੈ।

(੩) ਬੁੜਿਆਂ ਦੇ ਕੁੜਮ ਵਾਹਲੇ, ਜੋਗਾਂ ਦੇਂਦੇ ਵਾਹੁਣ ਨੂੰ ਤੇ ਖੂਹ ਦੇਂਦੇ ਘੜਮਾਲੇ।

ਜਦ ਕਿਸੇ ਗਰੀਬ ਨੂੰ ਅਮੀਰ ਘਰ ਦਾ ਸਾਕ ਮਿਲ ਜਾਵੇ, ਤੇ ਉਸਨੂੰ ਹੋਰ ਭੀ ਹਰ ਤਰ੍ਹਾਂ ਦੀ ਮਦਦ ਮਿਲਣ ਲਗ ਪਵੇ, ਤਾਂ ਕਹਿੰਦੇ ਹਨ।

(੪) ਥੋਥਾ ਚਣਾ ਬਾਜੇ ਘਣਾ।

ਦੇਖੋ:—ਉੱਚੇ ਦੁਕਾਨ ਤੇ ਫਿਕੇ ਪਕਵਾਨ।

ਅੰਗ੍ਰੇਜ਼ੀ:--Empty vessel makes much noise.

*****
* ਦ *
* *
*****

(੧) ਦਹੀਂ ਦੇ ਭੁਲੇਵੇ ਕਪਾਹ ਦੀ ਫੁੱਟੀ ਨਹੀਂ ਖਾਈਦੀ ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ, ਕਿ ਚੰਗੀ ਚੀਜ਼ ਦੀ ਥਾਂ ਭੈੜੀ ਨਹੀਂ ਵਰਤੀਦੀ, ਤਾਂ ਕਹਿੰਦੇ ਹਨ।

(੨) ਦੱਦਾ ਨਹੀਂ ਪੜਿਆ ਲੱਲਾ ਪੜ੍ਹਿਆ ਏ।

ਜੋ ਆਦਮੀ ਹਰ ਥਾਂ ਤੋਂ ਕੁਝ ਨ ਕੁਝ ਲੈਣ ਦਾ ਹੀ ਜਤਨ ਕਰੇ, ਤੇ ਹਥੋਂ ਕਦੇ ਕੁਝ ਨ ਦੇਵੇ, ਉਸ ਉਪਰ ਇਹ ਅਖਾਣ ਘਟਾਉਂਦੇ ਹਨ ।

(੩) ਦੰਮ ਲਗੇ ਬਾਦਸ਼ਾਹਾਂ ਦੇ ਸਬੂਣਗਰਾਂ ਦਾ ਨਾਂ।

ਦੇਖੋ:—ਘਿਉ ਬਣਾਏ ਸਾਲਣਾ ਬੜੀ ਬਹੂ ਦਾ ਨਾਂ।

(੪) ਦੜ ਵੱਟ ਜ਼ਮਾਨਾ ਕਟ ਭਲੇ ਦਿਨ ਆਉਣਗੇ।

ਜਦ ਇਹ ਸਮਝਾਉਣਾ ਹੋਵੇ ਕਿ ਹਾਲੀਂ ਚੁਪ ਕਰਕੇ ਦਿਨ ਲੰਘਾ ਲਉ, ਤਾਂ ਬੋਲਦੇ ਹਨ ।

(੫) ਦਾਣੇ ਮੂਰਲੀ,ਦੇ ਹਥ ਘੁੱਗੂ ਨੂੰ ।

ਨੋਟਃ—ਪਿੰਡਾਂ ਵਿਚ ਦਾਣੇ ਦੇਕੇ ਸੌਦਾ ਲੀਤਾ ਜਾਂਦਾ ਹੈ। ਨਕਦੀ ਦਾ ਵਰਤਾਉ ਬਹੁਤ ਹੀ ਘਟ ਹੈ। ਜਦ ਕੋਈ ਆਦਮੀ ਪੈਸੇ ਤਾਂ ਥੋੜੇ ਦੇਣੇ ਚਾਹੇ, ਪਰ ਨਿਗਾਹ ਹੋਵੇ ਕਿਸੇ ਵਡਮੁੱਲੀ ਚੀਜ਼ ਤੇ, ਤਦ ਬੋਲਦੇ ਹਨ।

(੬) ਦਾਤਾ ਦਾਨ ਕਰੇ, ਭੰਡਾਰੀ ਦਾ ਪੇਟ ਪਾਟੇ।

ਕੋਈ ਆਦਮੀ ਕਿਸੇ ਨੂੰ ਕੁਝ ਮਦਦ ਦੇਵ, ਤੇ ਦੂਸਰਾ ਇਸ ਵਿਚ ਸਾੜਾ ਕਰੇ, ਤਾਂ ਕਹਿੰਦੇ ਹਨ।

(੭) ਦਾਤੇ ਦਾ ਦਾਨ ਤੇ ਗਰੀਬ ਦਾ ਇਸ਼ਨਾਨ।

ਦਾਤਾ (ਦਾਨ ਕਰਨ ਵਾਲਾ) ਜੇ ਥੋੜਾ ਵੀ ਦਾਨ ਕਰੇ ਤੇ ਦਾਨ ਲੈਣ ਵਾਲੇ ਦਾ ਕੰਮ ਸਵਰ ਜਾਂਦਾ ਹੈ ਤੇ ਓਸਦਾ ਕੁਝ ਵਿਗੜਦਾ ਨਹੀਂ।

ਦੇਖੋ:—ਕੀੜੀ ਲਈ ਠੂਠਾ ਹੀ ਦਰਿਆ ਹੈ।

(੮) ਦਾ ਦਾਤਾ ਤੇ ਵੰਝ ਵਰਿਆਮ।

ਜਦ ਕੁਦਰਤੀ ਤੌਰ ਤੇ ਹੀ ਕਿਸੇ ਚੀਜ਼ ਨੂੰ ਕੋਈ ਮਦਤ ਮਿਲ ਜਾਣ ਕਰਕੇ ਕੋਈ ਕੰਮ ਹੋ ਜਾਵੇ ਕਿਸੇ ਹੋਰ ਦਾ, ਤਾਂ ਕਹਿੰਦੇ ਹਨ।

ਅਰਥ ਇਹ ਹੈ ਕਿ ਬੇੜੀ ਦਾ ਸਿਰ (ਰੁਕ ਸਿਰ) ਹੋ ਜਾਣ ਕਰਕੇ ਤੁਰੀ ਗਈ ਤੇ ਬਹਾਦਰੀ ਦਾ ਨਾਂ ਹੋ ਗਿਆ ਵੰਝ ਦਾ।

(੯) ਦਾਦੂਦੁਨੀਆਬਾਵਰੀ ਮੜ੍ਹੀਆਂਪੂਜਨਊਤ।

ਕਿਸੇ ਨੂੰ ਮੜ੍ਹੀਆਂ ਪੂਜਦੇ ਵੇਖਕੇ ਕਿਹਾ ਜਾ ਸਕਦਾ ਹੈ।

(੧੦) ਦਾ, ਪੁਤ, ਤੇ ਮੀਂਹ ਕੋਈ ਰੋਜ ਰੋਜ ਪਏ ਹੋਏ ਨੇ ?

ਇਨ੍ਹਾਂ ਤਿੰਨਾ ਚੀਜ਼ਾਂ ਵਿਚੋਂ ਕਿਸੇ ਇਕ ਲਈ ਤਰਸਦਿਆਂ ਹੋਇਆਂ ਇਹ ਅਖਾਣ ਵਰਤਦੇ ਹਨ।

(੧੧) ਦਾਲ ਅਲੂਣੀ ਤੇ ਲੀੜੇ ਸਬੂਣੀ।

ਕਿਸੇ ਆਦਮੀ ਦੀ ਫੋਕੀ ਟੀਪ ਟਾਪ ਵੇਖਕੇ ਇਹ ਅਖਾਣ ਵਰਤਿਆ ਜਾਂਦਾ ਹੈ।

(੧੨) ਦਾਲ ਚੋਲ ਰਿਨ੍ਹਾਏ ਝਖ ਮਾਰ ਖਿਚੜੀ ਖਾਏ।

ਜਦਕੋਈ ਆਦਮੀ ਬੇ = ਅਰਥ ਰਿਹਾੜ ਕਰਕੇ ਅੰਤ ਸਿਧੇ ਰਾਹ ਪੈ ਜਾਵੇ, ਤਾਂ ਵਰਤਦੇ ਹਨ।

ਵੇਖੋ:—ਮਾਣੀ ਨਹੀਂ ਚਾਰ ਟੋਪੇ।

(੧੩) ਦਾਲ ਟਿਕੀਖਾਹਤੇ ਨਕ ਦੀਸਧੇ ਜਾਹ।

ਸਵਾਦਾਂ ਮਗਰ ਲਗੇ ਬੰਦੇ ਨੂੰ ਹਟਾਉਣ ਲਈ ਇਹ ਆਖਾਣ ਵਰਤਦੇ ਹਨ।

(੧੪) ਦਾਲ ਟਿਕੀ ਖਾਂਧਿਆਂ ਘਾਟਾ ਪਵੇ ਤਾਂ ਪਈ ਜਾਵੇ।

ਜਦ ਕਿਸੇ ਨੇ ਇਹ ਦਸਣਾ ਹੋਵੇ ਕਿ ਮੈਂ ਬਹੁਤ-ਸਾਦੀ ਜ਼ਿੰਦਗੀ ਬਤੀਤ ਕਰਦਾ ਹਾਂ, ਇਦਾਂ ਭੀ ਜੇ ਨਿਰਬਾਹ ਨਾ

ਹੋਵੇ ਤਾਂ ਮੇਰੇ ਵਸ ਦੀ ਗੱਲ ਨਹੀਂ ਉਦੋਂ ਇਹ ਅਖਾਣ ਵਰਤੀਦਾ ਹੈ।

(੧੫) ਦਾਲ ਵਿਚ ਕੁਝ ਕਾਲਾ ੨ ਜਾਪਦਾ ਏ।

ਜਦ ਕਿਸੇ ਦੀ ਗੱਲ ਵਿਚ ਕੁਝ ਰਖਣਾ ਜਾਂ ਚਲਾਕੀ ਮਲੂਮ ਹੋਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(a) There is a fly in a ointment.

(b) Something is wrong at the bottom.

(੧੬) ਦਾੜ੍ਹੀ ਨਾਲੋਂ ਮੁੱਛਾਂ ਵਧ ਗਈਆਂ।

ਜਦ ਨਿਕੀ ਚੀਜ਼ ਵਡੀ ਤੋਂ ਭੀ ਵਧੀ ਦਿਸੇ, ਤਾਂ ਕਹਿੰਦੇ ਹਨ।

ਵੇਖੋ:—ਧੇਲੇ ਦੀ ਬੁੱਢੀ ਟਕਾ ਸਿਰ ਮੁਨਾਈ।

(੧੭) ਦਿਤੀ ਖਲ ਨ ਖਾਂਦੀ, ਤੇ ਕੋਹਲੂ ਚਟਣ ਜਾਂਦੀ।

ਜਦ ਕਿਸੇ ਨੂੰ ਕੋਈ ਚੰਗੀ ਚੀਜ਼ ਆਪਣੇ ਆਪ ਦਿਤੀ ਜਾਵੇ ਤੇ ਉਹ ਅਗੋਂ ਮਜਾਜ਼ ਵਿਖਾਕੇ ਨਾਂਹ ਕਰ ਦੇਵੇ, ਪਰ ਪਿਛੋਂ ਉਸ ਤੋਂ ਭੀ ਨਿਖਿਧ ਚੀਜ਼ ਲਈ ਹਥ ਪੈਰ ਮਾਰਦਾ ਵੇਖਿਆ ਜਾਵੇ, ਤਾਂ ਵਰਤਦੇ ਹਨ।

(੧੮) ਦਿਨ ਗਵਾਇਆ ਭੌਂਕੇ, ਰਾਤ ਗਵਾਈ ਸੌਂਕੇ।

ਕਿਸੇ ਨਿ-ਕੰਮੇ ਬੰਦੇ ਦੀ ਗਲ ਕਰਦਿਆਂ ਇਹ

ਅਖਾਣ ਵਰਤੀਦਾ ਹੈ ।

(੧੯) ਦਿਲ ਹੋਵੇ ਚੰਗਾ, ਕਟੋਰੇ ਵਿਚ ਗੰਗਾ ।

ਵੇਖੋ:—ਜੇ ਦਿਲ ਹੋਵੇ ਚੰਗਾ..... .....

(੨੦) ਦਿਲ ਦਰਯਾ ਸਮੁੰਦਰੋਂ ਡੂੰਘਾ ਕੌਣ ਦਿਲਾਂ ਦੀਆਂ ਜਾਣੇ ।

ਜਦ ਕਿਸੇ ਦੇ ਦਿਲ (ਸੁਭਾ) ਦਾ ਕੁਝ ਪਤਾ ਨ ਲਗਦਾ ਦਿਸੇ, ਤਾਂ ਕਹਿੰਦੇ ਹਨ ।

(੨੧) ਦਿਲਾਂ ਦੇ ਦਿਲਾਂ ਨੂੰ ਰਾਹ ਹੁੰਦੇ ਨੇ ।

ਵੇਖੋ:—ਆਪਣੇ ਮਨ ਤੋਂ ਜਾਣੀਏ ਅਗਲੇ ਮਨ ਦੀ ਬਾਤ । ਜਾਂ ਆਤਮਾਂ ਦਾ ਆਤਮਾ ਸਾਖੀ ਹੈ ।

(੨੨) ਦਿੱਲੀ ਦੇ ਬਾਂਕੇ ਤੇ ਖੀਸੇ ਵਿਚ ਇੱਟਾਂ ।

ਕਿਸੇ ਦੀ ਫੋਕੀ ਸ਼ਾਨ ਵੇਖਕੇ ਕਿਹਾ ਜਾ ਸਕਦਾ ਹੈ ।

(੨੩) ਦੀਨ ਗਵਾਇਆ ਦੁਨੀ ਸਿਉਂ ਦੁਨੀ ਨ ਚਲੀ ਸਾਥ । (ਗੁਰਬਾਣੀ)

ਜਦ ਦੁਨੀਆ ਵਲੋਂ ਜੀ ਖੱਟਾ ਹੋ ਜਾਵੇ, ਤਾਂ ਕਹਿੰਦੇ ਹਨ ।

(੨੪) ਦੀਵੇ ਥਲੇ ਹਨੇਰਾ ।

ਕਿਸੇ ਜ਼ੁੰਮੇਵਾਰ ਆਦਮੀ ਦੇ ਕੋਲ ਹੀ ਬੇਈਮਾਨੀ ਜਾਂ ਗਲਤੀ ਹੁੰਦੀ ਵੇਖਕੇ ਕਿਹਾ ਜਾਂਦਾ ਹੈ ।

ਅੰਗ੍ਰੇਜ਼ੀ:—The nearer the church, the farther from God.

ਫ਼ਾਰਸੀ:—ਚੂੰ ਕੁਫਰ ਅਜ਼ ਕਾਬਾ ਬਰਖੇਜ਼ਦ ਕੁਜਾ ਮਾਨਦ ਮੁਸਲਮਾਨੀ।

(੨੫) ਦੁਖੜੇ ਰੋਂਦੀ ਗੈਰਾਂ ਦੇ, ਲੈ ਲੈ ਨਾਂ ਭਰਾਵਾਂ ਦੇ ।

ਜਦ ਕੋਈ ਹੋਰ ਬਹਾਨੇ ਪਾ ੨ ਕੇ ਆਪਣੇ ਦੁਖ ਨੂੰ ਰੋਈ ਜਾਵੇ, ਤਾਂ ਵਰਤਦੇ ਹਨ।

(੨੬) ਦੁਖਾਂ ਦੀਆਂ ਘੜੀਆਂ ਲੰਘਣ ਵਿਚ ਨਹੀਂ ਆਉਂਦੀਆਂ।

ਦੁਖੀ ਬੰਦੇ ਆਪਣੇ ਦੁਖ ਫੋਲਦੇ ਹੋਏ ਇਹ ਅਖਾਣ ਵਰਤਦੇ ਹਨ ।

ਅੰਗ੍ਰੇਜ਼ੀ:—Sorrow lengthens the hour.

(੨੭) ਦੁਖੀਆ ਦਰਦ ਘਣੇ ਵੇਦਨ ਜਾਣੇ ਤੂੰ ਧਣੀ । (ਗੁਰਬਾਣੀ)

ਦੁਖੀਆ ਆਪਣਾ ਹਾਲ ਆਪ ਦਸਣ ਲਗਿਆਂ ਵਰਤਦਾ ਹੈ।

(੨੮) ਦੁਧ ਸਾਂਭੇ ਗੁਜਰੇਟੀ, ਧਨ ਸਾਂਭੇ ਖਤਰੇਟੀ ।

ਇਨ੍ਹਾਂ ਦੋਹਾਂ ਜਾਤਾਂ ਦੇ ਵਖੋ ਵਖ ਸੁਭਾ ਦਸਣ ਲਈ ਇਹ ਅਖਾਣ ਵਰਤਦੇ ਹਨ।

(੨੯) **ਦੁਬਿਧਾ ਵਿਚ ਦੋਨੋਂ ਗਏ ਮਾਇਆ ਮਿਲੀ ਨ ਰਾਮ।**

ਦੁਚਿੱਤੀ ਜਿਹੀ ਦਲੀਲ ਰਖਣਦੇ ਉਲਟ ਪ੍ਰਚਾਰ ਹੈ।

ਅੰਗ੍ਰੇਜ਼ੀ:—Between two stooly we come to the ground.

(੩੦) **ਦੂੰਮ ਨਾਲ ਦੋਸਤੀ ਤੇ ਸਿੰਙ ਨਾਲ ਵੈਰ।**

ਵੇਖੋ:—ਸਿੰਙ ਨਾਲ ਦੋਸਤੀ ਤੇ ਦੂੰਮ ਨਾਲ ਵੈਰ।

(੩੧) **ਦੂਜੇ ਦੀ ਅਖ ਦਾ ਤਿਨਕਾ ਦਿਸਦਾ ਏ ਤੇ ਆਪਣਾ ਸ਼ਤੀਰ ਵੀ ਨਹੀਂ ਦਿਸਦਾ।**

ਜਦ ਇਹ ਕ਼ਹਿਣਾ ਹੋਵੇ ਕਿ ਹਰ ਕੋਈ ਦੂਸਰੇ ਦੀ ਗਲਤੀ ਹੀ ਫੜਨ ਜਾਣਦਾ ਏ, ਤੇ ਆਪਣੀ ਪੀੜ੍ਹੀ ਥਲੇ ਸੋਟਾ ਨਹੀਂ ਫੇਰਦਾ, ਤਾਂ ਇਹ ਅਖਾਣ ਵਰਤਦੇ ਹਨ।

(੩੨) **ਦੂਜੇ ਦੇ ਥਾਲ ਵਿਚ ਲਡੂ ਵਡਾ ਹੀ ਜਾਪਦਾ ਏ।**

ਵੇਖੋ:—ਆਪਣੀ ਅਕਲ ਤੇ ਪਰਾਇਆ ਧਨ ਬਹੁਤ ਜਾਪਦਾ ਏ।

(੩੩) **ਦੂਰ ਸੁਣੀਦੇ ਨੇੜੇ ਆਏ।**

ਕਿਸੇ ਕੰਮ ਦੇ ਹੋਣ ਦੀ ਤਰੀਕ ਦੂਰ ੨ ਹੋਵੇ, ਤੇ ਹੌਲੀ ੨ ਦਿਨ ਨੇੜੇ ਆ ਜਾਣ, ਤਾਂ ਕਹਿੰਦੇ ਹਨ।

(੩੪) **ਦੂਰ ਦੇ ਢੋਲ ਸੁਹਾਉਣੇ।**

ਜਦ ਕਿਤੇ ਦੂਰ ਬੈਠਿਆਂ ਕਿਸੇ ਚੀਜ਼ ਦੀ ਬੜੀ ਮਹਿਮਾ ਸੁਣੀਏ, ਤੇ ਵੇਖਣ ਪੁਰ ਉਹ ਕੁਝ ਭੀ ਨ ਨਿਕਲੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Distance lends enchantment of the view.

(੩੫) ਦੇਸੀ ਟੱਟੂ ਖੁਰਾਸਾਨੀ ਦੁਲੱ-ਤੇ ।

ਜਦ ਕੋਈ ਆਦਮੀ ਹੋਰ ਦੇਸਾਂ ਦੇ ਬੰਦਿਆਂ ਦੀ ਰੀਸੇ ਉਨ੍ਹਾਂ ਵਾਲੇ ਕੰਮ ਕਰਨ ਲਗ ਪਵੇ, ਤਾਂ ਕਹਿੰਦੇ ਹਨ।

(੩੬) ਦੇਸੋਂ ਮੁਲਕੋਂ ਬਾਹਰੀਆਂ, ਖਾ ਜਵਾਈਆ ਤਾਹਰੀਆਂ ।

ਤਾਹਰੀਆਂ = ਤਰੀ ਵਾਲੇ ਚੌਲ ਤੇ ਵੜੀਆਂ।

ਜਦ ਕਿਸੇ ਬੰਦੇ ਨਾਲ ਪਹਿਲਾਂ ਲੜਕੇ ਤੇ ਓਸਨੂੰ ਹਰ ਕੋਈ ਰੀਦੀ ਮੰਦੀ ਗਲ ਕਹਿਕੇ ਮੁੜ ਓਸਨੂੰ ਮਨਾਉਣ ਭੀ ਕੋਈ ਲਗ ਪਵੇ, ਤਾਂ ਕਹਿੰਦੇ ਹਨ।

(੩੭) ਦੇਖੋ ਰਬ ਦੀ ਮਾਇਆ, ਕਿਤੇ ਧੁਪ ਤੇ ਕਿਤੇ ਛਾਇਆ ।

ਪਰਮਾਤਮਾ ਦੀ ਕੋਈ ਉਲਟੀ ਪੁਲਟੀ ਖੇਡ ਵੇਖਕੇ ਕਿਹਾ ਜਾ ਸਕਦਾ ਹੈ।

(੩੮) ਦੇਣ ਦਲੇਰੀ ਤੇ ਲੈਣ ਹਿਕਮਤ ।

ਜਦ ਇਹ ਸਮਝਾਉਣਾ ਹੋਵੇ ਕਿ ਕਰਜਾ ਹਥੋਂ

ਦੇਣਾ ਦਲੇਰੀ ਹੈ, ਪਰ ਉਸ ਦੀ ਵਸੂਲੀ ਡਾਢੀ ਅਕਲਮੰਦੀ ਤੇ ਸਿਆਣਪ ਦਾ ਕੰਮ ਹੈ, ਤਦ ਇਹ ਅਖਾਣ ਵਰਤਦੇ ਹਨ।

(੩੯) ਦੇਣਾ ਭਲਾ ਨ ਬਾਪ ਕਾ ਬੇਟੀ ਭਲੀ ਨ ਇਕ।

ਕਰਜੇ ਦੇ ਉਲਟ ਬੋਲਦਿਆਂ ਜਾਂ ਧੀਆਂ ਦੇ ਦੁਖੋਂ ਇਹ ਅਖਾਣ ਵਰਤਦੇ ਹਨ।

ਅੰਗ੍ਰੇਜ਼ੀ:—Out of debt, out of danger.

(੪੦) ਦੈਹ ਦੁਨੀਆ ਤੇ ਸਤਰ ਆਖਿਰ।

ਮੁਸਲਮਾਨਾਂ ਦਾ ਖਿਆਲ ਹੈ ਕਿ ਇਥੇ ਦਸ ਦਾਨ ਦਿਉ ਤਾਂ ਅਗੇ ਸੱਤ੍ਰ ਮਿਲਦੇ ਹਨ।

(੪੧) ਦੋਹ ਘਰਾਂ ਦਾ ਪ੍ਰਾਹੁਣਾ ਭੁਖਾ ਰਹਿੰਦਾ ਏ।

ਦੋਹਾਂ ਘਰਾਂ ਦੇ ਪ੍ਰਾਹੁਣੇ ਲਈ ਜਦ ਕੋਈ ਭੀ ਤਿਆਰੀ ਨਾ ਕਰੇ, ਜਾਂ ਬਹੁਤਿਆਂ ਦੇ ਆਸਰੇ ਰਹਿਣ ਵਾਲੇ ਬੰਦੇ ਦਾ ਕਿਤੋਂ ਭੀ ਕੰਮ ਨ ਹੋਵੇ, ਤਾਂ ਕਹਿੰਦੇ ਹਨ।

(੪੨) ਦੋਹਾਂ ਡੂੰਮਾਂ ਵਿਚ ਢਡ ਨਹੀਂ ਵਜਦੀ।

ਦੇਖੋ:—ਸਾਂਝੀ ਬਬ ਨ ਪਿਟੇ ਕੋ।

(੪੩) ਦੋਹਾਂ ਭੈਣਾਂ ਇੱਕੋ ਪਾਈ।

ਦੇਖੋ:—ਗੁੜ ਘਿਉ ਮੈਦਾ ਤੇਰਾ ਜਲ ਫੂਕ ਬਸੰਤਰ ਮੇਰਾ।

ਭਾਵ ਇਹ ਹੈ ਕਿ ਦੋ ਭੈਣਾਂ ਵ੍ਹਿਚੋਂ ਇਕ ਨੇ ਵੀਹ ਤੇ ਦੂਜੀ ਨੇਇਕਰੁਪਿਆ ਤੰਬੋਲਪਾਇਆ,ਪਰ ਗੱਲ ਕਰਨ ਵੇਲੇ ਜਿਤਾਇਆ ਕਿ ਅਸਾਂ ਦੋਹਾਂ ਨੇ ਇੱਕੀ ਪਾਏ ਹਨ।

(੪੪) ਦੋਹੀਂ ਹਥੀਂ ਤੋੜੀ ਵਜਦੀਏ।

ਜਦ ਇਹ ਸਮਝਾਉਣਾ ਹੋਵੇ ਕਿ ਲੜਾਈ ਸਦਾ ਦੁਵੱਲੀਓਂ ਵਧਦੀ ਹੈ, ਤਾਂ ਕਹਿੰਦੇ ਹਨ।

(੪੫) ਦੋਹੀਂ ਹਥੀਂ ਲਡੂ ਨੇ।

ਜਦ ਇਹ ਕਹਿਣਾ ਹੋਵੇ ਕਿ ਕਿਸੇ ਬੰਦੇ ਨੂੰ ਹਰ ਤਰ੍ਹਾਂ ਲਾਭ ਹੀ ਲਾਭ ਹੈ, ਤਾਂ ਕਹਿੰਦੇ ਹਨ।

(੪੬) ਦੋ ਤਾਂ ਮਿਟੀ ਦੇ ਭੀ ਬੁਰੇ।

ਕਿਸੇ ਦੇ ਉਲਟ ਦੋ ਜਣੇ ਕਠੇ ਹੋ ਜਾਣ, ਤਾਂ ਉਹ ਕਹਿੰਦਾ ਹੈ।

(੪੭) ਦੋ ਪਈਆਂ ਵਿਸਰ ਗਈਆਂ ਮੇਰੀਆਂ ਦੂਰ ਬਲਾਈਂ ਗਈਆਂ।

ਕਿਸੇ ਢੀਠ ਆਦਮੀ ਦੀ ਗੱਲ ਬਾਤ ਕਰਦਿਆਂ, ਜੋ ਸਿਰ ਤੇ ਮਾਰ ਕੁਟਾਈ ਦੀ ਪਰਵਾਹ ਹੀ ਨ ਕਰੇ, ਇਹ ਆਖਾਣ ਵਰਤਦੇ ਹਨ।

(੪੮) ਦੰਦ ਪਹਿਲਾਂ ਕਿ ਵਾਲ।

ਜਦ ਜਰੂਰੀ ਕੰਮ ਨੂੰ ਛਡਕੇ ਕੋਈ ਗੈਰ ਜਰੂਰੀ ਕੰਮ ਵਿਚ ਬਹੁਤਾ ਜੋਰ ਲਾਵੇ, ਤਾਂ ਉਸਨੂੰ ਸਮਝਾਉਣ ਲਈ

ਕਹਿੰਦੇ ਹਨ।

(੪੯) ਦੰਦਾਂ ਦਾ ਪੀਠਾ ਮੰਦਾ ਤੇ ਚੱਕੀ ਦਾ ਪੀਠਾ ਚੰਗਾ।

ਦੰਦਾਂ ਦਾ ਪੀਠਾ = ਲੋਕਾਂ ਦੀ ਨਜਰੇ ਚੜ੍ਹ ਜਾਣਾ, ਤੇ ਦੰਦ ਕਥਾ ਵਿਚ ਆ ਜਾਣਾ।

ਜਦ ਇਹ ਕਹਿਣਾ ਹੋਵੇ ਕਿ ਬਦਨਾਮ ਹੋਕੇ ਜੀਉਣ ਨਾਲੋਂ ਮਰਨਾ ਹੀ ਚੰਗਾ ਹੈ, ਤਾਂ ਕਹਿੰਦੇ ਹਨ।

******
'ਹਿੰਦੀ'
******

ਧ

(੧) ਧਰਮ ਛੋਡ ਧਨ ਕੋਈ ਖਾਏ।

ਜਦ ਕਿਸੇ ਆਦਮੀ ਤੇ ਬੇ-ਈਮਾਨੀ ਦਾ ਸ਼ਕ ਕੀਤਾ ਜਾਏ, ਤਾਂ ਕਿਹਾ ਜਾ ਸਕਦਾ ਹੈ।

(੨) ਧਾਈਆਂ ਵਾਲਾ ਪਿੰਡ ਪਰਾਲੀਓਂ ਦਿਸ ਪੈਂਦਾ ਏ।

ਜਦ ਇਹ ਦਸਣਾ ਹੋਵੇ ਕਿ ਕਿਸੇ ਆਦਮੀ ਦੀ ਬਾਹਰਲੀ ਸ਼ਕਲ ਤੋਂ ਹੀ ਉਸਦੀ ਅੰਦਰ ਦੀ ਹਾਲਤ ਦਾ ਪਤਾ ਲਗ ਜਾਂਦਾ ਹੈ, ਤਾਂ ਇਹ ਅਖਾਣ ਵਰਤਦੇ ਹਨ।

(੩) ਧਾਗਾ ਲੰਮਾ ਚਾਹੀਦਾ ਏ, ਕੋਈ ਫਿਕਰ ਨਹੀਂ।

ਧਾਗਾ = ਉਮਰ।

ਦੇਖੋ:—ਵਧੀ ਨੂੰ ਕੋਈ ਡਰ ਨਹੀਂ ਤੇ ਘਟੀ ਦਾ ਕੋਈ ਦਾਰੂ ਨਹੀਂ।

(੪) ਧਿਰ ਧਿਰ ਦਾ ਦੇਣਾ ਤੇ ਨਾਂ ਲਹਿਣਾ ਸਿੰਘਾ।

ਦੇਖੋ:—ਅੱਖੋਂ ਅੰਨ੍ਹੀ ਨਾਂ ਚਿਰਾਗੋ।

(੫) ਧੀਏ ਨੀ ਤੂੰ ਕੰਮ ਕਰ, ਨੂੰਹੇਂ ਨੀ ਤੂੰ ਕੰਨ ਧਰ।

ਜਦ ਕੋਈ ਗੱਲ ਕੀਤੀ ਤਾਂ ਕਿਸੇ ਹੋਰ ਨਾਲ ਜਾਵੇ, ਪਰ ਸਮਝਾਈ ਕਿਸੇ ਹੋਰ ਨੂੰ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—He that chaste-eth one amendeth many.

(੬) ਧੀ ਜੰਮੇ ਤਾਂ ਕਰਾਂ ਵਡਿਆਈਆਂ, ਪੁਤ ਜੰਮੇ ਤਾਂ ਸਰ ਨਾ ਆਈਆਂ।

ਕੋਈ ਆਦਮੀ ਉਂਞ ਤਾਂ ਬੜੀਆਂ ਫੜਾਂ ਮਾਰੇ ਕਿ ਜੇ ਫਲਾਣਾ ਕੰਮ ਹੋ ਜਾਵੇ, ਤਾਂ ਮੈਂ ਆਹ ਕਰਾਂਗਾ, ਪਰ ਵੇਲੇ ਸਿਰ ਕੁਝ ਭੀ ਨ ਕਰੇ, ਤਾਂ ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੭) ਧੋਖੇ ਦੀ ਟੱਟੀ, ਨ ਜਾਏ ਵੱਟੀ।

ਦੇਖੋ:—ਕਾਠ ਦੀ ਹਾਂਡੀ ਇਕੋ ਵਾਰ ਚੜ੍ਹਦੀ ਹੈ।

(੮) ਧੋਤੇ ਮੂੰਹ ਚਪੇੜ ਪੈ ਗਈ।

ਦੇਖੋ:—ਅੱਖ ਟੱਡੀ ਰਹਿਗਈਤੇ ਕਜਲ ਲੈ ਗਿਆ ਕਾਂ।

(੯) ਧੋਬੀਆਂ ਘਰ ਪਏ ਚੋਰ, ਉਹ ਨ ਲੁਟੇ ਲੁਟੇ ਹੋਰ।

ਜਦ ਨੁਕਸਾਨ ਕਰੇ ਤਾਂ ਕੋਈ ਕਿਸੇ ਦਾ, ਪਰ ਹੋ ਜਾਵੇ ਕਿਸੇ ਹੋਰ ਦਾ, ਤਾਂ ਕਹਿੰਦੇ ਹਨ।

(੧੦) ਧੋਬੀ ਦਾ ਕੀ ਜਾਣਾ ਏ ? ਛੂਹ।

ਜਦ ਕੋਈ ਆਦਮੀ ਅਜੇਹਾ ਕੰਮ ਕਰੇ, ਜਿਸ ਵਿਚ ਉਸਦਾ ਕੁਝ ਨੁਕਸਾਨ ਨ ਹੋਵੇ, ਤਾਂ ਇਹ ਅਖਾਣ

ਵਰਤਦੇ ਹਨ ।

(੧੧) ਧੋਬੀ ਦਾ ਕੁੱਤਾ ਨ ਘਰ ਦਾ ਨ ਘਾਟ ਦਾ।

ਉਸ ਆਦਮੀ ਉਪਰ ਜੋ ਉਂਞ ਤਾਂ ਦੋਹੀਂ ਪਾਸੀ ਲਤ ਰਖੇ, ਪਰ ਕਿਸੇ ਪਾਸੇ ਭੀ ਵਰਤੋਂ ਵਿਚ ਨ ਆਉਂਦਾ ਦਿਸੇ, ਤਾਂ ਇਹ ਅਖਾਣ ਵਰਤਦੇ ਹਨ।

ਅੰਗ੍ਰੇਜ਼ੀ:—Neither fish nor fowl.

(੧੨) ਧੌਲੀ ਦਾੜ੍ਹੀ ਤੇ ਐਡਾ ਖਰਾਬ ।

ਕਿਸੇ ਬੁੱਢੇ ਬੰਦੇ ਨੂੰ ਕੋਈ ਭੈੜਾ ਕੰਮ ਕਰਦਾ ਵੇਖ ਕਿਹਾ ਸਕਦਾ ਹੈ ।

(੧੩) ਧੰਨ ਪ੍ਰਭਾਣੀਆਂ ਜੇਹੜੀਆਂ ਸਰ੍ਹਾਣੇ ਰਖਕੇ ਸੌਂਦੀਆਂ ਨੇ ।

ਕਹਿੰਦੇ ਨੇ ਕਿਸੇ ਮਰਾਸਣ ਨੇ ਕਿਤੇ ਦੁਧ ਨੂੰ ਜਾਗ ਲਾਕੇ ਸਰ੍ਹਾਣੇ ਰਖਿਆ । ਘੜੀਕੁ ਪਿਛੋਂ ਉੱਠੇ ਤੇ ਗਲਾਸ ਭਰਕੇ ਪੀ ਲਵੇ । ਇੱਦਾਂ ਦੁਧ ਮੁਕ ਗਿਆ, ਤੇ ਉਸ ਇਹ ਅਖਾਣ ਬੋਲਿਆ । ਭਾਵ ਵਡੇ ਲੋਕਾਂ ਦੇ ਵਡੇ ਹੌਂਸਲੇ ਹੁੰਦੇ ਹਨ ।

(੧੪) ਧੰਨ ਪੈਣਾ ਜਿਨ ਪੈਣਾ ਅਖਵਾਇਆ ।

ਜਦ ਕੋਈ ਆਦਮੀ ਮਾਮੂਲੀ ਜਿਹਾ ਕੰਮ ਕਰਕੇ ਆਪਣੀ ਵਡਿਆਈ ਕਰਦਾ ਨਾ ਥਕੇ, ਤਾਂ ਬੋਲਦੇ ਹਨ । ਭਾਵ ਮਾੜੇ ਮਾੜੇ ਭੀ ਇਹੋ ਚਾਹੁੰਦੇ ਹਨ, ਕਿ ਸਾਨੂੰ ਸੇਰ ਹੀ ਸਮਝਿਆ ਜਾਵੇ। ਪਾ ਹੀ ਇਕ ਨਿਮਾਣਾ ਹੈ, ਜਿਸਨੂੰ ਪਾ ਆਖਿਆਂ ਦੁਖ ਨਹੀਂ ਹੁੰਦਾ।

*****
* ਨ *
* *
*****

(੧) ਨਹੁੰਆਂ ਨਾਲੋਂ ਮਾਸ ਵਖ ਨਹੀਂ ਹੁੰਦਾ ।

ਆਪਣੇ ਕਿਸੇ ਸਾਕ ਨੂੰ ਮਨਾਉਣ ਲਈ ਇਹਅਖਾਣ ਵਰਤਦੇ ਹਨ ।ਭਾਵ ਜਿਸ ਤਰ੍ਹਾਂ ਨੌਂਹ ਅਤੇ ਮਾਸਜੁੜੇ ਹੋਏਹਨ, ਇਸੇ ਤਰ੍ਹਾਂ ਸਾਡਾ ਭੀ ਸੰਬੰਧ ਹੈ। ਵਖੋ ਵਖ ਹੋਕੇ ਦੋਵੇਂ ਹੀ ਕਿਸੇ ਕੰਮ ਦੇ ਨਹੀਂ ਰਹਿੰਦੇ ।

(੨) ਨਕਦ ਅਜ, ਉਧਾਰ ਕਲ ।

ਬਹੁਤ ਕਰਕੇ ਹਟੀਆਂ ਵਾਲੇ ਲਿਖ ਛਡਦੇ ਹਨ, ਭਾਵ ਇਹ ਕਿ ਹੁਦਾਰ ਸੌਦਾ ਨਹੀਂ ਮਿਲੇਗਾ ।

(੩) ਨਕ ਨਥ, ਖ਼ਸਮ ਹਥ। (ਗੁਰਬਾਣੀ)

ਭਲੇ ਪੁਰਸ਼ਾਂ ਨੂੰ ਜਦ ਕੋਈ ਉਨ੍ਹਾਂ ਦਾ ਪਰੋਗਰਾਮ ਪੁਛੇ ਤਾਂ ਉਹ ਇਉਂ ਕਹਿੰਦੇ ਹਨ। ਭਾਵ ਇਹ ਜੋ ਰਬ ਦੇ ਵਸ ਹੈ ਜਿਧਰ ਜੀ ਚਾਹੇ ਲੈ ਜਾਏ। ਪੂਰਾ ਵਾਕ ਇਉਂ ਹੈ। ਨਕ ਨਥ ਖਸਮ ਹਥ ਕਿਰਤ ਧਕੇ ਦੇਇ। ਜਹਾਂ ਦਾਣਾ ਤਹਾਂ ਖਾਣਾ ਨਾਨਕਾਸਚਏਹ । ਆਮਤੌਰ ਤੇ ਪੂਰਾ ਵਾਕਹੀ ਬੋਲਿਆ ਜਾਂਦਾ ਹੈ। ਭਾਵ ਆਦਮੀ ਭਾਗਾਂ ਦੇ ਅਧੀਨ ਭਜਾ ਫਿਰਦਾ ਹੈ।

(੪) ਨਕੋਂ ਕੱਢਕੇ ਗੱਲ੍ਹੀਂ ਲਾਉਣਾ ।

ਜਦ ਕੋਈ ਆਦਮੀ ਆਪਣੇ ਪੁਤ੍ਰ ਆਦਿਕ ਨਜੀਕੀ ਸੰਬੰਧੀ ਦੀਆਂ ਕਰਤੂਤਾਂ ਤੋਂ ਦੁਖੀ ਹੋਵੇ ਪਰ ਖੁਲ੍ਹਕੇ ਜ਼ਾਹਰ

ਨਾ ਕਰਨਾ ਚਾਹੇ, ਤਾਂ ਇਹ ਅਖਾਣ ਵਰਤੀਦਾ ਹੈ । ਭਾਵ ਜੇ ਲੁਕੀ ਹੋਈ ਬੁਰਾਈ ਨੂੰ ਨੰਗਿਆਂ ਕੀਤਾ, ਤਾਂ ਮੈਂ ਆਪ ਹੀ ਕੋਝਾ ਲਗਾਂਗਾ।

(੫) ਨਕੋਂ ਠੂਹੇਂ ਡਿਗਦੇ ਨੇ ।

ਜਿਸਦਾ ਬਹੁਤਾ ਫਿਟੇਂਵਾਂ ਦਸਣਾ ਹੋਵੇ ਉਸ ਲਈ ਵਰਤਦੇ ਨੇ ਕਿ ਉਸਦੇ ਤਾਂ ਨਕੋਂ ਠੂਹੇਂ ਡਿਗਦੇ ਨੇ ?

(੬) ਨਚਣ ਲਗੀ ਤੇ ਘੁੰਘਟ (ਘੁੰਡ) ਕਾਹਦਾ।

ਕਿਸੇ ਹੋਲੇ ਕੰਮ ਨੂੰ ਸਿਰ ਤੇ ਚੁਕਕੇ ਸ਼ਰਮਾਉਣ ਵਾਲੇ ਪਰ ਵਰਤੀਦਾ ਦਾ ਹੈ। ਭਾਵ ਜਦ ਨੱਚਣ ਦੀ ਬੇਸ਼ਰਮੀ ਝਲ ਲਈ ਤਦ ਘੁੰਡ ਉਸ ਸ਼ਰਮ ਨੂੰ ਕੀ ਬਚਾ ਸਕਦਾ ਹੈ ?

ਦੇਖੋ:—ਖੋਤੇ ਚੜੀ ਤੇ ਲਤਾਂ ਲਮਕਦੀਆਂ।

ਅੰਗ੍ਰੇਜ਼ੀ:—Love outgrows modesty.

(੭) ਨਚਣ ਵਾਲੀ ਦੇ ਪੈਰ ਨਿਚੱਲੇ ਨਹੀ ਰਹਿੰਦੇ ।

ਦੇਖੋ:—ਅਗੇ ਬੀਬੀ ਨਚਣੀ ਮਗਰੋਂ ਢੋਲਾਂ ਦੀ ਗੜੂੰਦ।

(੮) ਨਦੀ ਕਿਨਾਰੇ ਰੁਖੜਾ ਕਿਚਰਕੁ ਬੰਨ੍ਹੈ ਧੀਰ।

(ਗੁਰਬਾਣੀ)

ਬੁਢਾਪੇ ਉਪਰ ਇਹ ਅਖਾਣ ਘਟਾਈਦਾ ਹੈ । ਭਾਵ ਹੁਣ ਦਮ ਦਾ ਕੋਈ ਵਿਸਾਹ ਨਹੀਂ ।

(੯) **ਨਦੀ ਨਾਵ ਸੰਜੋਗੀ ਮੇਲੇ।** (ਗੁਰਬਾਣੀ)

ਆਪੋ ਵਿਚ ਵਿਛੜਨ ਦੇ ਵੇਲੇ ਕਹਿੰਦੇ ਹਨ। ਭਾਵ ਜਿਸ ਤਰ੍ਹਾਂ ਬੇੜੀ ਦੇ ਪੂਰ ਦੇ ਬੰਦੇ ਮੁੜਕੇ ਸਬਬ ਨਾਲ ਹੀ ਕੱਠੇ ਹੁੰਦੇ ਹਨ ਉਸੇ ਤਰ੍ਹਾਂ ਫੇਰ ਮਿਲਣ ਦਾ ਕੋਈ ਪਤਾ ਨਹੀਂ ਕਦ ਅਵਸਰ ਮਿਲੇ।

(੧੦) **ਨਰਦ ਦੇ ਥਾਂ ਕੋਲ਼ਾ।**

ਜਦ ਕਿਸੇ ਚੰਗੀ ਚੀਜ਼ ਦੀ ਥਾਂ ਝੱਟ ਟਪਾਣ ਲਈ ਮੰਦੀ ਰਖਕੇ ਗੁਜਾਰਾ ਕੀਤਾ ਜਾਵੇ, ਤਾਂ ਕਹਿੰਦੇ ਹਨ।

(੧੧) **ਨਰੋਈ ਗੰਢੇ ਅਕ ਨਹੀਂ ਢੋਈਦਾ।**

ਜਦ ਕੋਈ ਆਦਮੀ ਬੇਲੋੜਾ ਹੀ ਕੋਈ ਕੰਮ ਕਰਦਾ ਦਿਸੇ, ਤਾਂ ਉਸਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ।

(੧੨) **ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ।**

ਕਿਸੇ ਨਵੇਂ ੨ ਕੰਮ ਦੀ ਪੋਚਾ ਪਾਚੀ ਵੇਖਕੇ ਸਿਆਣੇ ਕਹਿ ਦੇਂਦੇ ਹਨ। ਭਾਵ ਇਹ ਕਿ ਨਵਾਂ ਜੋਸ਼ ਥੋੜਾ ਚਿਰ ਹੀ ਹੁੰਦਾ ਹੈ, ਤੇ ਪੁਰਾਣੇ ਤਜਰਬਾਕਾਰਾਂ ਦਾ ਸਾਹ ਲੰਮਾ ਹੁੰਦਾ ਹੈ।

(੧੩) **ਨਵੀਂ ਰੂੰ ਤੇ ਤੇਰ੍ਹੀਂ ਕਪਾਹ।**

ਜਦ ਘਟੀਆ ਚੀਜ਼ ਮਹਿੰਗੀ, ਤੇ ਕੀਮਤੀ ਚੀਜ਼ ਸਸਤੀ ਮਿਲਦੀ ਦਿਸੇ, ਤਾਂ ਕਹਿੰਦੇ ਹਨ।

(੧੪) **ਨਵੇਂ ਘੁਰਾਡੇ ਦੀ ਹੂਲ ਡਾਢੀ ਹੁੰਦੀ ਏ।**

ਪੁਰਾਣੇ ਕੰਮ ਕਰਦਿਆਂ ਵਿਚ ਕੋਈ ਨਵਾਂ ਆਦਮੀ ਆਕੇ ਚਾਲਾਕੀ ਦਿਖਾਵੇ, ਤਾਂ ਬੋਲਦੇ ਹਨ।

(੧੫) ਨਾਈਆਂ ਦੀ ਜੰਞ ਵਿਚ ਸਭੋ ਰਾਜੇ।

ਰਾਜੇ = ਨਾਈ ਦਾ ਵਡਿਆਈ ਵਾਲਾ ਨਾਂ ਰਾਜਾ ਹੈ।

ਜਦ ਇਕੋ ਕਸਬ ਵਾਲੇ ਬਹੁਤੇ ਆਦਮੀ ਕਠੇ ਹੋਕੇ ਆਪੋ ਆਪਣੀ ਗੱਲ ਚਲਾਉਣ ਤਾਂ ਵਰਤਦੇ ਹਨ। ਭਾਵ ਮਾੜਾ ਕਿਸਨੂੰ ਆਖੀਏ, ਹੋਏ ਤਾਂ ਸਾਰੇ ਹੀ ਰਾਜੇ ?

(੧੬) ਨਾਈਆ ਵਾਲ ਵੱਡੇ ਨੇ? ਹਛਾ ਜਜਮਾਨ ਤੇਰੇ ਅਗੇ ਹੀ ਆਉਣਗੇ!

ਜਦ ਕਿਸੇ ਨੂੰ ਕੋਈ ਗੱਲ ਬਹੁਤ ਔਖੀ ਸੁਝਾਈ ਜਾਵੇ, ਤੇ ਉਹ ਇਸਦਾ ਇਲਾਜ ਅਗੇ ਹੀ ਸੋਚੀ ਬੈਠਾ ਹੋਵੇ, ਤਦ ਬੋਲਦਾ ਹੈ। ਭਾਵ ਮੈਂ ਇਸ ਨੂੰ ਚੰਗੀ ਤਰ੍ਹਾਂ ਨਜਿਠ ਲਵਾਂਗਾ।

(੧੭) ਨਾ ਸੁੱਤੀ ਨਾ ਕਤਿਆ।

ਜਦ ਇਹ ਦਸਣਾ ਹੋਵੇ ਕਿ ਨਾ ਤੇ ਕੰਮ ਕੀਤਾ ਗਿਆ ਅਰ ਨਾ ਹੀ ਵੇਹਲ ਦਾ ਲਾਭ ਉਠਾਇਆ, ਤਾਂ ਬੋਲਦੇ ਹੋਨ।

(੧੮) ਨਾ ਕਰ ਲੇਖਾ ਸ਼ਾਹਾਂ ਨਾਲ ਕੁਝ ਦੇਣਾ ਆਊ।

ਜਦ ਕੋਈ ਮੰਗ ਕਰਦਾ ਕਰਦਾ ਲੇਖਾ ਕੀਤਿਆਂ ਸਗੋਂ ਦੇਣਦਾਰ ਨਿਕਲ ਆਵੇ, ਤਾਂ ਵਰਤਦੇ ਹਨ।

(੧੯) ਨ ਕਾਹੂ ਕੀ ਦੋਸਤੀ ਨਾ ਕਾਹੂ ਸੇ ਵੈਰ।

ਆਪਣੇ ਲਈ ਇਹ ਦਸਣ ਵਾਸਤੇ ਕਿ ਸਭ ਨੂੰ ਇਕ ਅਖ ਨਾਲ ਵੇਖਦੇ ਹਾਂ, ਇਹ ਅਖਾਣ ਵਰਤਦੇ ਹਨ।

(੨੦) ਨਾਚ ਨ ਜਾਣੇ ਅੰਙਣ ਟੇਢਾ।

ਦੇਖੋ:—ਆਪ ਕੁਚੱਜੀ ਵੇਹੜੇ ਨੂੰ ਦੋਸ਼।

(੨੧) ਨਾ ਚੋਰ ਲਗੇ ਤੇ ਨਾ ਕੁੱਤਾ ਭੌਂਕੇ ।

ਕਿਸੇ ਨੂੰ ਇਹ ਸਮਝਾਉਣ ਲਈ ਕਿ ਐਸਾ ਕੰਮ ਕਰੋ ਹੀ ਨਾ ਜਿਸ ਨਾਲ ਬਦਨਾਮੀ ਹੋਵੇ, ਇਹ ਅਖਾਣ ਵਰਤਦੇ ਹਨ ।

(੨੨) ਨ੍ਹਾਤਾ ਕਿਰਾੜ, ਤੇ ਭੁਖਾ ਬਘਿਆੜ।

ਜਿਸ ਵੇਲੇ ਕੋਈ ਨ੍ਹਾ ਧੋਕੇ ਆਵੇ ਤਾਂ ਕੁਝ ਖਾਣ ਨੂੰਮੰਗਦਾ ਹੈ, ਤਦ ਵਰਤਦੇ ਹਨ । ਭਾਵ ਜਦ ਕਿਰਾੜ ਨ੍ਹਾ ਜਾਵੇ, ਤਾਂ ਭੁਖੇ ਬਘਿਆੜ ਵਾਂਗ ਖਾਣ ਨੂੰ ਮੰਗਦਾ ਹੈ।

(੨੩) ਨ੍ਹਾਤੀ ਧੋਤੀ ਰਹਿ ਗਈ, ਤੇ ਉੱਤੇ ਮੱਖੀ ਬਹਿ ਗਈ ।

ਜਦ ਕਿਸੇ ਕੰਮ ਦੀ ਤਿਆਰੀ ਹੋਈ ਹਵਾਈ ਰਹਿ ਜਾਵੇ, ਤਾਂ ਕਹਿੰਦੇ ਹਨ।

(੨੪) ਨਾ ਦੇਸ ਢੋਈ, ਨਾ ਪ੍ਰਦੇਸ ਢੋਈ।

ਜਿਸ ਆਦਮੀ ਨੂੰ ਕਿਤੇ ਟਿਕਾਣਾ ਨ ਮਿਲੇ, ਉਸ ਲਈ ਇਹ ਅਖਾਣ ਵਰਤਦੇ ਹਨ।

(੨੫) ਨਾਨੀ ਖਸਮ ਕੀਤਾ ਸਚ, ਤੇ ਖੂਹ ਲਵਾਇਆ ਝੂਠ ।

ਜਿਸ ਆਦਮੀ ਤੋਂ ਕੇਵਲ ਭੈੜ ਦੀ ਹੀ ਆਸ ਹੋਵੇ, ਜੇ ਉਸਦੀ ਕੋਈ ਚੰਗੀ ਗੱਲ ਦਸੇ, ਤਾਂ ਆਪਣੀ ਬੇਇਤਬਾਰੀ ਦਸਣ ਲਈ ਇਹ ਅਖਾਣ ਵਰਤਦੇ ਹਨ।

(੨੬) ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ।

ਜਾਂ

(੨੭) ਨਾਨੀ ਖਸਮ ਕੀਤਾ ਦੋਹਤੇ ਨੂੰ ਚੱਟੀ ।

ਜਦ ਫੈਦਾ ਤਾਂ ਕੋਈ ਹੋਰ ਉਠਾਵੇ, ਜਾਂ ਗਲਤੀ ਕਿਸੇ ਹੋਰ ਦੀ ਹੋਵੇ, ਤੇ ਡੰਡ ਕਿਸੇ ਹੋਰ ਨੂੰ ਮਿਲੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—One slays another pays.

(੨੮) ਨਾ ਨੌਂ ਮਣ ਤੇਲ ਹੋਵੇ, ਨਾ ਰਾਧਕਾਂ ਨੱਚੇ।

ਜੇ ਕੋਈ ਆਦਮੀ ਕਿਸੇ ਗੱਲ ਦੇ ਪੂਰਾ ਕਰਨ ਲਈ ਔਖੀਆਂ ੨ ਸ਼ਰਤਾਂ ਦਸੇ, ਤਾਂ ਕਹਿੰਦੇ ਹਨ।

(੨੯) ਨਾ ਬਾਸੀ ਰਹੇ ਨਾ ਕੁੱਤਾ ਖਾ ।

ਦੇਖੋ:—ਨਾ ਚੋਰ ਲਗੇ ਨਾ ਕੁੱਤਾ ਭੌਂਕੇ।

(੩੦) ਨਾ ਮਰੇ ਨਾ ਮੰਜੀ ਛੱਡੇ ।

ਕਿਸੇ ਤੋਂ ਅੱਕਕੇ ਇਹ ਅਖਾਣ ਬੋਲਿਆ ਜਾਂਦਾ ਹੈ। ਭਾਵ ਇਹ ਕਿ ਗਲੋਂ ਨਹੀਂ ਲਹਿੰਦਾ।

(੩੧) ਨਾਂ ਮੀਏਂ ਦਾ ਮਿਸਰੀ ਖਾਂ, ਮੂੰਹ ਵਿਚ ਪਾਓ ਸਵਾਹ ਵੀ ਨਾ ।

ਦੇਖੋ:—ਅਖਰ ਇਕ ਨ ਜਾਣਦਾ ਨਾਂ ਜੇ ਇਲਮਦੀਨ।

(੩੨) ਨਾਂ ਨਾਲੇ ਦਾ, ਰੇੜ੍ਹ ਦੁਆਲੇ ਦਾ ।

ਦੇਖੋ:—ਦੰਮ ਲਗਣ ਸ਼ਾਹਾਂ ਦੇ ਸਬੂਣਗਰਾਂ ਦਾ ਨਾਂ ।

(੩੩) ਨਾਂ ਮੇਰਾ ਚੁਆਤੀ ਨੀ, ਕੋਈ ਘਰ ਸੜਵਾਓ ।

ਜਦ ਕੋਈ ਲਾਉਣ ਬੁਝਾਉਣ ਵਿਚ ਹੀ ਰੁਝ੍ਹਾ ਰਹੇ ਤਾਂ ਬੋਲੀਦਾ ਹੈ। ਤੀਵੀਆਂ ਵਿਚ ਬਹੁਤ ਪ੍ਰਚਲਿਤ ਹੈ ।

(੩੪) ਨਾ ਲਹਿਣਾ ਨਾ ਦੇਣਾ, ਨਾ ਕਾਹੇ ਨੂੰ ਮਸਲੇ ।

ਜੋ ਆਦਮੀ ਖਾਹਮੁਖਾਹ ਪ੍ਰਧਾਨ ਬਨਦਾ ਫਿਰੇ ਉਸਨੂੰ ਵੇਖਕੇ ਇਹ ਅਖਾਣ ਬੋਲਦੇ ਹਨ।

(੩੫) ਨਾਲੇ ਕੋਹਵੇਂ ਨਾਲੇ ਰੋਣ ਨ ਦੇਵੇਂ ।

ਕੋਈ ਡਾਢਾ ਦੁਖ ਦੇਕੇ ਫਿਰ ਫਰਿਆਦ ਭੀ ਨ ਕਰਨ ਦੇਵੇ, ਤਾਂ ਕਹਿੰਦੇ ਹਨ।

(੩੬) ਨਾਲੇ ਖਾਈਏ ਅੰਬ ਨਾਲੇ ਲਈਏ ਗਿਟਕਾਂ ਦਾ ਮੁੱਲ। ਜਾਂ

) ੩੭) **ਨਾਲੇ ਖਾ ਖੁਮਾਨੀਆਂ ਨਾਲੇ ਖਾ ਬਦਾਮ।**

ਜਾਂ

(੩੮) **ਨਾਲੇ ਪੁੰਨ ਨਾਲੇ ਫਲੀਆਂ ।**

ਜਾਂ

(੩੯) **ਨਾਲੇ ਦੇਵੀ ਦਾ ਦਰਸ਼ਨ ਨਾਲੇ ਮੁੰਞ ਬਗੜ ਦਾ ਸੌਦਾ ।**

ਜਦ ਕਿਸੇ ਨੂੰ ਦਸਣਾ ਹੋਵੇ ਕਿ ਇਸ ਕੰਮ ਵਿਚ ਤੈਨੂੰ ਦੂਹਰਾ ਲਾਭ ਹੋਵੇਗਾ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—To shot two birds with one stone

ਫਾਰਸੀ:—ਚਿ ਖੁਸ਼ ਬਵਦ ਕਿ ਆਇਦ ਬਯਕ ਕ੍ਰਿਸ਼ਮਾ ਦੋ ਕਾਰ।

(੪੦) **ਨਾਲੇ ਖਾਂਦੀ ਏ, ਨਾਲੇ ਘੂਰਦੀ ਏ।**

ਕੋਈ ਵੇਹਲਾ ਆਦਮੀ ਜਦ ਖਵਾਉਣ ਵਾਲੇ ਤੇ ਹੀ ਆਪਣਾ ਦਬ ਦਬਾ ਪਾਉਂਦਾ ਦਿਸੇ, ਤਾਂ ਕਹਿੰਦੇ ਹਨ।

(੪੧) **ਨਾਲੇ ਚੋਪੜੀਆਂ ਨਾਲੇ ਦੋ ਦੋ ।**

ਜਦ ਕੋਈ ਆਦਮੀ ਹਰ ਪਾਸਿਓਂ ਲਾਭ ਹੀ ਲਾਭ ਦੀ ਆਸ ਰਖੀ ਫਿਰੇ, ਤਾਂ ਉਸਨੂੰ ਕਹਿੰਦੇ ਹਨ।

(੪੨) **ਨਾਲੇ ਚੋਰ ਨਾਲੇ ਚਤਰ ।**

ਜਦ ਕੋਈ ਆਦਮੀ ਕਸੂਰ ਵਾਰ ਹੁੰਦਾ ਹੋਇਆ ਭੀ ਬਹੁਤ ਸਫਾਈਆਂ ਚਲਾਕੀਆਂ ਕਰੇ, ਤਾਂ ਬੋਲਦੇ ਹਨ।

(੪੩) ਨਾਲੇ ਮਾਸੀ ਨਾਲੇ ਚੂੰਢੀਆਂ ।

ਜਦ ਕੋਈ ਆਦਮੀ ਕਿਸੇ ਬੰਦੇ ਨਾਲ ਉਪਰੋਂ ਮਿੱਠਾ ਵਰਤੇ ਪਰ ਤਰੀਕੇ ਨਾਲ ਉਸਦਾ ਨੁਕਸਾਨ ਭੀ ਕਰਦਾ ਹੋਵੇ, ਤਾਂ ਵਰਤਦੇ ਹਨ।

(੪੪) ਨਾਲੇ ਮੰਗਣ ਚੜ੍ਹਨਾਂ, ਨਾਲੇ ਟਿੰਡ ਲੁਕਾਉਣੀ ।

ਦੇਖੋ:—ਨਚਣ ਲਗੀ ਤਾਂ ਘੁੰਗਟ ਕਾਹਦਾ ।

(੪੫) ਨਾਲੇ ਰਾਹ ਵਿਚ ਹਗੇ, ਨਾਲੇ ਆਨੇ ਟਡੇ ।

ਜਦ ਕੋਈ ਆਦਮੀ ਕਿਸੇ ਦਾ ਨੁਕਸਾਨ ਕਰਕੇ ਉਲਟਾ ਆਕੜੇ, ਤਾਂ ਕਹਿੰਦੇ ਹਨ।

(੪੬) ਨਿੱਕਾ ਪੀਹ, ਗੁੰਨ੍ਹ ਗੋ, ਰੋਟੀ ਉਤੇ ਟਿਕੀ ਹੋ।

ਇਸਤ੍ਰੀ ਨੂੰ ਸਿਖਿਆ ਹੈ ਕਿ ਜੇਕਰ ਧਿਆਨ ਨਾਲ ਮਹੀਨ ਪੀਹੇ, ਤੇ ਆਟੇ ਨੂੰ ਗੋ ਗੋ ਕੇ ਗੁੰਨ੍ਹੇ, ਤਦ ਇਕ ਰੋਟੀ ਪਿਛੇ ਟਿਕੀ ਵਧੀਕ ਬਣੇਗੀ। ਕੋਝੀ ਚੀਜ਼ ਨਾਲੋਂ ਸੁਥਰੀ ਚੀਜ਼ ਸਵਾਇਆ ਕੰਮ ਦੇਂਦੀ ਹੈ।

(੪੭) ਨਿਕੰਮੀਏ ਜੱਟੀਏ ਉੱਨ ਵੇਲ, ਉੱਨ ਨਹੀਂ ਤਾਂ ਘਸੁੰਨ ਫੇਰ ।

ਕਿਸੇ ਨੂੰ ਰੁਝੇ ਰਹਿਣ ਦਾ ਉਪਦੇਸ਼ ਕਰਨ ਲਈ ਵਰਤਦੇ ਹਨ।

(੪੮) ਨਿਤ ਕੁਟੇਂਦੀ ਪਾਰੋ, ਵੇ ਛੁਡਾਇਓ ਚੌਂਕੀਦਾਰੋ ।

ਜਦ ਕਿਸੇ ਨੂੰ ਹਮੇਸ਼ਾ ਲੜਾਈ ਝਗੜਾ ਕਰਨ ਦੀ ਆਦਤ ਹੋਵੇ, ਤਾਂ ਉਸ ਉਪਰ ਬੋਲਦੇ ਹਨ। ਭਾਵ ਕੌਣ ਇਨ੍ਹਾਂ ਦੀ ਰੋਜ ਸੁਲਹ ਕਰਾਵੇ ।

(੪੯) ਨਿਵਾਣਾ ਦੇ ਪਾਣੀ ਨਿਵਾਣ ਹੀ ਜਾਂਦੇ ਨੇ।

ਜਦ ਕੋਈ ਆਦਮੀ ਆਪਣੇ ਸਾਕਾਂ ਨਾਲ ਲੜ ਭਿੜਕੇ ਫਿਰ ਉਨ੍ਹਾਂ ਨਾਲ ਜਾ ਮਿਲੇ, ਤਾਂ ਆਖਦੇ ਹਨ ।

(੫੦) ਨਿੰਮ ਨ ਹੁੰਦੀ ਮਿਠੀ ਸ਼ਕਰ ਗੁੜ ਘੀ ਨਾਲ, ਜੇਹੜਾ ਪਊ ਸੁਭਾ ਨਿਭੇਗਾ ਜੀ ਨਾਲ ।

ਬਹੁਤ ਸਮਝਾਉਣ ਉਪਰ ਭੀ ਕਿਸੇ ਦਾ ਸੁਭਾ ਨ ਬਦਲਦਾ ਦੇਖ ਇਹ ਅਖਾਣ ਬੋਲੀਦਾ ਹੈ।

ਵਾਰਸ ਸ਼ਾਹ ਨੇ ਲਿਖਿਆ ਹੈ—ਵਾਰੇ ਸ਼ਾਹ ਨ ਆਦਤਾਂ ਜਾਂਦੀਆਂ ਨੇ, ਭਾਵੇਂ ਕਟੀਏ ਪੋਰੀਆਂ ੨ ਜੀ ।

(੫੧) ਨੀ ਜੇ ਜਾਣਾ ਧੁਰ, ਤਾਂ ਤੇਰੀ ਕੀ ਫੁਰ।

ਦੇਖੋ:—ਮਕੇ ਜਾਣਾ ਤਾਂ ਮਜੌਰਾਂ ਨੂੰ ਕੀ ਪੁਛਣਾਂ ?

(੫੨) ਨੀਤ ਸਾਫ ਤੇ ਖੀਸਾ ਪੁਰ ।

ਜਦ ਇਹ ਸਮਝਾਉਣਾ ਹੋਵੇ ਕਿ ਨੀਤ ਸਾਫ ਨਾਲ

ਕੰਮ ਕਰਨ ਕਰਕੇ ਬਰਕਤ ਪੈਂਦੀ ਹੈ, ਤਾਂ ਬੋਲਦੇ ਹਨ।

(੫੩) ਨੀਮ ਹਕੀਮ ਤੇ ਖਤਰਾ ਜਾਨ ਦਾ, ਨੀਮ ਮੁੱਲਾਂ ਤੇ ਖਤਰਾ ਈਮਾਨ ਦਾ।

ਜਦ ਕਿਸੇ ਇੰਞਾਣ ਹਕੀਮ ਕੋਲ ਜਾਣ ਕਰਕੇ ਸਗੋਂ ਰੋਗ ਵਧ ਜਾਵੇ, ਤਾਂ ਬੋਲਦੇ ਹਨ।

ਵੇਖੋ:—ਅਨਜਾਣ ਵਿਦਯਾ ਪ੍ਰਾਣਾਂ ਦਾ ਖੌ।

ਅੰਗ੍ਰੇਜ਼ੀ:—Little knowledge is a dangerous thing.

(੫੪) ਨੂੰਹ ਸਸ ਲੜੀਆਂ, ਇਕੋ ਚੌਂਕੇ ਵੜੀਆਂ।

ਜਦ ਨੂੰਹ ਸਸ ਦੀ ਲੜਾਈ ਵੇਖ ਕੋਈ ਤੀਵੀਂ ਕਿਸੇ ਇਕ ਦੇ ਵਿਰੁਧ ਕਿਸੇ ਨਾਲ ਗੱਲ ਕਰੇ ਤਾਂ ਅਗੋਂ ਉਹ ਜੇ ਸਿਆਣੀ ਹੋਵੇ ਤਾਂ ਕਹਿੰਦੀ ਹੈ। ਭਾਵ ਇਹ ਕਿ ਉਨ੍ਹਾਂ ਨੇ ਤਾਂ ਫੇਰ ਇਕ ਹੋ ਜਾਣਾ ਹੈ, ਅਸੀਂ ਐਂਵੇ ਕਿਉਂ ਬੁਰੇ ਬਣੀਏ ?

(੫੫) ਨੂੰਹ ਮੰਜੇ ਸਸ ਪੰਦੇ, ਜੇ ਕੋਈ ਦਿਹਾੜਾ ਸੁਖ ਦਾ ਲੰਘੇ।

ਕਿਸੇ ਘਰ ਵਿਚ ਨੂੰਹ ਸੱਸ ਦੀ ਲੜਾਈ ਵੇਖ ਕਿਹਾ ਜਾ ਸਕਦਾ ਹੈ।

(੫੬) ਨੂੰਹਾਂ ਪੁਤਾਂ ਨੂੰ ਲੈ ਗਈਆਂ, ਧੀਆਂ ਨੂੰ ਲੈ ਗਏ ਹੋਰ, ਬੁੱਢੀ ਬੁੱਢਾ ਐਉਂ ਬੈਠੇ ਜਿਵੇਂ ਸੰਨ੍ਹ ਉਪਰ ਚੋਰ।

ਬੁਢੀ ਉਮਰ ਦੇ ਉਸ ਜੋੜੇ ਨੂੰ ਵੇਖ ਕੇ ਜੇਹੜੇ ਆਪਣੇ ਪੁੱਤਾਂ ਧੀਆਂ ਨੂੰ ਵਿਆਹ ਚੁਕੇ ਹੋਣ, ਤੇ ਪੁੱਤ ਵੀ ਉਨ੍ਹਾਂ ਤੋਂ ਵਖ ਹੋ ਚੁੱਕੇ ਹੋਣ, ਇਹ ਅਖਾਣ ਬੋਲਿਆ ਜਾਂਦਾ ਹੈ।

(੫੭) ਨੇਕੀ ਨੇਕਾਂ ਤੇ ਬਦੀ ਬਖੀਲਾਂ ।

ਜਦ ਕੋਈ ਆਦਮੀ ਨੇਕੀ ਕਰੇ, ਤਾਂ ਉਸਦੀ ਸਿਫਤ ਵਿਚ ਕਹਿੰਦੇ ਹਨ। ਉਪਦੇਸ਼ ਭੀ ਹੈ ਕਿ ਨੇਕ ਨਾਲ ਨੇਕੀ, ਤੇ ਬੁਰੇ ਨਾਲ ਬੁਰਾ ਬਣ ਕੇ ਹੀ ਗੁਜਾਰਾ ਹੁੰਦਾ ਹੈ।

(੫੮) ਨੇਕੀ ਬਰਬਾਦ ਗੁਨਾਹ ਲਾਜ਼ਮ ।

ਦੇਖੋ:—ਹਸਾਏ ਦਾ ਨਾਂ ਨਹੀਂ ਰੁਵਾਏ ਦਾ ਨਾਂ ਹੋ ਜਾਂਦਾ ਏ।

(੫੯) ਨੈਣਾਂਉਤੇਫੂੜੀਆਂ, ਡੂਬਮੋਈਆਂਚੂੜੀਆਂ।

ਕਿਸੇ ਹੋਛੇ ਤੇ ਨਿਕਾਰੇ ਆਦਮੀ ਦੇ ਐਵੇਂ ਰੋ ਪੈਣ ਤੇ ਬੋਲਦੇ ਹਨ।

(੬੦) ਨੈਂ ਲੰਘੀ ਤੇ ਖਵਾਜਾ ਵਿਸਰਿਆ ।

ਖਵਾਜਾ = ਪਾਣੀ ਦਾ ਦੇਵਤਾ।

ਦੇਖੋ:—ਕੋਠਾ ਉਸਰਿਆ ਤਰਖਾਣ ਵਿਸਰਿਆ।

(੬੧) ਨੌਂਕਰਾਂ ਅਗੇ ਚਾਕਰ ਤੇ ਚਾਕਰਾਂ ਅਗੇ ਚੂਕਰ ।

ਜਦ ਇਕ ਨੌਕਰ ਨੂੰ ਕੋਈ ਕੰਮ ਕਿਹਾ ਜਾਵੇ, ਉਹ ਅਗੇ ਹੋਰ ਨੂੰ ਕਹਿ ਦੇਵੇ, ਤੇ ਉਹ ਹੋਰ ਨੂੰ, ਤਾਂ ਆਖੀਦਾ ਹੈ।

(੬੨) ਨੌਕਰੀ ਕੀ ਤੇ ਨਖਰਾ ਕੀ ?

ਕਿਸੇ ਨੌਕਰ ਨੂੰ ਮਾਲਕ ਅਗੇ ਮਜਾਜ਼ ਕਰਨ ਤੋਂ ਰੋਕਣ ਲਈ ਵਰਤਦੇ ਹਨ, ਜਾਂ ਇਸ ਮਜਾਜ਼ ਦਾ ਨਤੀਜਾ ਉਸ ਲਈ ਬੁਰਾ ਵੇਖਕੇ ਬੋਲਦੇ ਹਨ ।

ਅੰਗ੍ਰੇਜ਼ੀ:—They that are bound must obey.

(੬੩) ਨੌਕਰੀ ਦੀ ਜੜ੍ਹ ਜਮੀਨ ਤੋਂ ਗਿਠ ਉਚੀ ਹੁੰਦੀ ਹੈ ।

ਨੌਕਰੀ ਦਾ ਕੋਈ ਭਰਵਾਸਾ ਨਹੀਂ ਕਿ ਕਦ ਟੁੱਟ ਜਾਏ, ਇਸ ਉਪਰ ਇਹ ਅਖਾਣ ਵਰਤਦੇ ਹਨ ।

(੬੪) ਨੌ ਕੋਹ ਦਰਿਆ ਤੰਬਾ ਮੋਢੇ ਤੇ ।

ਜਦ ਕੋਈ ਡਰੂ ਆਦਮੀ ਕਿਸੇ ਚਿਰਾਕੇ ਆਉਣ ਵਾਲੇ ਖਤਰੇ ਤੋਂ ਅੱਗੋਂ ਹੀ ਡਰ ਡਰ ਮਰਦਾ ਦਿਸੇ, ਤਾਂ ਇਹ ਅਖਾਣ ਬੋਲਦੇ ਹਨ ।

ਫਾਰਸੀ:—ਆਬ ਨਾ ਦੀਦਾ ਮੌਜ਼ਾ ਕਸ਼ੀਦਾ ।

(੬੫) ਨੌਂ ਦਿਨ ਨੰਦਾ ਘਰ ਲੋਕਾਂ ਦੇ ਨੌਂ ਨੰਦੇ ਦੇ ਘਰ,ਬਹਿ ਨੰਦੇ ਨੇ ਲੇਖਾ ਕੀਤਾ ਨੰਦਾ ਘਰ ਦਾ ਘਰ ।

ਕੋਈ ਆਦਮੀ ਆਪਣਾ ਘਰ ਬਚਾਉਣ ਦੀ ਖਾਤਰ ਲੋਕਾਂ ਦੇ ਘਰੀਂ ਪ੍ਰਾਹੁਣਾ ਬਣਿਆ ਫਿਰੇ, ਤੇ ਓਨੇ ਕੁ ਹੀ ਪਾਹੁਣੇ ਉਹਦੇ ਘਰ ਇਕੋ ਦਿਨ ਆ ਜਾਣ,ਤੇ ਲੇਖਾ ਬਰਾਬਰ

ਹੋ ਜਾਵੇ, ਤਾਂ ਉਸਦੀ ਤੀਵੀਂ ਜਾਂ ਹੋਰ ਕੋਈ ਕਹਿ ਸਕਦਾ ਹੈ।

(੬੬) ਨੌਂ ਨਕਦ, ਨਾ ਤੇਰਾਂ ਉਧਾਰ।

ਜਦ ਇਹ ਸਮਝਾਉਣਾ ਹੋਵੇ ਕਿ ਉਧਾਰ ਕਰਨ ਨਾਲੋਂ ਕੁਝ ਥੋੜੇ ਰੁਪਏ ਨਕਦ ਲੈ ਲੈਣੇ ਚੰਗੇ ਹਨ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A bird in hand is worth two in the bush.

(੬੭) ਨੌਂ ਨਿੱਧਾਂ ਤੇ ਬਾਰਾਂ ਸਿੱਧਾਂ।

ਜਦ ਇਹ ਕਹਿਣਾ ਹੋਵੇ ਕਿ ਉਸਦੇ ਘਰ ਸੋਨੇ ਦੀ ਗੰਗਾ ਵਗਦੀ ਹੈ। (ਅਰਥਾਤ ਪੈਸੇ ਦੀ ਬੜੀ ਖੁਲ੍ਹ ਹੈ) ਤਾਂ ਕਹਿੰਦੇ ਹਨ।

(੬੮) ਨੌਂ ਮਣ ਲੋਹਾ ਅਫ਼ੀਮ ਹੀ ਸਹੀ।

ਕਿਸੇ ਨੇ ਲੋਹਾ ਵੇਚ ਵੇਚਕੇ ਅਫ਼ੀਮ ਖਾ ਲਈ ਸੀ, ਉਸ ਤੋਂ ਇਹ ਅਖਾਣ ਬਣ ਗਿਆ। ਜਦ ਕੋਈ ਆਪਣਾ ਕੀਮਤੀ ਮਾਲ ਵੇਚਕੇ ਚਾਟਾਂ ਦੇ ਮੂੰਹ ਉਜਾੜ ਦੇਵੇ, ਤਾਂ ਵਰਤੀਦਾ ਹੈ।

(੬੯) ਨੰਗ ਮੁੰਡਾ ਚੋਰਾਂ ਵਿਚ ਖੇਡੇ।

ਦੇਖੋ:—ਸੁਖੀ ਸੌਣ ਸ਼ੇਖ, ਜਿਨ੍ਹਾਂ ਦੇ ਟੱਟੂ ਨਾ ਮੇਖ।

(੭੦) ਨੰਗੀ ਨ੍ਹਾਊ ਕੀ ਤੇ ਨਿਚੋੜੂ ਕੀ?

ਦੇਖੋ:—ਕੀ ਪਿੱਦੀ ਤੇ ਕੀ ਪਿੱਦੀ ਦਾ ਸ਼ੋਰਬਾ।

*****
* ਪ *
* *
*****

(੧) ਪਹਾੜ ਨਾਲ ਟੱਕਰ ਲਾਇਆਂ ਸਿਰ ਹੀ ਭੱਜਣਾ ਹੈ ।

ਜਦ ਇਹ ਸਮਝਾਉਣਾ ਹੋਵੇ ਕਿ ਆਪ ਤੋਂ ਵਡੇ ਨਾਲ ਮੱਥਾ ਨਹੀਂ ਡਾਹੀਦਾ, ਤਾਂ ਕਹਿੰਦੇ ਹਨ ।

(੨) ਪਹਿਨੀ ਤੇ ਸੱਠਾਂ ਦੀ ਜੋੜੀ, ਨਹੀ ਤੇ ਨਕੋਂ ਵੀ ਬੋੜੀ ।

੧. ਬਹੁਤ ਸਾਰਾ ਖਰਚ ਕਰਕੇਭੀ ਜੇ ਕੋਈ ਚੋਖੀ ਕਸਰ ਰਹਿ ਜਾਵੇ, ਤਾਂ ਇਹ ਅਖਾਣ ਬੋਲਦੇ ਹਨ ।

੨. ਵਡੀ ਚੀਜ਼ ਦੀ ਆਸ ਤੇ ਛੋਟੀ ਨੂੰ ਪਸੰਦ ਨਾ ਕਰਨ ਵੇਲੇ ਭੀ ਬੋਲਦੇ ਹਨ ।

ਦੇਖੋ:—ਖਾਈਏ ਰੱਜਕੇ, ਨਹੀਂ ਤਾਂ ਸੌਂ ਰਹੀਏ ਮੂੰਹ ਕੱਜਕੇ ।

(੩) ਪਕੀ ਬੇਰੀ ਹੇਠਾਂ ਮਰਣਾ, ਨਹੀਂ ਤੇ ਨਹੀਂ ਮਰਣਾ ।

ਜਦ ਕਿਸੇ ਚੰਗੇ ਕੰਮ ਵਾਸਤੇ ਖਤਰਾ ਹੁੰਦਿਆਂ ਭੀ ਕੋਈ ਤਿਆਰ ਹੋ ਜਾਵੇ, ਤਾਂ ਕਹਿੰਦੇ ਹਨ ।

(੪) ਪਗ ਰਖਕੇ ਖੀਰ ਖਾਈਦੀ ਏ ।

ਮੂੰਹ ਦੇ ਸੁਆਦ ਪਿੱਛੇ ਕਪੜੇ ਭੀ ਵੇਚ ਖਾਣ ਵਾਲੇ ਉਪਰ ਵਰਤੀਦਾ ਹੈ।

(੫) ਪਤਣ ਮੇਉ ਨ ਛੇੜੀਏ ਹੱਟੀ ਤੇ ਕਰਾੜ,
ਬੰਨੇ ਜਟ ਨ ਛੇੜੀਏ ਭੰਨ ਸੁਟੇ ਬੂਥਾੜ।

ਮੇਉ = ਮਲਾਹ।

ਜਦ ਕਿਤੇ ਇਨ੍ਹਾਂ ਵਿਚੋਂ ਕਿਸੇ ਇਕ ਨਾਲ ਇਨ੍ਹਾਂ ਥਾਵਾਂ ਤੇ ਕਿਸੇ ਦੀ ਲੜਾਈ ਹੋ ਪਵੇ, ਤਾਂ ਕਹਿੰਦੇ ਹਨ। ਜਾਂ ਸਮਝਾਉਣਾ ਹੋਵੇ ਕਿ ਆਪਣੀ ਗਲੀ ਵਿਚ ਕੁੱਤਾ ਵੀ ਸ਼ੇਰ ਹੁੰਦਾ ਹੈ, ਤਾਂ ਕਹਿੰਦੇ ਹਨ।

(੬) ਪਤ ਪਰਤੀਤ ਅਰ ਖਰੀ ਨੀਤ।

ਇਹ ਇਕ ਮੰਗ ਹੈ ਕਿ ਆਦਮੀਦੀ ਕੇਵਲਨੀਤ ਸਾਫ ਚਾਹੀਏ, ਤੇ ਇਜ਼ਤ ਤੇ ਭਰੋਸਾ ਭੀ ਹੋਣਾ ਚਾਹੀਏ, ਬਸ ਫੇਰ ਹੋਰ ਕੋਈ ਲੋੜ ਨਹੀਂ।

(੭) ਪਰ ਘਰ ਗਈ ਨ ਬਹੁੜਦੀ ਪੋਥੀ,
ਲਿਖਣ, ਨਾਰ ?

ਜਦ ਇਹ ਸਮਝਾਉਣਾ ਹੋਵੇ ਕਿ ਇਹ ਤਿੰਨੇ ਚੀਜ਼ਾਂ ਮੰਗਵੀਆਂ ਨਹੀਂ ਦੇਣੀਆਂ ਚਾਹੀਦੀਆਂ, ਤਾਂ ਕਹਿੰਦੇ ਹਨ।

(੮) ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ।

ਵੇਖੋ:—ਹਥ ਕੰਙਣ ਨੂੰ ਆਰਸੀ ਕੀ।

ਅੰਗ੍ਰੇਜ਼ੀ:—Speak not against the sun.

(੯) ਪਰ ਮਰੇ, ਪਰਮੇਸ਼ਰ ਜਾਗੇ।

ਜਦ ਇਹ ਸਮਝਾਉਣਾ ਹੋਵੇ ਕਿ ਦੂਈ ਤਿਆਗਿਆਂ ਬਰਕਤ ਪੈਂਦੀ ਹੈ, ਤਾਂ ਕਹਿੰਦੇ ਹਨ।

(੧੦) ਪਰਾਏ ਸਿਰ ਮੋਲਾ ਕਪਾਹੋਂ ਵੀ ਕੂਲਾ।

ਜਦ ਕੋਈ ਆਦਮੀ ਦੂਜੇ ਉਪਰ ਬੋਝ ਪਾਉਣ ਲਗਾ ਉਸਦੀ ਤਾਕਤ ਜਾਂ ਤੌਫੀਕ ਦਾ ਕੋਈ ਅੰਦਾਜ਼ਾ ਨਾ ਕਰੇ, ਤਦ ਬੋਲਦੇ ਹਨ।

(੧੧) ਪਰਾਏ ਪੈਰੀਂ ਕੋਹ ਵੀ ਕਦਮਾਂ ਜਿਡੇ ਭਾਸਦੇ ਨੇ।

ਜਦ ਸਵਾਰੀ ਦਾ ਪਰਬੰਧ ਹੋਣ ਕਰਕੇ ਕੋਈ ਸਫਰ ਛੇਤੀ ਮੁਕਿਆ ਮਾਲੂਮ ਹੋਵੇ, ਤਾਂ ਬੋਲਦੇ ਹਨ।

ਦੂਜੇ ਦੀ ਬਹੁਤ ਸਾਰੀ ਤਕਲੀਫ ਨੂੰ ਮਾਮੂਲੀ ਸਮਝਣ ਵਾਲੇ ਭੀ ਬੋਲਦੇ ਹਨ।

(੧੨) ਪਰਾਂ ਤੇ ਪਾਣੀ ਨਹੀਂ ਪੈਣ ਦੇਂਦਾ।

ਜਦ ਕੋਈ ਝੂਠਾ ਆਦਮੀ ਕਿਸੇ ਅਪ੍ਰਾਧ ਸਾਬਤ ਕਰ ਦੇਣ ਪਰ ਭੀ ਮੁਕਰੀ ਹੀ ਜਾਵੇ, ਤਦ ਬੋਲਦੇ ਹਨ।

(੧੩) ਪਰੀਆਂ ਦੀ ਪਰ੍ਹੇ ਤੇ ਭੂਤਨੇ ਪੈਂਚ।

ਜਦ ਕਿਸੇ ਚੰਗੀ ਥਾਂ ਦੀ ਪਰਧਾਨਗੀ ਕਿਸੇ ਭੈੜੇ ਨੂੰ ਦੇ ਦਿਤੀ ਜਾਵੇ, ਤਾਂ ਕਹਿੰਦੇ ਹਨ।

(੧੪) ਪਲੇ ਖਰਚ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼।

ਜਦ ਕਿਸੇ ਫਕੀਰ ਨੂੰ ਪੁਛਿਆ ਜਾਏ ਕਿ ਤੁਸੀ

ਸਫਰ ਲਈ ਕਿੰਨਾ ਖਰਚ ਬੰਨ੍ਹਿਆ ਹੈ, ਤਾਂ ਅਗੋਂ ਉਹ ਕਹਿੰਦਾ ਹੈ ।

(੧੫) ਪਲੇ ਨ ਸੇਰ ਆਟਾ, ਹੀਂਗਦੀ ਦਾ ਸੰਘ ਪਾਟਾ ।

ਦੇਖੋ:—ਹਥ ਨ ਪਲੇ, ਬਜ਼ਾਰ ਖੜੀ ਹਲੇ ।

(੧੬) ਪਲੇ ਨ ਧੇਲਾ, ਤੇ ਕਰਦੀ ਮੇਲਾ ੨ ।

ਦੇਖੋ:—ਹੱਥ ਨ ਪਲੇ, ਬਜ਼ਾਰ ਖੜੀ ਹਲੇ ।

(੧੭) ਪਲੇ ਪਿਆ ਵਿਹਾਜਣਾ ਭਾ ਪੁਛਦੀ ਜਾ।

ਜਦ ਇਹ ਦਸਣਾ ਹੋਵੇ ਕਿ ਗਲ ਪਿਆ ਢੋਲ ਵਜਾਉਣਾ ਹੀ ਪਵੇਗਾ, ਤਾਂ ਕਹਿ ਦੇਂਦੇ ਹਨ।

(੧੮) ਪਰ੍ਹਹਥੀਂ ਵਣਜ ਸੁਨੇਹੀਂ ਖੇਤੀ, ਕਦੇ ਨ ਹੁੰਦੇ ਬਤੀਆਂ ਦੇ ਤੇਤੀ ।

ਜਦ ਇਹ ਸਮਝਾਉਣਾ ਹੋਵੇ ਕਿ ਵਪਾਰ ਤੇ ਖੇਤੀ ਵਿਚ ਜਿੰਨਾਂ ਚਿਰ ਆਪ ਨ ਲਗੀਏ, ਉੱਨਾਂ ਚਿਰ ਕੁਝ ਫੈਦਾ ਹੋਣਾ ਔਖਾ ਹੈ, ਤਾਂ ਕਹਿੰਦੇ ਹਨ ।

(੧੯) ਪੜ੍ਹ ਪੁਖਤਾ ਤੇ ਲਿਖ ਲੋਹੜਾ ।

ਜਦ ਕੋਈ ਮੁੰਡਾ ਪੜ੍ਹਾਈ ਤੋਂ ਜੀ ਚੁਰਾਈ ਫਿਰੇ, ਤਦ ਉਸਦੀ ਲਿਆਕਤ ਦਸਣ ਲਈ ਇਹ ਅਖਾਣ ਪਾਉਂਦੇ ਹਨ। ਭਾਵ ਕੁਝ ਨਹੀਂ ਜਾਣਦਾ ।

(੨੦) **ਪੜ੍ਹ ਪੜ੍ਹ ਗਡੀ ਲਦੀਅਹਿ ਪੜ੍ਹ ੨ ਭਰੀਐ ਸਾਥ ।** (ਗੁਰਬਾਣੀ)

ਕਈ ਤਾਂ ਇਸ ਅਖਾਣ ਨੂੰ ਪੜ੍ਹਨ ਦੇ ਹਕ ਵਿਚ ਵਰਤ ਲੈਂਦੇ ਹਨ, ਤੇ ਕਈ ਹੋਰ ।

(੨੧) **ਪੜ੍ਹਿਆ ਏ ਗੁੜ੍ਹਿਆ ਨਹੀਂ ।**

ਗੁੜ੍ਹਿਆ = ਤਜਰਬਾ ਕਾਰ ਹੋਇਆ।

ਕਿਸੇ ਪੜ੍ਹੇ ਲਿਖੇ ਬੰਦੇ ਦੀ ਕੋਈ ਭੁਲ ਵੇਖਕੇ ਇਹ ਅਖਾਣ ਵਰਤਦੇ ਹਨ।

(੨੨) **ਪੜ੍ਹਿਆ ਨਹੀਂ ਕੜ੍ਹਿਆ ਏ ।**

ਕਿਸੇ ਪੜ੍ਹੇ ਲਿਖੇ ਬੰਦੇ ਨੂੰ ਵਧੇਰੇ ਗੁੱਸਾ ਆਉਂਦਾ ਵੇਖਕੇ ਕਿਹਾ ਜਾਂਦਾ ਹੈ।

(੨੩) **ਪੜ੍ਹਿਆ ਪੁਤ ਪੜਾਕੂ ਦਾ ਤੇ ਸੋਲਾਂ ਦੂਣੇ ਅਠ ।**

ਜਦ ਕੋਈ ਅਨਜਾਣ ਬੰਦਾ ਐਵੇਂ ਸਿਆਣਾ ਹੋਣ ਦਾ ਮਾਣ ਕਰੇ, ਤੇ ਇਸ ਮਾਣ ਵਿਚ ਕੋਈ ਗਲਤ ਗੱਲ ਕਹਿ ਬੈਠੈ, ਤਾਂ ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੨੪) **ਪੜ੍ਹੇ ਫਾਰਸੀ ਵੇਚੇ ਤੇਲ, ਇਹ ਦੇਖੋ ਇਹ ਕਰਮਾਂ ਦਾ ਖੇਲ।**

ਜਦ ਕੋਈ ਚੰਗਾ ਚੋਖਾ ਪੜ੍ਹਕੇ ਕਿਸੇ ਮਾੜੇ ਮੋਟੇ ਕੰਮ

ਤੇ ਲਗਾ ਹੋਇਆਂ ਦਿਸੇ, ਤਾਂ ਕਹਿੰਦੇ ਹਨ। ਫਾਰਸੀ ਪੜ੍ਹਕੇ ਨੌਕਰੀ ਨਾਂ ਮਿਲਨੀ ਪਿਛਲੇ ਜ਼ਮਾਨੇ ਵਿਚ ਬੜੀ ਅਸਚਰਜ ਗੱਲ ਸੀ।

(੨੫) ਪਾਣੀ ਖੂਹ ਦਾ, ਘਾਹ ਜੂਹ ਦਾ।

ਖੂਹ ਦਾ ਠੰਡਾ ਪਾਣੀ ਵੇਖ ਜਾਂ ਕਿਸੇ ਜੂਹ ਦਾ ਚੰਗਾ ਘਾਹ ਵੇਖਕੇ ਇਹ ਅਖਾਣ ਬੋਲਿਆ ਜਾਂਦਾ ਹੈ।

(੨੬) ਪਾਣੀ ਦਾ ਹਗਿਆ ਮੂੰਹ ਨੂੰ ਆਉਂਦਾ ਏ।

ਜਦ ਕੋਈ ਐਸੀ ਲੁਕਵੀਂ ਹਰਕਤ ਕਰੇ ਜਿਸਦਾ ਪੜਦਾ ਝਟ ਪਟ ਉਘੜ ਜਾਵੇ, ਤਦ ਉਸਨੂੰ ਸ਼ਰਮਿੰਦਾ ਕਰਨ ਲਈ ਇਹ ਅਖਾਣ ਵਰਤਦੇ ਹਨ। ਭਾਵ ਥਾਂ ਕੁਥਾਂ ਵੇਖਕੇ ਸ਼ਰਾਰਤ ਕਰਨੀ ਚਾਹੀਦੀ ਹੈ।

(੨੭) ਪਾਣੀ ਪੀਣਾ ਪੁਣ ਕੇ, ਤੇ ਮਾਹਣੂ ਖਾਣਾ ਚੁਣਕੇ।

ਕੋਈ ਆਦਮੀ ਬਾਹਰੋਂ ਤਾਂ ਬੜਾ ਸੰਤ ਮਹਾਤਮਾਂ ਬਣ ਬਣ ਦਸੇ, ਤੇ ਉਂਵ ਸਭ ਨੂੰ ਲੁਟਕੇ ਖਾਈ ਜਾਵੇ, ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੨੮) ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦਾ।

ਖਲੋਤਾ ਪਾਣੀ, ਜਾਂ ਇਕ ਥਾਂ ਅੜਾ ਜਮਾਈ ਬੈਠਾ ਸਾਧ ਵੇਖਕੇ ਇਹ ਅਖਾਣ ਬੋਲਦੇ ਹਨ।

ਅੰਗ੍ਰੇਜ਼ੀ:—Standing pools gather fish.

(੨੯) ਪਿਉ ਹੁੰਦਿਆਂ ਹਰਾਮਦਾ ਕੌਣ ਅਖਾਉਂ-ਦਾ ਏ ?

ਜਦ ਇਹ ਸਮਝਾਉਣਾ ਹੋਵੇ ਕਿ ਛੇਕੜ ਨੂੰ ਸਾਕ ਅੰਗ ਆਪੋ ਵਿਚ ਕਠੇ ਹੀ ਰਹਿਣਗੇ, ਤਾਂ ਕਹਿੰਦੇ ਹਨ।

(੩੦) ਪਿਛਲੇ ਮੋਏ ਪਿਛੇ ਦਬੇ ਗਏ ।

ਜਦ ਇਹ ਦਸਣਾ ਹੋਵੇ ਕਿ ਝੂਠੀ ਤੁਹਮਤ ਕੋਈ ਨਹੀਂ ਸਹਾਰਦਾ, ਜਾਂ ਪਲੇ ਪੈਸਾ ਹੁੰਦਿਆਂ ਲਹਿਣਦਾਰਾਂ ਦੀ ਗੱਲਾਂ ਨਹੀਂ ਸਹਾਰਦਾ, ਤਦ ਬੋਲਦੇ ਹਨ।

(੩੧) ਪਿੱਦੀ ਨੇ ਪੀਘਾਂ ਪਾਈਆਂ ਨੇ ।

ਜਦ ਕੋਈ ਵਿਹਾਰਕਾਰ ਜਾਂ ਸੁਲ੍ਹਾ ਸਫਾਈ ਦੀ ਗੱਲ ਬਾਤ ਹੋ ਰਹੀ ਹੋਵੇ, ਤੇ ਕੋਈ ਪੁਰਾਣੀ ਗੱਲ ਦਾ ਜ਼ਿਕਰ ਕਰ ਦੇਵੇ, ਤਦ ਉਸਨੂੰ ਰੋਕਣ ਲਈ ਇਹ ਅਖਾਣ ਪਾਈਦਾ ਹੈ ।

ਉਰਦੂ:-ਗੜ੍ਹੇ ਮੁਰਦੇ ਨਾ ਉਖਾੜੋ।

ਦੇਖੋ:—ਟਿੱਡੀਆਂ ਨੂੰ ਵੀ ਮੰਮੇ ਲਗ ਗਏ ਹਨ।

(੩੨) ਪਿੰਡ ਨੂੰ ਅਗ ਲਗੀ ਤੇਕੁੱਤਾ ਰੂੜੀ ਤੇ।

ਕਿਸੇ ਦੀ ਤਕਲੀਫ ਵੇਲੇ ਕੋਈ ਆਦਮੀ ਬੇ-ਪ੍ਰਵਾਹੀ ਨਾਲ ਲਾਂਭੇ ਹੋ ਰਹੇ, ਤਾਂ ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੩੩) ਪਿੰਡ ਬੱਝਾ ਨਾ ਉਚੱਕੇ ਅਗੋਂ ਹੀ।

ਜਦ ਕਿਸੇ ਕੰਮ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਉਸਦਾ ਨੁਕਸਾਨ ਕਰਨ ਵਾਲੇ ਪੈਦਾ ਹੋ ਜਾਣ, ਤਾਂ ਕਹਿੰਦੇ ਹਨ ।

(੩੪) ਪਿੰਡ ਵੜਨਾ ਨਾ ਮਿਲੇ, ਤੇ ਜੁਤੀਆਂ ਦਾ ਅਧ ।

ਕੋਈ ਆਦਮੀ ਜੋ ਅਸਲ ਵਿਚ ਕੋਈ ਹਸਤੀ ਨ ਰਖਦਾ ਹੋਵੇ, ਜੇ ਆਪਣੀ ਹਸਤੀ (Position) ਬੜੀ ਵਡੀ ਬਣਾ ੨ ਵਿਖਾਏ, ਤਾਂ ਕਹਿੰਦੇ ਹਨ।

ਵੇਖੋ:—ਅੰਙਣ ਬੈਠਾ ਭਾਵੇ ਨਾ ਕੁਛੜ ਬਹੇ ਨਿਲਜ।

(੩੫) ਪਿੰਡਾ ਵੇ ਅਗੂਾਂਹ, ਪੁੱਤਾ ਵੇ ਪਿਛਾਂਹ।

ਕੋਈ ਆਗੂ ਜਦ ਭੀੜ ਵੇਲੇ ਆਪਣਿਆਂ ਦਾ ਬਚਾ ਕਰੇ, ਤੇ ਹੋਰਨਾਂ ਨੂੰ ਕਹੇ, ਕਿ ਕਰ ਲੋ ਕੁਰਬਾਨੀ, ਤਾਂ ਬੋਲ ਸਕਦੇ ਹਨ।

(੩੬) ਪੀਓ ਭੰਗਾਂ ਤੇ ਸਵੇਂ ਬਾਗੀਂ ਪਿਛਲੇ ਜੀਉਣ ਕਰਮਾਂ ਦੀ ਭਾਗੀਂ ।

ਕਿਸੇ ਟਬਰ ਦੇ ਬੇ-ਪ੍ਰਵਾਹ ਮਾਲਕ ਲਈ ਇਹ ਅਖਾਣ ਵਰਤਿਆ ਜਾਂਦਾ ਹੈ।

(੩੭) ਪੀਹਣੇ ਦਾ ਕੀ ਪੀਹਣਾ ।

ਕਿਸੇ ਹੋ ਚੁੱਕੀ ਗੱਲ ਨੂੰ ਜੇ ਕੋਈ ਮੁੜ ਮੁੜ ਛੇੜੇ, ਤਾਂ ਉਸਨੂੰ ਸਮਝਾਉਣ ਲਈ ਵਰਤਦੇ ਹਨ।

ਉਰਦੂ:—ਪੀਸੇ ਕਾ ਕਿਆ ਪੀਸਨਾ।

ਫਾਰਸੀ:—ਆਜ਼ਮੂੋਦਾ ਰਾ ਆਜ਼ਮੂਦਨ ਜਿਹਲ ਅਸਤ।

(੩੮) ਪੀਸਣੇ ਦਾ ਪੀਸਣਾ ਤੇ ਰੰਘੜਊ ਦਾ ਰੰਘੜਊ।

ਜਦ ਕੋਈ ਖਾਨਦਾਨੀ ਆਦਮੀ ਗਰੀਬ ਹੋਕੇ ਹੌਲਾ ਕੰਮ ਕਰਨ ਲਗ ਜਾਵੇ, ਪਰ ਬਾਹਰ ਆਕੇ ਆਕੜ ਪੁਰਾਣੀ ਹੀ ਦਿਖਾਈ ਜਾਵੇ, ਤਦ ਵਰਤਦੇ ਹਨ।

ਵੇਖੋ:—ਰਸੀ ਸੜ ਗਈ, ਵੱਟ ਨਾ ਗਿਆ।

(੩੯) ਪੀਹ ਮੋਈ ਪਕਾ ਮੋਈ ਆਏ ਡੱਟੇ ਖਾ ਗਏ।

ਜਦ ਕੋਈ ਆਦਮੀ ਮੇਹਨਤ ਕਰਦਾ ਰਹੇ, ਤੇ ਹੋਰ ਕੋਈ ਆਕੇ ਲਾਭ ਉਠਾਕੇ ਖਿਸਕਦਾ ਹੋਵੇ; ਤਾਂ ਕਹਿੰਦੇਹਨ।

(੪੦) ਪੀਠਾ ਨਾ ਛੜਿਆ ਤੇ ਬੰਨ੍ਹੀ ਲੈ ਘਰ ਵੜਿਆ।

ਜਦ ਕੋਈ ਆਦਮੀ ਕਿਸੇ ਦੀ ਮੇਹਨਤ ਦਾ ਲਾਭ ਉਠਾ ਲਵੇ, ਤੇ ਆਪ ਕੋਈ ਹਿੰਮਤ ਨਾ ਕਰੇ, ਉਸ ਉਪਰ ਘਟਾਇਆ ਜਾਂਦਾ ਹੈ।

(੪੧) ਪੀਠਾ ਦਾਰੂ ਤੇ ਮੁੰਨਿਆਂ ਜੋਗੀ।

ਜਦ ਕੋਈ ਮਾਮਲਾ ਨਿਰਨਾ ਕਰਨ ਯੋਗ ਹਾਲਤ ਵਿਚੋਂ ਲੰਘ ਚੁਕਾ ਹੋਵੇ, ਤਦ ਬੋਲਦੇ ਹਨ । ਭਾਵ ਜੋ ਚੀਜ਼ ਪਿਸ ਗਈ ਭਾਵੇਂ ਉਸ ਵੇਲੇ ਕੋਈ ਸ਼ੈ ਸੀ, ਹੁਣ ਦਾਰੂ ਹੋ ਗਈ, ਤੇ ਜਦ ਮੁੰਨਿਆ ਗਿਆ, ਤਦ ਕੀ ਪਤਾ ਕਿ ਪਹਿਲਾਂ ਹਿੰਦੂ ਸੀ, ਮੁਸਲਮਾਨ ਸੀ, ਜਾਂ ਕੋਈ ਲੁਚਾ ਉਚੱਕਾ ਸੀ। ਜੋ ਹਾਲਤ ਇਸ ਵੇਲੇ ਹੈ ਉਸਦੀ ਗੱਲ ਕਰੋ, ਪਿਛਲੇ ਫੋਲਣੇ ਫੋਲਿਆਂ ਕੁਝ ਥਹੁ ਨਹੀਂ ਲਗਣਾ । ਕਈ ਆਦਮੀ ਇਸਦੀ ਉਲਟ ਵਰਤੋਂ ਵੀ ਕਰਦੇ ਹਨ।

(੪੨) ਪੀਰ ਪੁਤ ਤੇ ਰੰਨ ਗੁਰ ।

ਕਿਸੇ ਆਦਮੀ ਨੂੰ ਆਪਣੀ ਵਹੁਟੀ ਦਾ ਲਾਈ ਲਗ ਵੇਖਕੇ ਇਹ ਅਖਾਣ ਬੋਲ ਦੇਂਦੇ ਹਨ ।

(੪੩) ਪੁਟਿਆ ਪਹਾੜ ਤੇ ਨਿਕਲਿਆ ਚੂਹਾ।

ਜਦ ਬਹੁਤ ਸਾਰੀ ਮੇਹਨਤ ਦਾ ਤੁਛ ਜਿਹਾ ਨਤੀਜਾ ਨਿਕਲੇ, ਤਾਂ ਕਹਿੰਦੇ ਹਨ ।

ਵੇਖੋ:—ਸਾਰੀ ਰਾਤ ਭੰਨੀ ਤੇ ਕੁੜੀ ਜੰਮੀ ਅੰਨ੍ਹੀ।

(੪੪) ਪੁਤ ਕਪੁਤ ਹੋ ਜਾਂਦੇ ਨੇ, ਮਾਪੇ ਕੁਮਾਪੇ ਨਹੀਂ ਹੁੰਦੇ ।

ਮਾਪੇ ਆਪਣੇ ਪੁਤਰ ਦੀ ਕੋਈ ਭੁਲ ਮਾਫ ਕਰਨ ਲਗੇ ਕਹਿੰਦੇ ਹਨ । ਜਾਂ ਪੁਤਰ ਆਪਣੀਆਂ ਭੁੱਲਾਂ ਬਖ-ਸ਼ਾਉਣ ਲਈ ਕਹਿੰਦਾ ਹੈ।

(੪੫) ਪੁੱਤ ਕਪੁੱਤ ਪੰਘੂੜਿਓਂ ਹੀ ਪਛਾਣੇ ਜਾਂਦੇ ਨੇ।

ਦੇਖੋ:—ਜੰਮਦੀਆਂ ਸੂਲਾਂ ਦੇ ਮੂੰਹ ਤਿਖੇ।

ਅੰਗ੍ਰੇਜ਼ੀ:—Coming events cast their shadows before.

(੪੬) ਪੁਤ ਜੰਮਣ ਖਤਰਾਣੀਆਂ ਵਿਚ ਵਿਚ ਬਾਹਮਣੀਆਂ।

ਕਿਸੇ ਖਤਰੀ ਦੇ ਲੜਕੇ ਨੂੰ ਕੰਮ ਕਰਨ ਵਿਚ ਹੁਸ਼ਿਆਰ ਤੇ ਬ੍ਰਾਹਮਣ ਦੇ ਪੁਤ੍ਰ ਨੂੰ ਢਿੱਲਾ ਵੇਖਕੇ ਆਖਦੇ ਹਨ।

(੪੭) ਪੁਤ ਫਕੀਰਾਂ ਦੇ ਚਾਲ ਅਹਿਦੀਆਂ ਦੀ।

ਕਿਸੇ ਗਰੀਬ ਦੇ ਪੁਤਰ ਨੂੰ ਬਹੁਤਾ ਸ਼ੌਕੀਨ ਵੇਖਕੇ ਆਖਦੇ ਹਨ। ਕਈ ਇਸ ਅਖਾਣ ਨੂੰ "ਪੁੱਤ ਫਕੀਰਾਂ ਦੇ ਚਾ ਲਾਹਦੀਆਂ ਦੇ" ਕਰਕੇ ਵਰਤਦੇ ਹਨ। ਪਰ ਇਹ ਗਲਤ ਹੈ।

ਦੇਖੋ:—ਸੌਣਾ ਰੂੜੀਆਂ ਤੇ ਸੁਪਨੇ ਸ਼ੀਸ਼ ਮਹਿਲਾਂ ਦੇ।

(੪੮) ਪੁਤ ਬਿਗਾਨੇ ਚਟਣੇ ਮੂੰਹ ਲਾਲ੍ਹੀਂ ਭਰਨੇ।

ਜਦ ਕੋਈ ਲੈ-ਪਾਲਕ ਦੇ ਪੁਤਰ ਨੂੰ ਲਾਡ ਕਰਾਵੇ, ਤਦ ਦੂਸਰੇ ਕਹਿੰਦੇ ਹਨ। ਭਾਵ ਐਵੇਂ ਲਾਲ੍ਹਾਂ ਨਾਲ ਮੂੰਹ ਲਬੇੜਦਾ ਹੈ। ਵਡਾ ਹੋਕੇ ਇਸ ਨੇ ਅੰਗ ਕੋਈ ਨਹੀਂ ਪਾਲਣਾ।

(੪੯) ਪੁੱਤ ਕਪੁੱਤ ਪੰਘੂੜਿਓਂ ਜਾਪੇ।

ਕਿਸੇ ਬਾਲ ਦੇ ਲਛਣਾਂ ਨੂੰ ਦੇਖਕੇ ਉਸਦੇ ਨੇਕ ਜਾਂ

ਬੁਰਾ ਹੋਣ ਦਾ ਅਨੁਮਾਨ ਲਾਉਣ ਵਾਲੇ ਇਹ ਅਖਾਣ ਵਰਤਦੇ ਹਨ। ਭਾਵ ਨੇਕ ਬਚੇ ਪੰਘੂੜੇ ਵਿਚ ਖੇਡਦੇ ਹੀ ਪਰਖੇ ਜਾਂਦੇ ਹਨ।

ਦੇਖੋਃ—ਸੂਲਾਂ ਜੰਮਦੀਆਂ ਦੇ ਮੂੰਹ ਤਿਖੇ।

ਹਿੰਦੀ:—ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ।

(੫੦) ਪੁਤੜਿਓਂ ਭਾਗ, ਕੋਈ ਲਿਆਵੇ ਲਕੜੀਆਂ ਕੋਈ ਲਿਆਏ ਸਾਗ।

ਕਿਸੇ ਦੀ ਚੋਖੀ ਉਲਾਦ ਕੰਮ ਕਰਦੀ ਵੇਖ ਤੇ ਉਸਨੂੰ ਸੁਖ ਮਾਣਦਾ ਵੇਖਕੇ ਇਹ ਅਖਾਣ ਬੋਲਦੇ ਹਨ।

(੫੧) ਪੁੱਤੀਂ ਗੰਢ ਪਵੇ ਸੰਸਾਰ। (ਗੁਰਬਾਣੀ)

ਬੇ-ਉਲਾਦ ਬੰਦਿਆਂ ਨਾਲ ਅਫਸੋਸ ਕਰਨ ਲਈ, ਜਾਂ ਉਲਾਦ ਵਾਲੇ ਨੂੰ ਪਰਸੰਨ ਕਰਨ ਲਈ ਵਰਤਦੇ ਹਨ।

(੫੨) ਪੇਕੇ ਗਈਆਂ ਦੀ ਖੈਰ ਕੌਣ ਦਏ।

ਜਦ ਕੋਈ ਆਦਮੀ ਅਜੇਹੇ ਆਦਮੀ ਦੇ ਹਿਸੇ ਦੀ ਚੀਜ਼ ਮੰਗੇ ਜੋ ਉਥੇ ਨ ਹੋਵੇ, ਤਾਂ ਕਹਿੰਦੇ ਹਨ।

(੫੩) ਪੇਕੇ ਨਾ ਸਹੁਰੇ, ਡੂਬ ਮੋਈ ਨਨਿਔਹਰੇ।

ਜਦ ਕੋਈ ਆਦਮੀ ਆਪਣਾ ਟਿਕਾਣਾ ਛਡਕੇ ਦੂਜੇ ਦਾ ਆਸਰਾ ਲੈਣ ਜਾਵੇ, ਪਰ ਉਥੇ ਅਪੜਨ ਤੋਂ ਪਹਿਲਾਂ ਹੀ ਰਾਹ ਵਿਚ ਕਿਸੇ ਬਿਪਤਾ ਵਿਚ ਗ੍ਰਸਿਆ ਜਾਵੇ, ਤਦ ਵਰਤਦੇ ਹਨ।

(੫੪) ਪੇਟ ਨ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ।

ਜਦ ਇਹ ਸਮਝਾਉਣਾ ਹੋਵੇ ਕਿ ਭੁਖਿਆਂ ਨੂੰ ਹੋਰ ਕੁਝ ਨਹੀਂ ਸੁਝਦਾ, ਤਾਂ ਕਹਿੰਦੇ ਹਨ।

(੫੫) ਪੈਸਾ ਸੋ ਜੋ ਹੋਵੇ ਗੰਠ, ਵਿਦਿਆ ਸੋ ਜੋ ਹੋਵੇ ਕੰਠ।

ਜਦ ਇਹ ਸਿਖਿਆ ਦੇਣੀ ਹੋਵੇ ਕਿ ਪੈਸਾ ਪਲੇ ਜਰੂਰ ਰਖਣਾ ਚਾਹੀਦਾ ਹੈ, ਜਾਂ ਵਿਦਿਆ ਜ਼ਰੂਰ ਪੜ੍ਹਨੀ ਚਾਹੀਦੀ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Penny in the pocket is a good companion.

(੫੬) ਪੈਸਾ ਖੋਟਾ ਆਪਣਾ, ਬਾਣੀਏ ਨੂੰ ਕੀ ਦੋਸ਼।

ਜਦ ਇਹ ਕਹਿਣਾ ਹੋਵੇ ਕਿ ਸਾਡੀ ਆਪਣੀ ਹੀ ਉਲਾਦ ਭੈੜੀ ਹੈ, ਕਿਸੇ ਨੂੰ ਕੀ ਉਲਾਂਭਾ ਦੇਈਏ, ਤਾਂ ਬੋਲਦੇ ਹਨ।

ਫਾਰਸੀ:—ਗਰ ਨ ਬੀਨਦ ਬਰੋਜ਼ ਸ਼ਪਰਕ ਚਸ਼ਮ,
ਚਸ਼ਮਾ ਏ ਆਫਤਾਬ ਰਾ ਚੇ ਗੁਨਾਹ।

(੫੭) ਪੈਸੇ ਨੂੰ ਪੈਸਾ ਖਟਦਾ ਏ।

ਇਹ ਸਮਝਾਉਣ ਲਈ ਕਿ ਵਣਜ ਵਿਚ ਪੈਸਾ ਖਰਚ ਕਰਕੇ ਹੀ ਕੁਝ ਖਟੀ ਹੋ ਸਕਦੀ ਹੈ, ਇਹ ਅਖਾਣ

ਵਰਤਦੇ ਹਨ।

(੫੮) ਪੈਸੇ ਵਾਲੀ ਦਾ ਹੀ ਬਾਲ ਖੇਡਦਾ ਹੈ।

ਕੋਈ ਆਦਮੀ ਬਿਨਾਂ ਖਰਚ ਕੀਤੇ ਦੇ ਸੁਖ ਲੈਣਾ ਚਾਹੇ, ਤਾਂ ਵਰਤਦੇ ਹਨ। ਭਾਵ ਜੇ ਤੂੰ ਪੈਸਾ ਦੇ ਦੇਂਦੀਓਂ ਤਾਂ ਤੇਰੇ ਬਾਲ ਵਾਸਤੇ ਖਿਡੌਣਾ ਆ ਜਾਂਦਾ, ਜਬਾਨੀ ਸੁਨੇਹੇ ਦਾ ਕੀ ਫਲ ?

(੫੯) ਪੈਂਚ ਕਿਨ ਬਣਾਇਆ ? ਮੜ੍ਹੀਆਂ ਵਾਲਿਆਂ।

ਜਦ ਚੰਗਿਆਂ ਦੀ ਬੁੜ੍ਹੋਂ ਸਦਕਾ ਮਾੜਿਆਂ ਨੂੰ ਕੋਈ ਪਦਵੀ ਮਿਲ ਜਾਏ, ਤਾਂ ਕਹਿੰਦੇ ਹਨ।

(੬੦) ਪੈਂਚਾਂ ਦਾ ਕਿਹਾ ਸਿਰ ਮਥੇ ਪ੍ਰਨਾਲਾ ਉਥੇ ਹੀ।

ਕਿਸੇ ਆਦਮੀ ਨੂੰ ਕਿਸੇ ਕੰਮ ਤੋਂ ਰੋਕਿਆ ਜਾਵੇ, ਤੇ ਉਹ ਅਗੋਂ ਚੰਗਾ ਜੀ, ਚੰਗਾ ਜੀ ਕਹਿ ਛਡੇ, ਪਰ ਉਂਵ ਕਰੇ ਆਪਣੀ ਹੀ ਮਰਜ਼ੀ, ਤਾਂ ਕਹਿੰਦੇ ਹਨ।

(੬੧) ਪੈਰ ਕੁਹਾੜਾ ਮਾਰਿਆ ਗਾਫਲ ਆਪਣੇ ਹਾਥ। (ਗੁਰਬਾਣੀ)

ਜਦ ਕੋਈ ਆਦਮੀ ਆਪਣੇ ਹਥੀਂ ਆਪਣਾ ਨੁਕਸਾਨ ਕਰ ਲਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—You gathered a rod for your

own breach, you cut the branch on which you rest.

(੬੨) ਪੈਰ ਵਡੇ ਗਵਾਰਾਂ ਦੇ, ਸਿਰ ਵਡੇ ਸਰਦਾਰਾਂ ਦੇ ।

ਕਿਸੇ ਦੇ ਵਡੇ ਪੈਰ ਜਾਂ ਵਡਾ ਸਿਰ ਵੇਖਕੇ ਬੋਲਦੇਹਨ।

(੬੩) ਪੈਰਾਂ ਤੇ ਪਾਣੀ ਪੈਣ ਨਹੀਂ ਦੇਂਦਾ।

ਦੇਖੋ:—ਪਰਾਂ ਤੇ ਪਾਣੀ ਨਹੀਂ ਪੈਣ ਦੇਂਦਾ ਹੈ।

(੬੪) ਪੰਜਾਬੀ ਟੱਟੂ ਤੇ ਖੁਰਾਸਾਨੀ ਦੁਲੱਤੇ।

ਜਦ ਕੋਈ ਆਦਮੀ ਆਕੜ ਨਾਲ ਆਪਣੇ ਦੇਸਾਂ ਦੇ ਰਿਵਾਜਾਂ ਦੇ ਉਲਟ ਹੋਰ ਦੇਸਾਂ ਦੇ ਰਵਾਜ ਕਰਦਾ ਦਿਸੇ, ਤਾਂ ਕਹਿੰਦੇ ਹਨ।

(੬੫) ਪੰਜਾਂ ਵਿਚ ਪ੍ਰਮੇਸ਼ਰ ਹੁੰਦਾ ਏ।

ਜਦ ਇਹ ਕਹਿਣਾ ਹੋਵੇ ਕਿ ਪੰਜ ਆਦਮੀ ਰਲਕੇ ਕਿਸੇ ਕੰਮ ਨੂੰ ਕਰੋ, ਤਾਂ ਕਹਿੰਦੇ ਹਨ।

(੬੬) ਪੰਜੀ ਮੀਤ ਪੰਜਾਹੀਂ ਠਾਕੁਰ।

ਉਪਦੇਸ਼ ਹੈ ਕਿ ਪੰਜਾਂ ਰੁਪਿਆਂ ਦੀ ਮੰਗ ਨੂੰ ਪੂਰਾ ਕਰਕੇ ਸਜਣ ਮਿਤ੍ਰ ਨੂੰ ਅਤੇ ਪੰਜਾਹ ਰੁਪਿਆਂ ਤਕ ਠਾਕੁਰ (ਨਗਰ ਦੇ ਚੌਧਰੀ ਜਾਂ ਹਾਕਮ) ਨੂੰ ਜਰੂਰ ਕਾਣਿਆਂ ਕਰ ਛਡਣਾ ਚਾਹੀਦਾ ਹੈ। ਭਾਵ ਇੰਨੇ-ਕੁ ਨੁਕਸਾਨ ਬਦਲੇ ਵਿਗਾੜ ਪਾਉਣਾ ਠੀਕ ਨਹੀਂ।

(੬੭) ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ।

ਜਦ ਇਹ ਦਸਣਾ ਹੋਵੇ ਕਿ ਸਾਰੇ ਬੰਦੇ ਇਕੋ ਸੁਭਾ ਦੇ ਨਹੀਂ ਹੁੰਦੇ, ਤਾਂ ਬੋਲਦੇ ਹਨ।

ਫਾਰਸੀ:—ਖੁਦਾ ਪੰਜ ਅੰਗੁਸ਼ਤ ਯਕਸਾਂ ਨਾ ਕਰਦ।

(੬੮) ਪੰਜੇ ਹੀ ਘਿਉ ਵਿਚ ਨੇ।

ਜਦ ਇਹ ਦਸਣਾ ਹੋਵੇ ਕਿ ਉਹ ਆਦਮੀ ਬੜੀ ਮੌਜ ਵਿਚ ਹੈ,ਤੇ ਉਸਨੂੰ ਹਰ ਪਾਸਿਓਂ ਲਾਭ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—His bread is buttered both sides.
(b) Little drops make the ocean.

(੬੯) ਪੰਡਤ ਵੈਦ, ਮਿਸਾਲਚੀ ਤਿੰਨੇ ਏਕ ਸਮਾਨ।

ਕਿਸੇ ਵੈਦ ਨੂੰ ਬੀਮਾਰ ਵੇਖ, ਜਾਂ ਉਪਦੇਸ਼ਕ ਨੂੰ ਭੁਲ ਕਰਦਾ ਤੱਕਕੇ, ਇਹ ਅਖਾਣ ਬੋਲਦੇ ਹਨ।

******
'ਹਿੰਦੀ'
******

*****
* ਫ *
* *
*****

(੧) ਫਸੀਆਂ ਨੂੰ ਛਡਕੇ ਉਡਦੀਆਂ ਦੇ ਮਗਰ ਨਹੀਂ ਪਈਦਾ ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਮਿਲੀ ਹੋਈ ਚੀਜ਼ ਨੂੰ ਛਡਕੇ ਹੋਰ ਮਗਰ ਨਹੀਂ ਪਈਦਾ, ਤਾਂ ਕਹਿੰਦੇ ਹਨ।

(੨) ਫਸ ਗਈ ਤੇ ਫਟਕਣ ਕੇਹਾ ।

ਵੇਖੋ:—ਉਖਲੀ ਵਿਚ ਸਿਰ ਦਿਤਾ, ਮੋਹਲੀਆ ਦਾ ਕੀ ਡਰ ।

(੩) ਫ਼ਾਕੇ ਪਏ ਮਰਾਂਗੇ, ਕਲੋਲ ਪਏ ਕਰਾਂਗੇ ।

ਵੇਖੋ:—ਸਿਰੋਂ ਪੈਰੋਂ ਨੰਗੇ, ਜਹਾਨ ਨਾਲੋਂ ਚੰਗੇ ।

(੪) ਫਿੱਟ ਇਵੇਹਾ ਜੀਵਿਆ ਜਿਤ ਖਾਇ ਵਧਾਇਆ ਪੇਟ । (ਗੁਰਬਾਣੀ)

ਨਿਰਾ ਪੁਰਾ ਖਾਕੇ ਢਿਡ ਤੇ ਹੱਥ ਫੇਰ ਛਡਨ ਵਾਲੇ ਸਬੰਧੀ ਉਪਦੇਸ਼ ਹੈ ।

**(੫) ਫੀਸਾਂ ਤੇ ਜੁਰਮਾਨਿਆਂ ਦੀ ਭਰ ਲੈ ਚੱਟੀ,
ਓੜਕ ਬਚਾ ਮੂਲਿਆ ਤੂੰ ਬਹਿਣਾ ਹਟੀ।**

ਦੇਖੋ:—ਓੜਕ ਬੱਚਾ ਮੂਲਿਆ ਤੂੰ ਬਹਿਣਾ ਹਟੀ।

(੬) ਫੂਹੀ ੨ ਤਾਲ ਭਰ ਜਾਂਦਾ ਏ।

ਜਦ ਇਹ ਸਮਝਾਉਣਾ ਹੋਵੇ ਕਿ ਰਲਕੇ ਜੇ ਥੋੜੀ ੨ ਚੀਜ਼ ਭੀ ਇਕਤ੍ਰ ਕੀਤੀ ਜਾਵੇ, ਤਾਂ ਚੰਗਾ ਝਟ ਟਪ ਜਾਏਗਾ, ਤਾਂ ਕਹਿੰਦੇ ਹਨ।

ਫਾਰਸੀ:—ਕਤਰਾ ਕਤਰਾ ਮੇਂ ਸ਼ਵਦ ਦਰਯਾਏ ਨੀਲ।

ਅੰਗ੍ਰੇਜ਼ੀ:—Penny and penny laid up wil be many.

* * * * * * *

* ਹਿੰਦੀ *

* * * * * * *

*****
* ਬ *
* *
*****

(੧) ਬਸੰਤਰ ਦੇਵਤਾ, ਘਰ ਲਗੇ ਤਾਂ ਜਾਪੇ।

ਦੇਖੋ:—ਆਪਣੇ ਘਰ ਲਗੇ ਤਾਂ ਅਗ ਤੇ ਦੂਏ ਘਰ ਬਸੰਤਰ।

(੨) ਬਹੁਤਾ ਭਲਾ ਨ ਬੋਲਣਾ ਬਹੁਤੀ ਭਲੀ ਨ ਚੁਪ, ਬਹੁਤ ਭਲਾ ਨ ਮੇਘਲਾ ਬਹੁਤੀ ਭਲੀ ਨ ਧੁੱਪ।

ਅਰਥ ਸਾਫ ਹੀ ਹੈ।

ਉਰਦੂ:—ਜੋ ਕੋਈ ਹਦ ਸੇ ਬੜ੍ਹਾ ਉਸ ਦੀ ਖਰਾਬੀ ਆਈ।

ਅੰਗ੍ਰੇਜ਼ੀ:—Too much of every thing is bad.

(੩) ਬਕਰਾ ਜਾਨੋਂ ਗਿਆ ਖਾਣ ਵਾਲੇ ਨੂੰ ਸਵਾਦ ਨ ਆਇਆ।

ਕਿਸੇ ਕੰਮ ਵਿਚ ਇਕ ਪਾਸਿਓਂ ਤਾਂ ਬੜੀ ਕੁਰਬਾਨੀ ਕੀਤੀ ਗਈ ਹੋਵੇ, ਪਰ ਅਗੋਂ ਉਸਦੀ ਕੋਈ ਕਦਰ ਨਾ ਹੋਵੇ, ਤਦ ਬੋਲਦਾ ਹੈ।

(੪) ਬਕਰਾ ਰੋਵੇ ਜਿੰਦ ਨੂੰ, ਕਸਾਈ ਮਿੱਝ ਨੂੰ।

ਜਦ ਇਕ ਆਦਮੀ ਦਾ ਮੌਤ ਦਾ ਲੇਖਾ ਬਣ ਰਿਹਾ

ਹੋਵੇ, ਪਰ ਦੂਜਾ ਆਪਣਾ ਫੈਦਾ ਪਿਆ ਸੋਚੇ, ਤਾਂ ਕਹਿੰਦੇ ਹਨ।

(੫) ਬਕਰੀ ਦੁਧ ਦੇਊ ਪਰ ਮੇਂਙਣਾਂ ਪਾਕੇ ।

ਕੋਈ ਆਦਮੀ ਕਿਸੇ ਕੰਮ ਨੂੰ ਕਰੇ ਤਾਂ ਸਹੀ, ਪਰ ਰੁਆ ਪਿਟਾਕੇ ਕਰੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:—The benefit is made nil by the conditions.

(੬) ਬਕਰੇ ਦੀ ਮਾਂ ਕਦ ਤਕ ਸੁਖ ਮਨਾਊ ?

ਜਦ ਕੋਈ ਆਦਮੀ ਕਚੇ ਸਹਾਰਿਆਂ ਦੀ ਬਦੌਲਤ ਆਉਣ ਵਾਲੇ ਦੁਖ ਤੋਂ ਅਵੇਸਲਾ ਹੋ ਰਹੇ, ਤਾਂ ਕਹਿੰਦੇ ਹਨ

(੭) ਬਗਲ ਵਿਚ ਛੁਰੀ ਤੇ ਮੂੰਹ ਵਿਚ ਰਾਮ ੨।

ਕੋਈ ਆਦਮੀ ਉਤੋਂ ੨ ਮਿਠਾ ਹੋਵੇ, ਪਰ ਦਿਲੋਂ ਖੋਟ ਕਮਾਵੇ, ਤਾਂ ਉਸ ਉਪਰ ਇਹ ਅਖਾਣ ਘਟਾਉਂਦੇ ਹਨ ।

ਅੰਗ੍ਰੇਜ਼ੀਃ—Beads around the neck and devil in the heart

(੮) ਬਗਲਾ ਭਗਤ ਮਛੀਆਂ ਦਾ ਰਾਖਾ ।

ਜਦ ਕਿਸੇ ਬੇਈਮਾਨੀ ਕਰ ਜਾਣ ਵਾਲੇ ਆਦਮੀ ਨੂੰ ਕਿਸੇ ਚੀਜ ਦੀ ਰਾਖੀ ਤੇ ਲੱਗਾ ਵੇਖੀਏ, ਤਾਂ ਕਹੀਦਾ ਹੈ ।

(੯) ਬਦੋ ਬਦੀ ਦਾ ਸੌਦਾ ਨਹੀਂ ਹੁੰਦਾ ।

ਜਦ ਕੋਈ ਆਦਮੀ ਬਦੋ ਬਦੀ ਕਿਸੇ ਤੋਂ ਕੋਈ ਕੰਮ ਕਰਾਉਂਦਾ ਦਿਸੇ, ਤਾਂ ਕਹਿੰਦੇ ਹਨ ।

(੧੦) ਬਧਾ ਚੋਰ ਤੇ ਛੁੱਟਾ ਝਾਗੜੂ ।

ਜਦ ਕੋਈ ਕਾਬੂ ਆਏ ਅਪ੍ਰਾਧੀ ਨਾਲ ਨਰਮੀ ਕਰਨ ਲਗੇ, ਤਾਂ ਸਮਝਾਉਨ ਵਾਲਾ ਕਹਿੰਦਾ ਹੈ। ਭਾਵ ਜੇ ਇਸਨੂੰ ਛਡ ਦਿਤਾ, ਤਦ ਬਰਾਬਰ ਦੀ ਪਾਰਟੀ ਵਾਂਗ ਝਗੜਾ ਕਰਨ ਲਗ ਜਾਏਗਾ।

(੧੧) ਬੱਧਾ ਲਕ ਅਰੋੜਿਆਂ ਮੁੰਨਾਂ ਕੋਹਲਾਹੌਰ।

ਵੇਖੋ:—ਉਦਮ ਅਗੇ ਲੱਛਮੀ ਪਖੇ ਅਗੇ ਵਾ।

(੧੨) ਬਲ ਬਿਨ ਆਦਰ ਨਹੀਂ ।

ਕਿਸੇ ਆਦਮੀ ਨੂੰ ਸਰੀਰੋਂ ਮਾੜਾ ਹੋਣ ਕਰਕੇ ਕੋਈ ਨੁਕਸਾਨ ਪੁਜਦਾ ਵੇਖਕੇ ਕਿਹਾ ਜਾ ਸਕਦਾ ਹੈ ।

(੧੩) ਬਲ੍ਹੇ ਦਾ ਬਲ੍ਹਾ ਨਹੀਂ ਤਾਂ ਮਥੇ ਫੁੱਲੀ ਜ਼ਰੂਰ ਹੋਵੇਗੀ ।

ਬੁਲ੍ਹਾ = ਚਿਟੇ ਮਥੇ ਵਾਲਾ ਬਲਦ।
ਫੁਲੀ = ਛੋਟਾ ਜਿਹਾ ਚਿੱਟਾ ਦਾਗ।

ਜਦ ਇਹ ਦਸਣਾ ਹੋਵੇ ਕਿ ਉਲਾਦ ਉੱਤੇ ਮਾਪਿਆਂ ਦਾ ਅਸਰ ਥੋੜਾ ਬਹੁਤਾ ਜਰੂਰ ਹੋ ਜਾਂਦਾ ਹੈ, ਤਾਂ ਇਹ ਅਖਾਣ ਵਰਤਦੇ ਹਨ।

(੧੪) ਬਿਲੂ ਦਾ ਬੁਲੰਦ ਖਾਂ ਬਣ ਗਿਆ।

ਕੋਈ ਆਦਮੀ ਪਹਿਲਾਂ ਗਰੀਬ ਹੋਵੇ, ਤੇ ਫੇਰ ਅਮੀਰ ਹੋ ਜਾਵੇ, ਅਰ ਸਾਰੇ ਲੋਕ ਬੜੀ ਇਜ਼ਤ ਨਾਲ ਉਸਦਾ ਨਾਮ

ਲੈਣ, ਤਾਂ ਇਹ ਖੇਡ ਵੇਖਣ ਵਾਲਾ ਇਹ ਅਖਾਣ ਵਰਤਦਾ ਹੈ।

(੧੫) ਬਾਹਮਣ ਦਾ ਬਾਹਮਣ ਵੈਰੀ ।

ਦੇਖੋ:—ਕੁੱਤੇ ਦਾ ਕੁੱਤਾ ਵੈਰੀ ।

ਅੰਗ੍ਰੇਜ਼ੀ:—Two of a trade seldom agree.

(੧੬) ਬਾਹਮਣ ਦੇ ਹਥ ਛੁਰਾ ਉਹ ਵੀ ਬੁਰਾ।

ਇਹ ਦਸਣ ਲਈ ਕਿ ਚੰਗੇ ੨ ਬੰਦੇ ਜੇ ਭੈੜੇ ਕੰਮ ਕਰਨ, ਤਾਂ ਉਹ ਭੈੜੇ ਹੀ ਹੋ ਜਾਂਦੇ ਹਨ, ਤਾਂ ਕਹਿੰਦੇ ਹਨ।

(੧੭) ਬਾਹਮਣੀ ਦੇ ਪੂਤ ਕੋਈ ਜਿੰਨ ਕੋਈ ਭੂਤ, ਕੋਈ ਵਿਰਲਾ ਹੀ ਸਬੂਤ ।

ਕਿਸੇ ਬ੍ਰਾਹਮਣ ਜਵਾਨ ਨੂੰ ਐਬਾਂ ਵਿਚ ਪਿਆ ਤਕਕੇ ਕਹਿੰਦੇ ਹਨ ।

(੧੮) ਬਾਹਮਣ ਮੰਗਿਆਂ ਤੇ ਧਾਈਂ ਠੂੰਗਿਆਂ ਪੂਰੀ ਨਹੀਂ ਪੈਂਦੀ ।

ਬ੍ਰਾਹਮਣ ਜਾਂ ਕਿਸੇ ਹੋਰ ਦਾਨ ਖਾਣ ਵਾਲੇ ਅਗੇ ਸਵਾਲ ਪਾਉਣ ਤੋਂ ਰੋਕਣ ਲਈ ਵਰਤਦੇ ਹਨ।

(੧੯) ਬਾਹਰ ਮੀਆਂ ਪੰਜ ਹਜਾਰੀ, ਘਰ ਬੀਬੀ ਕਰਮਾਂ ਦੀ ਮਾਰੀ ।

ਘਰ ਦੀ ਫੋਕੀ ਜ਼ਾਹਰਦਾਰੀ ਕਰਨ ਵਾਲੇ ਦੀ ਘਰ ਦੀ ਹਾਲਤ ਦੇ ਭੇਤੀ ਇਹ ਅਖਾਣ ਵਰਤਦੇ ਹਨ।

(੨੦) ਬਾਹਰੋਂ ਆਇਆ ਕੱਤਣਾ, ਤੇ ਘਰੋਂ ਪਿਆ ਘਤਣਾ ।

ਜਦ ਕਿਸੇ ਦੀ ਰਖੀ ਇਮਾਨਤ ਵਿਚ ਨਫੇ ਦੀ ਥਾਂ ਨੁਕਸਾਨ ਹੁੰਦਾ ਦਿਸੇ, ਤਾਂ ਕਹਿੰਦੇ ਹਨ।

(੨੧) ਬਾਜ਼ਾਂ ਨੂੰ ਘਾਹ ਤੇ ਚਿੜੀਆਂ ਨੂੰ ਮਾਸ।

ਜਦ ਕਿਸੇ ਅਧਿਕਾਰੀ ਨੂੰ ਵਾਂਜਕੇ ਅਨ-ਅਧਿਕਾਰੀ ਨੂੰ ਕੋਈ ਚੀਜ਼ ਦਿਤੀ ਜਾਵੇ, ਤੇ ਉਨ੍ਹਾਂ ਦੋਹਾਂ ਨੂੰ ਕੋਈ ਲਾਭ ਨਾ ਪੁਜੇ, ਤਾਂ ਇਹ ਅਖਾਣ ਵਰਤਦੇ ਹਨ।

(੨੨) ਬਾਣ ਨ ਗਈ ਤੇਰੀ, ਬੁਢ ਬੁਢੇਂਦੀ ਵੇਰੀ।

ਬੁੱਢੇ ਵਾਰੇ ਭੀ ਜੇ ਕੋਈ ਆਪਣੀ ਭੈੜੀ ਆਦਤ ਅਨੁਸਾਰ ਕੋਈ ਕੰਮ ਕਰ ਬੈਠੇ, ਤਾਂ ਕਹਿੰਦੇ ਹਨ ।

(੨੩) ਬਾਪੂ ੨ ਕਹਿੰਦੇ ਸਾਂ ਤੇ ਸਦਾ ਸੁਖੀ ਰਹਿੰਦੇ ਸਾਂ, ਬਾਪੂ ਜਦ ਅਖਵਾਇਆ ਤਾਂ ਡਾਢਾ ਹੀ ਦੁਖ ਪਾਇਆ।

ਗ੍ਰਿਸਥ ਦੇ ਧੰਦਿਆ ਵਿਚ ਫਸਿਆ ਬੰਦਾ ਛੋਟੀ ਉਮਰ ਦੀ ਅਜ਼ਾਦੀ ਨੂੰ ਚੇਤੇ ਕਰਕੇ ਇਹ ਅਖਾਣ ਵਰਤਦਾਹੈ।

(੨੪) ਬਾਬਲ ਮੇਰੇ ਚੋਲਾ ਦਿਤਾ ਸਾਹ ਲਵਾਂ ਤੇ ਪਾਟੇ ।

ਕਿਸੇ ਆਦਮੀ ਦੀ ਭੈੜੀ ਚੀਜ਼ ਨੂੰ ਨਿੰਦਣ ਲਈ

ਵਰਤਦੇ ਹਨ।

(੨੫) ਬਾਰ੍ਹੀ ਵਰੀਂ ਸੰਢ ਬਿਆਹੀ, (ਜੰਮਣ ਵਾਲੀ) ਓਨ ਵੀ ਕਾਣੀ ਕੁੜੀ ਜਾਈ ।

ਬਹੁਤ ਚਿਰ ਦੀ ਉਡੀਕ ਪਿਛੋਂ ਕੋਈ ਆਸ ਪੁੱਗੇ, ਤੇ ਫੇਰ ਭੀ ਕੋਈ ਊਣਤਾਈ ਰਹਿ ਜਾਵੇ, ਤਾਂ ਕਹਿੰਦੇ ਹਨ।

(੨੬) ਬਾਰ੍ਹੀਂ ਵਰ੍ਹੀਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਏ ?

ਜਦ ਕਿਸੇ ਦੀ ਪੁਰਾਣੀ ਆਸ ਚਿਰਾਂ ਪਿਛੋਂ ਪੂਰੀ ਹੋ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(*a*) Fortune knocks atleast once atevery one's door. Or
(*b*) Every dog has his day.

(੨੭) ਬਾਲ ਦਾ ਪੱਜ, ਤੇ ਮਾਂ ਦਾ ਰੱਜ।

ਜਦ ਕੋਈ ਆਦਮੀ ਕਿਸੇ ਹੋਰ ਦੇ ਬਹਾਨੇ ਕੋਈ ਫੈਦਾ ਉਠਾਉਂਦਾ ਦਿਸੇ, ਤਾਂ ਕਹਿੰਦੇ ਹਨ।

(੨੮) ਬਾਂਦਰ ਦੀ ਬਲਾ ਘੋੜੇ ਦੇ ਸਿਰ।

ਦੇਖੋ:—ਕਰੇ ਗੀਗਾ ਤੇ ਭਰੇ ਬੀਬਾ।

(੨੯) ਬਾਂਦਰ ਨੂੰ ਅਧਰਕ ਦਾ ਅਚਾਰ ।

ਦੇਖੋ:—ਬਾਦਰਾਂ ਨੂੰ ਬਨਾਤ ਦੀਆਂ ਟੋਪੀਆਂ।

ਫਾਰਸੀ:—ਚਿ ਦਾਨਦ ਬੂਜ਼ਨਾ ਲਜ਼ਾਤਿ ਅਧਰਕ।

(੩੦) ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ।

ਦੇਖੋ:-ਸੂਰਾਂ ਨੂੰ ਪੋਨੇ ਤੇ ਬਾਂਦਰਾਂ ਨੂੰ ਬਨਾਤਾਂ।

(੩੧) ਬਾਂਦਰੀ ਦੇ ਪੈਰ ਸੜਨ ਲਗੇ, ਓਨ ਬੱਚੇ ਹੇਠ ਲੈ ਲਏ।

ਜਦ ਕੋਈ ਆਪਣੇ ਬਚਾਉ ਦੀ ਖਾਤਰ ਹੋਰਨਾਂ ਦੇ ਦੁਖ ਦੀ ਪਰਵਾਹ ਨਾ ਕਰੇ, ਤਦ ਬੋਲਦੇ ਹਨ।

(੩੨) ਬਿਗਾਨਾ ਮਹਿਲ ਵੇਖਕੇ ਆਪਣੀ ਕੁੱਲੀ ਨਹੀਂ ਢਾਹ ਦੇਈਦੀ।

ਜਾਂ

(੩੩) ਬਿਗਾਨਾ ਮਹਿਲ ਵੇਖਕੇ ਟੱਕਰ ਨਹੀਂ ਮਾਰ ਲਈ ਦੀ।

ਜੇ ਕੋਈ ਆਦਮੀ ਅਮੀਰਾਂ ਦੀ ਰੀਸੇ ਆਪਣੀਆਂ ਮਾੜੀਆਂ ਚੀਜ਼ਾਂ ਤੋਂ ਘ੍ਰਿਣਾ ਕਰਨ ਲਗ ਪਵੇ, ਤਾਂ ਉਸਨੂੰ ਸਮਝਾਉਣ ਲਈ ਕਹਿੰਦੇ ਹਨ।

(੩੪) ਬਗਾਨੀ ਛਾਹ ਤੇ ਮੁੱਛਾਂ ਨਹੀਂ ਮੁਨਾਈ ਦੀਆਂ।

ਪਰਾਏ ਸਿਰੋਂ ਕਿਸੇ ਲਾਭ ਦੇ ਹੋਣ ਦੀ ਆਸ ਉੱਤੇ ਆਪਣਾ ਨੁਕਸਾਨ ਕਰ ਬੈਠੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:-Stake not your head against another's hat.

(੩੫) ਬਿਗਾਨੀ ਦੰਮੀਂ ਸ਼ਾਹੂਕਾਰ ।

ਕਿਸੇ ਆਦਮੀ ਨੂੰ ਮੰਗਵੀਂ ਚੀਜ਼ ਦੇ ਸਿਰ ਤੇ ਆਕੜਦਾ ਵੇਖਕੇ ਕਿਹਾ ਜਾ ਸਕਦਾ ਹੈ।

(੩੬) ਬਿਗਾਨੇ ਪੁੱਤ ਚੁੰਮੇ ਮੂੰਹ ਲਾਲ੍ਹੀ ਭਰਿਆ।

ਜਦ ਕੋਈ ਲੈ-ਪਾਲਕ ਪੁਤ੍ਰ ਧੋਖਾ ਦੇ ਜਾਵੇ, ਤਾਂ ਕਹਿੰਦੇ ਹਨ।

(੩੭) ਬਿਟ ੨ ਤੱਕੇ, ਬੋਲ ਨ ਸੱਕੇ ।

ਕਿਸੇ ਆਦਮੀ ਨੂੰ ਹੈਰਾਨੀ ਵਿਚ ਚੁਪ ਚਾਪ ਖਲੋਤਾ ਵੇਖ ਇਹ ਅਖਾਣ ਵਰਤਿਆ ਜਾ ਸਕਦਾ ਹੈ।

(੩੮) ਬਿਨਾ ਬੁਲਾਏ ਬੋਲਣਾ ਐਹਮਕਾਂ ਦਾ ਕੰਮ ।

ਇਸ ਅਖਾਣ ਦਾ ਅਰਥ ਸਾਫ ਹੈ।

ਅੰਗ੍ਰੇਜ਼ੀ:—Speak when you are spoken to, come when you are called.

(੩੯) ਬਿਨਾ ਰੋਏ ਮਾਂ ਭੀ ਦੁਧ ਨਹੀਂ ਦੇਂਦੀ।

ਕੁੱਝ ਨ ਕੁੱਝ ਹਿੰਮਤ ਕਰਨ ਦਾ ਉਪਦੇਸ਼ ਦੇਣ ਲਈ ਵਰਤਦੇ ਹਨ।

ਅੰਗ੍ਰੇਜ਼ੀ:—Spare to speak and spare to speed

(੪੦) ਬਿੱਲੀ ਸ਼ੀਂਹ ਪੜ੍ਹਾਇਆ ਤੇ ਬਿੱਲੀ ਨੂੰ ਖਾਣ ਆਇਆ ।

ਵੇਖੋ:–ਸਾਡੀ ਬਿੱਲੀ ਸਾਨੂੰ ਮਿਆਉਂ ।

ਅੰਗ੍ਰੇਜ਼ੀ:–My fool my tutor.

(੪੧) ਬਿੱਲੀ ਕੰਨ ਤੱਤਾ ਨਹੀਂ ।

ਜਦ ਇਹ ਦਸਣਾ ਹੋਵੇ ਕਿ ਉਥੇ ਕੋਈ ਤਕਲੀਫ ਨਹੀਂ, ਤਾਂ ਕਹਿੰਦੇ ਹਨ ।

(੪੨) ਬਿੱਲੀ ਦੁਧ ਪੀਜਾਊ ਤਾਂ ਜੰਦ੍ਰੇ ਵੱਜਣਗੇ?

ਕਿਸੇ ਆਦਮੀ ਨੂੰ ਕਿਸੇ ਖਤਰੇ ਤੋਂ ਬਚਣ ਲਈ ਕੋਈ ਪ੍ਰਬੰਧ ਕਰਨ ਲਈ ਕਿਹਾ ਜਾਵੇ, ਪਰ ਉਹ ਨਾ ਕਰੇ ਤਾਂ ਗੁੱਸੇ ਨਾਲ ਕਹੀਦਾ ਹੈ ।

(੪੩) ਬਿੱਲੀ ਨੂੰ ਚੂਹਿਆਂ ਦੇ ਸੁਫਨੇ ।

ਜਾਂ

(੪੪) ਬਿੱਲੀ ਨੂੰ ਛਿਛੜਿਆਂ ਦੇ ਸੁਫਨੇ ।

ਕਿਸੇ ਆਦਮੀ ਨੂੰ ਹਰ ਗੱਲੇ ਜੇ ਕੋਈ ਆਪਣੇ ਮਤਲਬ ਦੀ ਖਾਸ ਗੱਲ ਹੀ ਯਾਦ ਆਉਂਦੀ ਰਹੇ, ਤਾਂ ਕਹਿੰਦੇ ਹਨ ।

ਅੰਗ੍ਰੇਜ਼ੀ:–As the bell chinks, so the fool thinks.

(੪੫) ਬੀਤ ਗਈ ਬਾਤ ਤੇ ਘਸੀਟ ਕਾਹਦੀ ।

ਜਦ ਕਿਸੇ ਹੋ ਚੁੱਕੀ ਗੱਲ ਨੂੰ ਕੋਈ ਘੜੀ ਮੁੜੀ ਘਸੀਟੀ ਜਾਵੇ, ਤਾਂ ਕਹਿੰਦੇ ਹਨ ।

(੪੬) ਬੀਵੀ ਮੋਈ ਤੇ ਸਭ ਕੋਈ ਆਇਆ, ਮੀਆਂ ਮੋਏ ਤੇ ਕੋਈ ਨ ਆਇਆ।

ਜਦ ਇਹ ਦਸਣਾ ਹੋਵੇ ਕਿ ਮੂੰਹਾਂ ਦੇ ਮੁਲਾਹਜੇ ਤੇ ਸਿਰਾਂ ਨੂੰ ਸਲਾਮਾਂ ਹੁੰਦੀਆਂ ਹਨ, ਤਦ ਵਰਤਦੇ ਹਨ।

(੪੭) ਬੁਕਲ ਵਿਚ ਰੋੜੀ ਭੰਨ ਲਈ।

ਕੋਈ ਆਦਮੀ ਚੁਪ ਕੀਤਿਆਂ ਹੀ ਕੋਈ ਵਡਾ ਕੰਮ ਕਰ ਲਵੇ, ਤਾਂ ਕਹਿੰਦੇ ਹਨ।

(੪੮) ਬੁਢਾ ਚੋਰ ਮਸੀਤੀਂ ਡੇਰੇ।

ਜਦ ਕੋਈ ਆਦਮੀ ਕਿਸੇ ਕੰਮ ਤੋਂ ਨਿਕਾਰਾ ਹੋ ਜਾਵੇ, ਤੇ ਪਿਛਲੇ ਵੇਲੇ ਰਬ ਨੂੰ ਯਾਦ ਕਰੇ, ਤਦ ਵਰਤਦੇ ਹਨ।

(੪੯) ਬੁੱਢੀ ਨੂੰ ਰਾਹ ਤੇ ਸੰਢੇ ਨੂੰ ਗਾਹ, ਮਰਦ ਨੂੰ ਚੱਕੀ ਅਸਮਾਨੋਂ ਬਿਜ ਕੜੱਕੀ।

ਜਦ ਇਨ੍ਹਾਂ ਤਿੰਨਾਂ ਕੰਮਾਂ ਵਿਚ ਕੋਈ ਇਨ੍ਹਾਂ ਤਿੰਨਾਂ ਵਿਚੋਂ ਫਸ ਜਾਵੇ, ਤਾਂ ਕਹਿੰਦੇ ਹਨ।

(੫੦) ਬੁਢੇ ਵਾਰੇ ਨਿਸਰੀ ਡੂਮਾਂ ਦੀ ਜਵਾਰ।

ਕਿਸੇ ਦੀ ਕੋਈ ਆਸ ਉਮਰ ਦੇ ਅੰਤਲੇ ਦਿਨਾਂ ਵਿਚ ਪੂਰੀ ਹੋਵੇ, ਤਾਂ ਕਹਿੰਦੇ ਹਨ।

(੫੧) ਬੂਰਕੇ ਵਿਚ ਲਹਿਰ ਬਹਿਰ ਤੇ ਘੁੰਡ ਵਿਚ ਹੜਤਾਲ।

ਔਰਤਾਂ ਬੁਰਕੇ ਦੇ ਹਕ ਵਿਚ ਬੋਲਦੀਆਂ ਕਹਿੰਦੀਆਂ ਹਨ। ਭਾਵ ਇਹ ਜੋ ਘੁੰਡ ਵਿਚ ਬੜੀ ਖੇਚਲ ਹੁੰਦੀ ਹੈ, ਤੇ ਬੁਰਕੇ ਵਿਚੋਂ ਵੇਖਦੇ ਰਹੀਦਾ ਹੈ।

(੫੨) ਬੁਰਿਆਈ ਪਰ ਲਾਕੇ ਉਡਦੀ ਹੈ।

ਜਦ ਕਿਸੇ ਆਦਮੀ ਦੀ ਬਦਨਾਮੀ ਦੀ ਗੱਲ ਛੇਤੀ ਮਸ਼ਹੂਰ ਹੋ ਜਾਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Ill news come apace.

(੫੩) ਬੁਰਾ ਗਰੀਬ ਦਾ ਮਾਰਨਾ ਬੁਰੀ ਗਰੀਬ ਦੀ ਆਹ, ਮੋਏ ਚਾਮ ਕੀ ਫੂਕ ਸੇ ਲੋਹਾ ਭਸਮ ਹੋ ਜਾਹ।

ਜਦ ਇਹ ਸਮਝਾਉਣਾ ਹੋਵੇ ਕਿ ਮਾੜੇ ਨੂੰ ਦੁਖ ਦੇਣ ਨਾਲ ਉਸਦੀ ਆਹ ਬੜਾ ਨੁਕਸਾਨ ਕਰ ਸਕਦੀ ਹੈ, ਤਦ ਵਰਤਦੇ ਹਨ। ਉਦਾਹਰਣ ਦਿਤਾ ਹੈ ਕਿ ਬਕਰੇ ਮਰੇ ਹੋਏ ਦੀ ਖੱਲ ਵਿਚੋਂ ਨਿਕਲੀ ਹੋਈ ਫੂਕ ਲੋਹੇ ਜੈਸੀ ਸਖਤ ਧਾਤ ਨੂੰ ਭੀ ਭਸਮ ਕਰ ਦੇਂਦੀ ਹੈ।

(੫੪) ਬੁਰਿਆ ਤੈਥੋਂ ਨਹੀਂ ਡਰ, ਤੇਰੀ ਬੁਰਿਆਈਓਂ ਡਰ ਆਉਂਦਾ ਏ।

ਇਹ ਦਸਣ ਲਈ ਕਿ ਬੁਰੇ (ਲੁਚੇ) ਦੇ ਕੁਪੱਤ-ਪੁਣੇ ਤੋਂ ਸਭ ਦੁਨੀਆ ਡਰਦੀ ਹੈ,ਤਦ ਇਹ ਅਖਾਣ ਵਰਤਦੇ ਹਨ।

(੫੫) ਬੇਕਾਰੋਂ ਭਲੀ ਵਿਗਾਰ।

ਇਹ ਦਸਣ ਲਈ ਕਿ ਵੇਹਲੇ ਬਹਿਣਾ ਬੁਰਾ ਹੈ, ਇਹ ਅਖਾਣ ਵਰਤਦੇ ਹਨ।

(੫੬) **ਬੇੜੀ ਸੰਗ ਲੋਹਾ ਵੀ ਤਰ ਜਾਂਦਾ ਏ।**

ਜਦ ਇਹ ਦਸਣਾ ਹੋਵੇ ਕਿ ਚੰਗੇ ਦੀ ਸੰਗਤ ਨਾਲ ਭੈੜੇ ਦਾ ਭੀ ਫੈਦਾ ਹੋ ਜਾਂਦਾ ਹੈ, ਤਾਂ ਕਹਿੰਦੇ ਹਨ।

(੫੭) **ਬੂਹੇ ਆਈ ਜੰਞ ਤੇ ਵਿੰਨ੍ਹੋਂ ਕੁੜੀ ਦੇ ਕੰਨ।**

ਕੋਈ ਆਦਮੀ ਕਿਸੇ ਜਰੂਰੀ ਕੰਮ ਨੂੰ ਐਨ ਵੇਲੇ ਸਿਰ ਹੀ ਛੋਹੇ, ਤਾਂ ਕਹਿੰਦੇ ਹਨ।

(੫੮) **ਬੂਰ ਦੇ ਲਡੂ ਨਹੀਂ ਖਾਈਦੇ ।**

ਫੋਕੇ ਪੁਲਾ ਪਕਾਉਣ ਵਾਲੇ ਨੂੰ ਕਹੀਦਾ ਹੈ।

(੫੯) **ਬੋਹਲ ਖਸਮਾਂ ਤੇ ਹਵਾ ਚੂਹੜਿਆਂ ।**

ਹਵਾ = ਮਜਾਜ਼, ਹੰਕਾਰ।

ਕਿਸੇ ਦੀ ਚੀਜ਼ ਉੱਤੇ ਜਦ ਕੋਈ ਹੋਰ ਬੰਦਾ ਹੀ ਆਕੜਿਆ ਫਿਰੇ, ਤਾਂ ਕਹਿੰਦੇ ਹਨ।

(੬੦) **ਬੋਲਤ ੨ ਬਢੇ ਬਿਕਾਰਾ।** (ਗੁਰਬਾਣੀ)

ਬਹੁਤਾ ਝਗੜਨ ਵਾਲੇ ਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ।

(੬੧) **ਬੋਲੀ ਕਾਜ ਵਿਗਾੜੀਆ ਜਿਓ ਮੂਲੀ ਬੱਤਾ ।** (ਗੁਰਬਾਣੀ)

ਬੱਤਾ = ਡਕਾਰ।

ਬਹੁਤਾ ਬੋਲਣ ਕਰਕੇ ਕਿਸੇ ਦਾ ਕੋਈ ਕਾਜ ਵਿਗੜਦਾ ਦਿਸੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀਃ—(*a*) A tree is known by its fruit.
(*b*) Cracked pipkens are discovered by their sounds.

(੬੨) ਬੰਦਾ ਜੋੜੇ ਪਲੀ ੨ ਤੇ ਰਾਮ ਰੁੜ੍ਹਾਵੇ ਕੁੱਪਾ।

ਕਿਸੇ ਆਦਮੀ ਦਾ ਬਹੁਤ ਮੇਹਨਤ ਨਾਲ ਕਮਾਇਆ ਹੋਇਆ ਧਨ ਇਕੋ ਵਾਰ ਨਾਸ ਹੋ ਜਾਵੇ, ਤਾਂ ਬੋਲਦੇ ਹਨ।

ਅੰਗ੍ਰੇਜ਼ੀ:—Man proposes God disposes.

(੬੩) ਬੰਦਾ ਢੀਠ ਚਾਹੀਏ, ਸ਼ਰਮ ਤਾਂ ਆਉਣ ਜਾਣ ਏ।

ਕਿਸੇ ਆਦਮੀ ਨੂੰ ਕਿਸੇ ਭੀ ਗੱਲੋਂ ਸ਼ਰਮਿੰਦਾ ਨ ਹੁੰਦਾ ਵੇਖਕੇ ਮਖੌਲ ਨਾਲ ਕਹਿੰਦੇ ਹਨ।

(੬੪) ਬੰਦਿਆਂ ਨੂੰ ਬੰਦੇ ਮਿਲ ਪੈਂਦੇ ਨੇ, ਖੂਹਾਂ ਨੂੰ ਖੂਹ ਨਹੀਂ ਮਿਲਦੇ।

ਜਦ ਇਹ ਦਸਣਾ ਹੋਵੇ ਕਿ ਜੜ੍ਹ ਚੀਜ਼ਾਂ ਤਾਂ ਦੂਰੋਂ ੨ ਨਹੀਂ ਕਠੀਆਂ ਹੋ ਸਕਦੀਆਂ, ਤੇ ਕੇਵਲ ਚੈਤੰਨ ਚੀਜ਼ਾਂ ਹੀ ਇਕ ਦੂਜੇ ਤਕ ਪੁਜ ਸਕਦੀਆਂ ਹਨ, ਤਾਂ ਇਹ ਅਖਾਣ ਵਰਤਦੇ ਹਨ।

(੬੫) **ਬੰਦੇ ਦਾ ਬੰਦਾ ਦਾਰੂ ।**

ਕਿਸੇ ਇਕੱਲੇ ਬੰਦੇ ਨਾਲ ਇਕੱਲ-ਪੁਣੇਦੀ ਹਮਦਰਦੀ ਕਰਦਿਆਂ ਕਿਹਾ ਜਾ ਸਕਦਾ ਹੈ ।

(੬੬) **ਬੰਨ੍ਹਾਂ ਉਤੇ ਹੀ ਬੜ੍ਹਕਾਂ ਹੁੰਦੀਆਂ ਨੇ ।**

ਦੇਖੋ:—ਕੱਦਾਂ ਉੱਤੇ ਹੀ ਲੱਦ ਹੁੰਦੇ ਨੇ ।

******

* 'ਹਿੰਦੀ' *

******

*****
* ਭ *
*   *
*****

(੧) ਭਜਦਿਆਂ ਨੂੰ ਵਾਹਨ ਇਕੋ ਜਿਹੇ ।

ਜਦ ਦੋ ਵੈਰੀਆਂ ਨੂੰ ਕੋਈ ਇਕੋ ਔਖਿਆਈ ਇਕ ਦੂਜੇ ਤੋਂ ਵੈਰ ਲੈਣ ਵਿਚ ਹੋਵੇ, ਇਕ ਉਸ ਔਖਿਆਈ ਨੂੰ ਜਿਤਾਵੇ, ਤਾਂ ਸੁਣਨ ਵਾਲਾ ਕਹਿੰਦਾ ਹੈ ।

(੨) ਭਜੀਆਂ ਬਾਹਾਂ ਗਲ ਨੂੰ ਆਉਂਦੀਆਨੇ।

ਜਦ ਇਹ ਦਸਣਾ ਹੋਵੇ ਕਿ ਦੁਖੀ ਹੋਕੇ ਕੋਈ ਸਾਕ ਆਪਣੇ ਸਾਕਾਂ ਦਾ ਹੀ ਆਸਰਾ ਤਕਦਾ ਹੈ, ਤਾਂ ਕਹਿੰਦੇ ਹਨ।

(੩) ਭਠ ਪਿਆ ਸੋਨਾ ਜੇਹੜਾ ਕੰਨ ਪਾੜੇ ।

ਜਦ ਕਿਸੇ ਚੰਗੀ ਚੀਜ਼ ਤੋਂ ਕੋਈ ਦੁਖ ਹੁੰਦਾ ਵੇਖੀਏ, ਤਾਂ ਕਹੀਦਾ ਹੈ ।

ਅੰਗ੍ਰੇਜ਼ੀ:—Better cut shoes than pinch the foot.

(੪) ਭਰਾ ਭਰਾਵਾਂ ਦੇ ਚਿਚੜ ਕਾਵਾਂ ਦੇ ।

ਦੋ ਲੜੇ ਹੋਏ ਭਰਾਵਾਂ ਦੀ ਸੁਲ੍ਹਾ ਕਰਾਉਣ ਲਈ ਵਰਤਦੇ ਹਨ ।

ਅੰਗ੍ਰੇਜ਼ੀ:—(*a*) One crow will not pick up another crow's eyes.
(*b*) They are chips of the same block.

(੫) ਭਰਿਆਂ ਭਾਂਡਿਆਂ ਦੀਆਂ ਘਰੋੜੀਆਂ ਮਾਣ ਨਹੀਂ ।

ਭਰੇ ਭਾਂਡੇ ਦਾ ਦੁਧ ਮੁਕ ਭੀ ਜਾਵੇ ਤਦ ਭੀ ਉਸਦੀ ਘਰੋੜੀ ਨਾਲ ਇਕ ਦੋ ਬੰਦੇ ਤ੍ਰਿਪਤ ਹੋ ਸਕਦੇ ਹਨ । ਵਡੇ ਘਰ ਵਿਚੋਂ ਮੰਗ ਕੀਤਿਆਂ ਨਾਂਹ ਨਾਂਹ ਕਰਦਿਆਂ ਭੀ ਕੁਝ ਨਿਕਲ ਪਏ, ਤਾਂ ਬੋਲਦੇ ਹਨ।

(੬) ਭਾ ਨਾਲ ਭਰਾ ਕਾਹਦਾ ।

ਦੇਖੋ:—ਰੋਟੀ ਚੋਪੜੀ ਤੇ ਵਣਜ ਰੁੱਖਾ।

(੭) ਭਾਗ ਤੇ ਭੂਤਨਾ ਦੇਖਕੇ ਨਹੀਂ ਲਗਦੇ।

ਕਿਸੇ ਬਦ-ਸ਼ਕਲ ਨੂੰ ਚੰਗੀ ਕਿਸਮਤ ਵਾਲਾ ਬਣਿਆ ਵੇਖ ਕਹਿ ਸਕੀਦਾ ਹੈ।

(੮) ਭਾਬੀ ਦਾ ਸੂਤ ਤੇ ਦੇਵਰ ਦਲਾਲ।

ਦੇਖੋ:—ਅੰਨ੍ਹਾ ਵੰਡੇ ਸ਼ੀਰਨੀਆਂ, ਮੁੜ ਮੁੜ ਘਰ ਦਿਆਂ ਨੂੰ ।

(੯) ਭੁਖ ਭੜੱਬੂ ਘਤਿਆ ਲਗਾ ਕਲੇਜੇ ਡੌਂ, ਭੁਖਿਆਂ ਨੀਂਦ ਨ ਆਂਵਦੀ ਜੇ ਕੋਈ ਆਖੇ ਸੌਂ ।

ਭੁਖ ਦਾ ਦੁਖ ਦਸਿਆ ਹੈ।

(੧੦) ਭੁੱਖਿਆਂ ਨੂੰ ਬੇਰ ਤੇ ਤਿਹਾਇਆਂ ਨੂੰ ਗੰਨੇ।

ਜਦ ਕਿਸੇ ਨੂੰ ਮਨ-ਭਾਉਂਦੀ ਲੋੜੀ ਦੀ ਚੀਜ਼ ਮਿਲ ਜਾਵੇ, ਤਾਂ ਕਹਿੰਦੇ ਹਨ।

(੧੧) ਭੁਖੇ ਪਏ ਮਰਾਂਗੇ, ਤੇ ਐਸ਼ਾਂ ਪਏ ਕਰਾਂਗੇ॥

ਦੇਖੋ:—ਸਿਰੋਂ ਪੈਰੋਂ ਨੰਗੇ ਜਹਾਨ ਨਾਲੋਂ ਚੰਗੇ।

(੧੨) ਭੁਖੇ ਦੀ ਧੀ ਰਜੀ, ਖੇਹ ਉਡਾਉਣ ਲਗੀ॥

ਕੋਈ ਨੀਚ ਸੁਭਾ ਵਾਲਾ ਉਚੀ ਪਦਵੀ ਪਾਕੇ ਜੇ ਫਿਟ ਜਾਵੇ, ਤਾਂ ਕਹਿੰਦੇ ਹਨ।

(੧੩) ਭੁੱਖੇ ਅਗੇ ਬਾਤ ਪਾਈ ਓਸ ਕਿਹਾ ਰੋਟੀ।

ਇਕ ਆਦਮੀ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤੇ ਉਸ ਨੂੰ ਕੋਈ ਗੱਲ ਪੁਛੀ ਜਾਵੇ, ਤੇ ਉਹ ਉਸੇ ਪਾਸੇ ਦੀ ਗੱਲ ਕਰੇ, ਤਾਂ ਕਹਿੰਦੇ ਹਨ।

(੧੪) ਭੁਲ ਗਏ ਰਾਗ ਰੰਗ ਭੁਲ ਗਈਆਂ ਜਕੜੀਆਂ, ਤਿੰਨੇ ਗੱਲਾਂ ਯਾਦ ਰਹੀਆਂ ਲੂਣ, ਤੇਲ, ਲਕੜੀਆਂ।

ਗ੍ਰਿਹਸਤ ਵਿਚ ਫਸਕੇ ਜਦ ਕੋਈ ਆਦਮੀ ਹੋਰ ਸਭ ਦਿਲ-ਪਰਚਾਵੇ ਭੁਲ ਜਾਵੇ, ਤਾਂ ਕਹਿੰਦੇ ਹਨ।

(੧੫) ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ। (ਗੁਰਬਾਣੀ)

ਜਦ ਇਹ ਦਸਣਾ ਹੋਵੇ ਕਿ ਦੁਨੀਆ ਦਾ ਹਰ ਜੀਵ

ਭੁਲ ਸਕਦਾ ਹੈ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—(a) To err is human.
(b) To forgive is divine.
(c) Every beam has its black.

ਫਾਰਸੀ:—ਇਨਸਾਨ ਮੁਰੱਕਬ ਮਿਨਉਲ ਖ਼ਤਾ।

(੧੬) ਭੁੱਲਾ ਓਹ ਨ ਜਾਣੀਏ ਜੋ ਮੁੜਘਰਆਵੇ।

ਕੋਈ ਆਦਮੀ ਭੁਲ ਕਰਕੇ ਜੇ ਫੇਰ ਸਿਧੇ ਰਾਹ ਪੈ ਜਾਵੇ, ਤਾਂ ਕਹਿੰਦੇ ਹਨ।

(੧੭) ਭੂਤਨਿਆਂ ਕੋਲੋਂ ਮੁਰਾਦਾਂ।

ਜਦ ਅਜੇਹੀ ਥਾਂ ਤੋਂ ਕਿਸੇ ਲਾਭ ਦੀ ਆਸ ਰਖੀ ਜਾਵੇ, ਜਿਥੇ ਕਿ ਸਗੋਂ ਨੁਕਸਾਨ ਹੁੰਦਾ ਦਿਸੇ, ਤਾਂ ਕਹਿੰਦੇਹਨ।

(੧੮) ਭੂਰਾ ਸ਼ਾਲ ਭੂਰਾ ਦੋਸ਼ਾਲਾ, ਇਕੋ ਗੱਲ ਭੂਰੇ ਦੀ ਮਾੜੀ, ਦੇਖੇ ਭੂਰਾ ਫੜੇ ਵਿਗਾਰੀ।

ਭੂਰਾ ਇਕ ਅਜੇਹਾ ਕਪੜਾ ਹੈ, ਜੋ ਹਰ ਕੰਮ ਵਿਚ ਆ ਸਕਦਾ ਹੈ। ਪਰ ਗਰੀਬੀ ਦਾਹਵੇ ਦਾ ਕਪੜਾ ਹੋਣ ਕਰਕੇ ਭੂਰੇ ਵਾਲਾ ਗਰੀਬ ਹੀ ਦਿਸਦਾ ਹੈ।

(੧੯) ਭੇਡ ਦੀ ਛੜ ਗੋਡੇ ਤਾਂਈ।

ਕਿਸੇ ਕਮਜ਼ੋਰ ਆਦਮੀ ਨੂੰ ਕਿਸੇ ਨਿਕੇ ਜਿਹੇ ਕੰਮ ਨੂੰ ਕਰਦਿਆਂ ਥੋੜਾ ਜਿਹਾ ਜੋਰ ਲਾਉਂਦਿਆਂ ਵੇਖ ਕਿਹਾ ਜਾ ਸਕਦਾ ਹੈ।

(੨੦) ਭੇਡ ਦੇ ਖੂਨੋਂ ਕੋਈ ਪਿੰਡ ਫਾਹੇ ਨਹੀਂ

ਦੇ ਦਿੰਦਾਂ ।

ਜਦ ਕੋਈ ਆਦਮੀ ਕਿਸੇ ਨਿਕੇ ਜਿਹੇ ਕਸੂਰ ਤੋਂ ਡਰਦਾ ਫਿਰੇ, ਤਾਂ ਉਸਨੂੰ ਸਮਝਾਉਨ ਲਈ ਕਹਿੰਦੇ ਨੇ, ਕਿ ਤੂੰ ਬਿਲਕੁਲ ਕੋਈ ਡਰ ਨਾ ਕਰ।

(੨੧) **ਭੇਡਾਂ ਤਾਂ ਵਿਗੜੀਆਂ ਸਨ ਲੇਲੇ ਭੀ ਨਾਲੇ।**

ਵੇਖੋ:—ਆਪ ਤਾਂ ਡੁਬੀ ਬਾਹਮਣੀ ਜਜਮਾਨ ਵੀ ਗਾਲੇ।

(੨੨) **ਭੇੜੇ ੨ ਯਾਰ ਮੇਰੀ ਫੱਤੋ ਦੇ।**

ਆਪਣੇ ਕਿਸੇ ਦੋਸਤ ਦਾ ਕੋਈ ਬਦ-ਸੂਰਤ ਜਾਂ ਬਦ-ਚਲਨ ਜਿਹਾ ਮਿਤ੍ਰ ਵੇਖਕੇ ਕਹੀਦਾ ਹੈ।

(੨੩) **ਭੋਲੇ ਭਾ ਨ ਪੱਛੋਤਾ ।**

ਕਿਸੇ ਭੋਲੇ ਬੰਦੇ ਦੀ ਸਿਫਤ ਵਿਚ ਕਿਹਾ ਜਾ ਸਕਦਾ ਹੈ। ਉਂਵ ਉਪਦੇਸ਼ ਭੀ ਹੈ ਕਿ ਭੋਲਾ ਸੁਭਾ ਸਗੋਂ ਖ਼ਟਾ ਨਿਕਲਦਾ ਹੈ।

(੨੪) **ਭੋਲੇ ਕੱਟੇ ਹੀ ਦੁਧ ਚੁੰਘਦੇ ਨੇ।**

ਦੇਖੋ:—ਭੋਲੇ ਭਾ ਨ ਪਛੋਤਾ।

(੨੫) **ਭੌਂਡਾ ਭੰਡਾਰੀਆ ਕਿੰਨਾਂਕੁ ਭਾਰ, ਇਕ ਮੁੱਕੀ ਚੁਕ ਲੈ ਦੂਜੀ ਤਿਆਰ।**

ਜਦ ਇਹ ਦਸਣਾ ਹੋਵੇ ਕਿ ਦੁਨੀਆ ਦੇ ਧੰਦੇ ਨਹੀਂ ਮੁਕਦੇ, ਇਕ ਮੁਕਾਉ ਤੇ ਦੂਜਾ ਤਿਆਰ ਹੁੰਦਾ ਹੈ, ਤਾਂ ਕਹਿੰਦੇ ਹਨ।

(੨੬) ਭੰਨ ਘੜਾਈਆਂ ਢੇਡਲੀਆਂ ਬੂਥਾੜੀ ਉੂਹੋ ।

ਢੇਡਲੀਆਂ = ਕੰਨਾਂ ਦਾ ਗਹਿਣਾਂ।

ਕਿਸੇ ਦੀਆਂ ਸਭ ਸ਼ਰਤਾਂ ਮੰਨੀਆਂ ਜਾਣ, ਪਰ ਉਹ ਫਿਰ ਭੀ ਰੋਸਾ ਜਿਹਾ ਹੀ ਵਿਖਾਵੇ, ਤਾਂ ਕਹਿੰਦੇ ਹਨ।

(੨੭) ਭੰਨੀ ਟੁੱਟੀ ਦਾ ਪੱਤਣ ਮੇਲਾ ।

ਪਹਿਲੇ ਅਪੜਿਆਂ ਨਾਲ ਮੱਠਾ ਤੁਰਨ ਵਾਲੇ ਭੀ ਆ ਰਲਦੇ ਹਨ। ਇਸ ਤੋਂ ਇਹ ਅਖਾਣ ਬਣਿਆ ਹੈ।

ਵੇਖੋ:—ਰਿਹੀ ਖਿਹੀ ਦਾ ਪਤਣ ਮੇਲਾ।

****
* ਹਿੰਦੀ *
****

*****
* ਮ *
* *
*****

(੧) ਮਹਿੰਗਾ ਰੋਵੇ ਇਕ ਵਾਰ, ਤੇ ਸਸਤਾ ਰੋਵੇ ਬਾਰ ੨ ।

ਜਦ ਇਹ ਦਸਣਾ ਹੋਵੇ ਕਿ ਮਹਿੰਗੀ ਚੀਜ਼ ਵਧੇਰਾ ਚਿਰ ਕਢ ਜਾਂਦੀ ਹੈ, ਤਾਂ ਕਹਿੰਦੇ ਹਨ।

ਫਾਰਸੀ:—ਅਰਜ਼ਾਂ ਬਿ ਇਲਤ ਗਰਾਂ ਬਿ ਹਿਕਮਤ।

(੨) ਮੱਕਿਓਂ ਪਰੇ ਉਜਾੜ ।

ਜਦ ਕੋਈ ਆਦਮੀ ਹਦ ਤੋਂ ਭੀ ਪਰੇ ਕਿਸੇ ਗੱਲ ਨੂੰ ਪੁਚਾਣਾ ਚਾਹੇ, ਤਾਂ ਉਸਨੂੰ ਕਹਿੰਦੇ ਹਨ ।

ਦੇਖੋ:—ਮੁਗਲੋਂ ਗੋਰਾ ਸੌ ਚੂੜ੍ਹਾ।

(੩) ਮੁਕੇ ਜਾਣਾ ਤੇ ਮਜੋਰਾਂ ਨੂੰ ਕੀ ਪੁਛਣਾ।

ਜਦ ਇਹ ਦਸਣਾ ਹੋਵੇ ਕਿ ਜਦ ਵਡੀ ਥਾਂ ਤੇ ਆਪ ਹੀ ਪੁਜ ਸਕਦੇ ਹਾਂ, ਤਾਂ ਵਿਚੋਲਿਆਂ ਦੀ ਖੁਸ਼ਾਮਦ ਦੀ ਕੀ ਲੋੜ ਹੈ, ਤਦ ਬੋਲਦੇ ਹਨ।

(੪) ਮਗਰ ਬਿਗਾਨੇ ਮੁਕੀਆਂ ਬੀਬੋ ਦੇਇ ਨਿਸ਼ੰਗ ।

ਜਦ ਕੋਈ ਆਦਮੀ ਪਰਾਏ ਦੁਖ ਨੂੰ ਨ ਸਮਝਕੇ ਦੁਖੀ ਨੂੰ ਹੋਰ ਦੁਖ ਦੇਈ ਜਾਏ, ਤਾਂ ਕਹਿੰਦੇ ਹਨ।

(੫) ਮੱਛੀ ਪਥਰ ਚਟਕੇ ਹੀ ਮੁੜਦੀ ਹੈ ।

ਜਦ ਇਹ ਦਸਣਾ ਹੋਵੇ ਕਿ ਇਕ ਆਦਮੀ ਤੋੜ ਤੀਕ ਪੁੱਜਕੇ ਹੀ ਮੁੜੇਗਾ, ਤਾਂ ਕਹਿੰਦੇ ਹਨ।

(੬) ਮੱਝ ਪਾਂਜੇ ਘਰ ਆਂਜੇ, ਗਾਂ ਤੀਜੇ ਤਾਂ ਢੂੰਮਾ ਦੀਜੇ ।

ਮੈਂਹ ਪੰਜਵੇਂ ਸੂਏ ਹੀ ਚੰਗਾਂ ਦੁਧ ਦੇਣ ਜੋਗੀ ਹੁੰਦੀ ਹੈ ਤੇ ਗਾਂ ਤੀਜੇ ਸੂਏ ਬਸ ਹੋ ਜਾਂਦੀ ਹੈ । ਗਾਂ ਮੈਂਹ ਦਾ ਸੌਦਾ ਕਰਦਿਆਂ ਬੋਲਦੇ ਹਨ।

(੭) ਮੱਝ ਫਿਰੇ ਠੱਕੇ ਦੀ ਮਾਰੀ ਮਾਹੀ ਫਿਰੇ ਚੂੰਘਾਟ ।

ਜਦ ਕੋਈ ਆਦਮੀ ਦੂਜੇ ਦੀ ਤਕਲੀਫ ਦੀ ਪਰਵਾਹ ਨਾ ਕਰਦਾ ਹੋਇਆ ਆਪਣਾ ਕੰਮ ਉਸ ਤੋਂ ਲੈਣ ਦੇ ਮਗਰ ਪਿਆ ਰਹੇ, ਤਾਂ ਉਸ ਉਪਰ ਘਟਾਉਂਦੇ ਹਨ।

(੮) ਮੱਝ ਲੋਹੀ, ਭੋਂ ਰੋਹੀ, ਰੰਨ ਜੱਟੀ, ਹੋਰ ਸਭ ਖਾਣ ਦੀ ਚੱਟੀ ।

ਇਨ੍ਹਾਂ ਤਿੰਨ ਚੀਜ਼ਾਂ ਵਿਚੋਂ ਕਿਸੇ ਇਕ ਦੀ ਸਿਫਤ ਵਿਚ ਕਿਹਾ ਜਾਂਦਾ ਹੈ।

(੯) ਮੱਝ ਵੇਚਕੇ ਘੋੜੀ ਲਈ, ਦੁਧ ਪੀਣੋਂ ਗਿਆ ਲਿੱਦ ਸੁਟਣੀ ਪਈ ।

ਜਦ ਕੋਈ ਆਦਮੀ ਘਾਟੇ ਵਾਲਾ ਸੌਦਾ ਕਰ ਲਵੇ, ਤਾਂ ਕਹਿੰਦੇ ਹਨ।

(੧੦) **ਮੱਝੀਂ ਘਰ ਵਰਿਆਮਾਂ, ਘੋੜੇ ਘਰ ਸੁਲਤਾਨਾਂ ।**

ਜਦ ਇਹ ਦਸਣਾ ਹੋਵੇ ਕਿ ਮਹੀਆਂ ਪਾਲਣੀਆਂ ਹਿੰਮਤੀਆਂ ਦਾ ਕੰਮ ਹੈ ਤੇ ਘੋੜੇ ਅਮੀਰ ਹੀ ਰਖ ਸਕਦੇ ਹਨ, ਤਾਂ ਕਹਿੰਦੇ ਹਨ।

(੧੧) **ਮਣ ਮਾਣੀ ਨੂੰ ਗਾਲੇ ਤੇ ਮਣ ਮਾਣੀ ਨੂੰ ਤਾਰੇ ।**

ਜਦ ਕੋਈ ਮਿਹਨਤ ਜਾਂ ਖਰਚ ਤਾਂ ਸਾਰਾ ਹੀ ਪੂਰਾ ਕਰ ਦਿਤਾ ਜਾਵੇ, ਪਰ ਨਰੂਣੀ ਜਹੀ ਕਸਰ ਪਿੱਛੇ ਉਸਦੀ ਮਹਿਮਾ ਨੂੰ ਡੋਬ ਦਿਤਾ ਜਾਵੇ, ਤਾਂ ਵਰਤਦੇ ਹਨ।

(੧੨) **ਮੱਥਰਾ, ਤੀਨ ਲੋਕ ਤੋਂ ਨਿਆਰੀ।**

ਕਿਸੇ ਬੰਦੇ ਨੂੰ ਵਖ ਜਿਹਾ ਰਹਿੰਦਾ ਵੇਖਕੇ ਬੋਲਦੇ ਹਨ।

(੧੩) **ਮਨ ਆਪਣੇ ਨੂੰ ਪੁਛਕੇ ਕੀਜੇ ਕੁਲ ਦੀ ਰੀਤ ।**

ਦੇਖੋ:—ਸਾਨੀ ਸੇਤੀ ਕੀਜੀਏ ਨਾਤਾ ਵੈਰ ਪ੍ਰੀਤ।

(੧੪) **ਮਨ ਹਰਾਮੀ, ਹੁੱਜਤਾਂ ਢੇਰ ।**

ਜਦ ਕੋਈ ਆਦਮੀ ਐਵੇਂ ਹੀ ਬਹਾਨੇ ਬਣਾਉਂਦਾ ਦਿਸੇ, ਤਾਂ ਕਹਿੰਦੇ ਹਨ।

ਦੇਖੋ:—ਆਪ ਕੁਚੱਜੀ ਵੇਹੜੇ ਨੂੰ ਦੋਸ਼।

ਅੰਗ੍ਰੇਜ਼ੀਃ—(*a*) A bad workman always quarrels with his tools.

(*b*) Excuses are many to an unwilling mind.

(੧੫) ਮਨ ਹੋਵੇ ਚੰਗਾ, ਤਦ ਕਾਠੜੇ ਵਿਚ ਗੰਗਾ।

ਜਦ ਇਹ ਜਿਤਾਉਣਾ ਹੋਵੇ ਕਿ ਮਨ ਦੀ ਸਫਾਈ ਹੋਵੇ ਤਦ ਘਰ ਵਿਚ ਹੀ ਤੀਰਥ ਹੈ, ਤਾਂ ਵਰਤਦੇ ਹਨ।

(੧੬) ਮਨਖੱਟੂ ਪੁੱਤ ਤੇ ਖੋਟਾ ਪੈਸਾ, ਔਖੇ ਵੇਲੇ ਕੰਮ ਆ ਜਾਂਦਾ ਹੈ।

ਨਿਕੰਮੀ ਔਲਾਦ ਜੇ ਕੋਈ ਕੰਮ ਦੇ ਜਾਵੇ, ਤਾਂ ਕਹਿੰਦੇ ਹਨ।

(੧੭) ਮਨਖੱਟੂ ਪੁੱਤ ਨ ਜੰਮਦੇ, ਧੀ ਅੰਨ੍ਹੀ ਚੰਗੀ।

ਆਪਣੇ ਭੈੜੇ ਪੁੱਤ ਤੋਂ ਅੱਕਕੇ ਕਿਹਾ ਜਾ ਸਕਦਾ ਹੈ।

(੧੮) ਮਨ ਮੰਗੇ ਪਾਤਸ਼ਾਹੀਆਂ, ਮੈਂ ਕਿਥੋਂ ਕੱਢਾਂ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਮਨ ਦੇ ਆਖੇ ਲਗਕੇ ਆਪਣੀ ਪਹੁੰਚ ਤੋਂ ਵੱਧ ਖਰਚ ਨਹੀਂ ਕਰਨ ਲਗ ਪਈਦਾ, ਤਾਂ ਇਹ ਅਖਾਣ ਵਰਤਦੇ ਹਨ।

(੧੯) ਮਰ ਗਈ ਗੁੱਡੀ, ਪਟੋਲਿਆਂ ਖੁਣੋਂ।

ਦੇਖੋ:—ਅੰਨ੍ਹੇ ਦੀ ਰੀਝ ਗੁਲੇਲ ਉਤੇ।

(੨੦) ਮਰਦ ਦੀ ਮਾਇਆ ਤੇ ਬ੍ਰਿਛ ਦੀ ਛਾਇਆ, ਓਹਦੇ ਨਾਲ ਹੀ ਜਾਂਦੀ ਏ ।

ਕਿਸੇ ਧਨੀ ਆਦਮੀ ਦੀ ਮਾਇਆ ਦਾ ਉਸਦੇ ਪਿੱਛੋਂ ਨਾਸ ਹੁੰਦਾ ਵੇਖਕੇ ਕਹਿੰਦੇ ਹਨ।

(੨੧) ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ।

ਕਿਸੇ ਆਦਮੀ ਨੂੰ ਕਿਸੇ ਔਖਿਆਈ ਵਿਚ ਫਸੇ ਹੋਏ ਨੂੰ ਹੌਂਸਲਾ ਦੇਣ ਲਈ. ਇਹ ਅਖਾਣ ਵਰਤਦੇ ਹਨ।

(੨੨) ਮਰਦਾਂ ਭਜਣ ਮੇਹਣਾ ਤੇ ਮਹੀਆਂ ਡੁਬਣ ਲਾਜ ।

ਕਿਸੇ ਆਦਮੀ ਨੂੰ ਮੈਦਾਨ ਵਿਚ ਡਟੇ ਰਹਿਣ ਦਾ ਉਪਦੇਸ਼ ਕਰਨ ਲਈ ਵਰਤਦੇ ਹਨ।

(੨੩) ਮਰਦੀ ਦੇ ਮੂੰਹ ਘਿਉ ਲਾਇਆ, ਮੇਰੀ ਘਿਉ ਖਾਂਦੜੀ ਮੋਈ ।

ਜਦ ਕੋਈ ਖਰਚ ਤਾਂ ਕੁਝ ਨ ਕਰੇ, ਪਰ ਕਿਸੇ ਢੰਗ ਨਾਲ ਥੋੜੀ ਜਿਹੀ ਚੀਜ਼ ਦੇਕੇ ਇਹ ਦਰਸਾਏ ਕਿ ਮੈਂ ਫਲਾਣੇ ਨੂੰ ਬੜਾ ਖਵਾਇਆ ਹੈ, ਤਾਂ ਉਸਨੂੰ ਮਖੌਲ ਨਾਲ ਕਹਿੰਦੇ ਹਨ।

(੨੪) ਮਰਦੀ ਮਰ ਗਈ ਪਰ ਚੋਚਲਿਆਂ ਤੋਂ ਨ ਪਈ ।

ਚੋਚਲਿਆਂ = ਰਿਕਤਾਂ, ਝੇੜਾਂ ਕਰਨੀਆਂ।

ਦੇਖੋ:—ਅਦੋਂ ਪਈ ਪਦੋਂ ਪਈ, ਟੰਗਾਰੋਂ ਨ ਪਈ।

(੨੫) ਮਰਨ ਲਗੀ ਤੇ ਸ਼ੁੱਕਰ ਸਾਹਮਣਾ।

ਜਦ ਕੋਈ ਸਗਨਾਂ ਦਾ ਵਹਿਮੀ ਬੜੇ ਛੇਤੀ ਦੇ ਕੰਮਾਂ ਵਿਚ ਢਿੱਲ ਮੱਠ ਕਰ ਰਿਹਾ ਹੋਵੇ, ਤਾਂ ਵਰਤਦੇ ਹਨ।

ਸ਼ੁੱਕਰ ਤਾਰੇ ਨੂੰ ਵਿਚਾਰਕੇ ਵਹੁਟੀਆਂ ਸਹੁਰੇ ਪੇਕੇ ਜਾਇਆ ਕਰਦੀਆਂ ਹਨ।

(੨੬) ਮੱਲਾਹ ਦਾ ਹੁਕਾ ਸੁਕਾ।

ਕਿਸੇ ਆਲਸੀ ਦੇ ਘਰ ਉਸੇ ਚੀਜ਼ ਦੀ ਥੁੜ ਵੇਖਕੇ ਜੋ ਉਸ ਨੂੰ ਸੌਖੀ ਮਿਲ਼ ਸਕਦੀ ਹੋਵੇ, ਇਹ ਅਖਾਣ ਵਰਤਦੇ ਹਨ।

ਅੰਗ੍ਰੇਜ਼ੀ:—The tailors wife is the worst clad.

(੨੭) ਮਾਇਆ ਨੂੰ ਮਾਇਆ ਮਿਲੇ ਕਰ ੨ ਲੰਮੇ ਹਾਥ।

ਕਿਸੇ ਅਮੀਰ ਨੂੰ ਹੀ ਹੋਰ ਭਾਗ ਲਗਦਾ ਵੇਖ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—Money begets money.

(੨੮) ਮਾਹਲ ਟੁੱਟੀ ਤੇ ਲੰਡਾ ਭਖਿਆ।

ਕੋਈ ਆਦਮੀ ਵੇਲਾ ਲੰਘ ਜਾਣ ਉਪਰ ਹੰਬਲਾ ਮਾਰ ਦਿਖਾਵੇ, ਤਾਂ ਉਸ ਉੱਪਰ ਇਹ ਅਖਾਣ ਵਰਤਦੇ ਹਨ।

(੨੯) ਮਾਤਾ ਦਾ ਬਕਰਾ ਪਲਦਾ ਏ ?

ਕਿਸੇ ਆਦਮੀ ਤੋਂ ਕੋਈ ਮੁਸੀਬਤ ਆਉਣ ਦਾ ਨਿਸਚਾ ਹੋਵੇ, ਤਾਂ ਕਹਿੰਦੇ ਹਨ।

(੩੦) ਮਾਮੇ ਕੰਨੀਂ ਦੂਰ, ਭਣੇਵਾਂ ਆਕੜਿਆ।

ਜਦ ਕੋਈ ਆਪਣੇ ਸੰਬੰਧੀ ਦੇਵਡੱਪਣਤੇ ਕੋਈਆਕੜ ਕਰੇ, ਤਾਂ ਕਹਿੰਦੇ ਹਨ। ਕਿਤੇ ਦੂਰ ਦੀ ਥਾਂ ਬੀਰ ਬਲੀਆਂ ਭੀ ਕਹਿੰਦੇ ਹਨ।

(੩੧) ਮਾਰਨ ਵਾਲੇ ਛੁਟ ਗਏ ਤੇ ਪਿਛਲੇਫੜੇ ਗਏ।

ਜਦ ਕਸੂਰ ਵਾਰ ਬਚ ਜਾਵੇ ਤੇ ਬੇਦੋਸਾ ਸਜਾ ਪਾ ਜਾਵੇ, ਤਾਂ ਕਹਿੰਦੇ ਹਨ ।

(੩੨) ਮਾਰੀ ਅਖ ਤੇ ਫਰਕੇ ਗੋਡਾ ।

ਜਦ ਕੋਈ ਨਿਕੀ ਜਿਹੀ ਤਕਲੀਫ ਨੂੰ ਵਡੀ ਬਣਾ ੨ ਦਸੇ, ਤਾਂ ਕਹਿੰਦੇ ਹਨ।

(੩੩) ਮਾਰੇ ਨਾਲੋਂ ਭਜਾਇਆ ਚੰਗਾ ।

ਕਿਸੇ ਦੇ ਮਗਰ ਲਗੇ ਵੈਰੀ ਨੂੰ ਨੁਕਸਾਨ ਕਰਨ ਤੋਂ ਹਟਾਉਣ ਲਈ ਵਰਤਦੇ ਹਨ, ਭਾਵ ਡਰ ਬਣਿਆ ਰਹਿੰਦਾ ਹੈ । ਕਈ ਵਾਰੀ ਭਜਾਇਆ ਦੀ ਥਾਂ ਪਦਾਇਆ ਵੀ ਕਹਿੰਦੇ ਹਨ।

(੩੪) ਮਾੜਾ ਢੱਗਾ, ਛੱਤੀ ਰੋਗ ।

ਕਿਸੇ ਮਾੜੇ ਬੰਦੇ ਨੂੰ ਰੋਜ ਬੀਮਾਰ ਪਿਆ ਵੇਖ ਕਿਹਾ ਜਾ ਸਕਦਾ ਹੈ ।

(੩੫) ਮਾੜਾ ਮਾੜੀ ਲੜੇ ਤੇ ਚੀਕ ਚਿਹਾੜਾ ਪੜੇ।

ਮਾੜੇ ਬੰਦਿਆਂ ਦੀਆਂ ਗੱਲਾਂ ਤੇ ਫੋਕੇ ਰੌਲੇ ਨੂੰ ਸੁਣਕੇ ਕਿਹਾ ਜਾ ਸਕਦਾ ਹੈ।

(੩੬) ਮਾੜੇ ਸ਼ਾਹ ਦੀਆਂ ਮਨਵਿਚ ਖੇਪਾਂ, ਪੰਜੀਂ ਲਵਾਂ ਪੰਜਾਹੀਂ ਵੇਚਾਂ ।

ਕਿਸੇ ਮਾੜੇ ਸ਼ਾਹ ਦੀਆਂ ਸ਼ੇਖ ਚਿੱਲੀਆਂ ਸਲਾਹਾਂ ਵੇਖਕੇ ਕਿਹਾ ਜਾ ਸਕਦਾ ਹੈ ।

(੩੭) ਮਾਂਹ ਦੇ ਦਾਣੇ ਦੀ ਸੁਫੈਦੀ ਜਿੰਨਾਂ ਭੀ ਫਿਕਰ ਨ ਕਰ ।

ਇਸ ਅਖਾਣ ਦਾ ਮਤਲਬ ਸਾਫ ਹੀ ਹੈ।

(੩੮) ਮਾਂ ਕੋਲੋਂ ਹੇਜਲੀ ਫਫੇ ਕੁੱਟਣੀ ।

ਜਦ ਕੋਈ ਓਪਰਾ ਆਦਮੀ ਆਪਣਿਆਂ ਨਾਲੋਂ ਭੀ ਵਧ ਹਿਤ ਵਿਖਾਵੇ ਪਰ ਵਿਚ ਕੋਈ ਖੋਟ ਹੋਵੇ, ਤਾਂ ਉਸ ਤੋਂ ਬਚਣ ਦਾ ਉਪਦੇਸ਼ ਕਰਨ ਵੇਲੇ ਵਰਤਦੇ ਹਨ।

(੩੯) ਮਾਂ ਜੇਹੀ ਮਾਸੀ, ਕੰਧ ਐਰੇ ਤੇ ਜਾਸੀ।

ਜਦ ਕੋਈ ਓਪਰਾ ਬਹੁਤਾ ਪਿਆਰ ਜਤਾਕੇ ਠੱਗੀ ਕਰਦਾ ਦਿਸੇ, ਤਾਂ ਕਹਿੰਦੇ ਹਨ।

(੪੦) ਮਾਂ ਟੀਹਣੀ ਪਿਉ ਕੁਲੰਗ, ਬਚੇ ਨਿਕਲੇ ਰੰਗ ਬਰੰਗ ।

ਟੀਹਣੀ = ਮਧਰੀ ਕੁਕੜੀ ।

ਜਦ ਮਾਂ ਤੇ ਪਿਉ ਦੇ ਵਖ ੨ ਸੁਭਾ ਹੋਣ ਕਰਕੇ ਜੇ ਉਲਾਦ ਦਾ ਸੁਭਾ ਹੋਰ ਹੀ ਅਜੀਬ ਨਿਕਲ ਆਵੇ, ਤਾਂ ਕਹਿੰਦੇ ਹਨ।

ਜਦ ਉਲਾਦ ਆਪਣੇ ਮਾਪਿਆਂ ਤੋਂ ਬਹੁਤ ਤ੍ਰੱਕੀ ਕਰ ਜਾਵੇ, ਤਾਂ ਕਹਿੰਦੇ ਹਨ।

(੪੧) ਮਾਂ ਡੈਣ ਹੋਵੇ ਤਾਂ ਆਪਣੇ ਬਚੇ ਹੀ ਖਾਣ ਲਗ ਪੈਂਦੀ ਹੈ ?

ਦੇਖੋ:—ਆਪਣੀ ਮਾਂ ਮਾਰੂ ਤੇ ਛਾਵੇਂ ਹੀ ਸੁੱਟੂ ।

(੪੨) ਮਾਂ ਨ ਮਾਰੀ ਪਿਦੜੀ, ਪੁੱਤਰ ਤੀਰਅੰਦਾਜ।

ਜਦ ਔਲਾਦ ਆਪਣੇ ਮਾਪਿਆਂ ਤੋਂ ਬਹੁਤ ਤ੍ਰੱਕੀ ਕਰ ਜਾਵੇ, ਤਾਂ ਕਹਿੰਦੇ ਹਨ ।

(੪੩) ਮਾਂ ਨੀ ਮਾਂ, ਮੈਂ ਠਾਣੇਦਾਰ ਬਣਾਂ ਤੇ ਤੇਰੇ ਹੀ ਪਾਸੇ ਭੰਨਾਂ ?

ਜਦ ਕੋਈ ਆਦਮੀ ਵਡਾ ਹੋਕੇ ਆਪਣਿਆਂ ਨੂੰ ਹੀ ਘੂਰਨ ਲਗ ਜਾਵੇ, ਤਾਂ ਕਹਿੰਦੇ ਹਨ ।

(੪੪) ਮਾਂ ਨੀ ਮਾਂ, ਮੈਂ ਰਹਿ ਨ ਸਕਾਂ ।

ਕਿਸੇ ਬੰਦੇ ਨੂੰ ਕੋਈ ਗੱਲ ਕਰਨੋਂ ਹੋੜਿਆ ਜਾਵੇ, ਤੇ

ਉਹ ਫੇਰ ਭੀ ਨ ਰੁਕੇ, ਤਾਂ ਉਸ ਉੱਪਰ ਇਹ ਅਖਾਣ ਵਰਤਦੇ ਹਨ।

(੪੫) ਮਾਂ ਪਿਉ ਦੀਆਂ ਗਾਲਾਂ, ਤੇ ਦੁਧ ਘਿਉ ਦੀਆਂ ਨਾਲਾਂ।

ਮਾਪਿਆਂ ਦੀ ਝਿੜਕ ਝੰਬ ਨੂੰ ਸਹਾਰਨ ਦਾ ਉਪਦੇਸ਼ ਦੇਂਦਿਆਂ ਬੋਲਦੇ ਹਨ।

(੪੬) ਮਾਂ ਪੁਰ ਧੀ, ਪਿਤਾ ਪੁਰ ਘੋੜਾ, ਬਹੁਤਾ ਨਹੀਂ ਤਾਂ ਥੋੜਾ ਥੋੜਾ।

ਜਦ ਇਹ ਦਸਣਾ ਹੋਵੇ ਕਿ ਔਲਾਦ ਉੱਤੇ ਮਾਪਿਆਂ ਦਾ ਅਸਰ ਜ਼ਰੂਰ ਪੈਂਦਾ ਹੈ, ਤਾਂ ਇਹ ਅਖਾਣ ਬੋਲਦੇ ਹਨ।

(੪੭) ਮਾਂ ਫਿਰੇ ਫੋਸੀ ੨ ਨੂੰ, ਪੁਤਰਾਹੀਰੇਮਣਸੇ।

ਕੋਈ ਆਦਮੀ ਆਪਣੇ ਮਾਪਿਆਂ ਦੀ ਕਮਜ਼ੋਰ ਮਾਇਕ ਹਾਲਤ ਦਾ ਖਿਆਲ ਨਾ ਕਰੇ, ਤਾਂ ਬੋਲਦੇ ਹਨ।

(੪੮) ਮਾਂ ਮੇਘਣੀ ਪਿਉ ਮੜ੍ਹਾਸ, ਪੁੱਤਰ ਦਾ ਨਾਂ ਠਾਕਰ ਦਾਸ।

ਜਿਸਦੇ ਮਾਂ ਪਿਉ ਵੱਖ ੨ ਸੁਭਾਵਾਂ ਦੇ ਹੋਣ ਤੇ ਉਹ ਅਗੋਂ ਹੋਰ ਹੀ ਸੁਭ੍ਹਾ ਦਾ ਨਿਕਲ ਪਏ, ਤਦ ਕਹਿੰਦੇ ਹਨ।

ਵੇਖੋ:—ਮਾਂ ਟੀਹਣੀ ਪਿਉ ਕੁਲੰਗ.....

(੪੯) ਮਾਂ ਮਰ ਗਈ ਪੋਹ ਦੇ ਪਾਲੇ, ਧੀ ਦਾ ਨਾਂ

ਨਿਹਾਲੀ (ਰਜਾਈ) । ਜਾਂ

(੫੦) ਮਾਂ ਮਰ ਗਈ ਭੁਖ ਦੇ ਹਾਵੇ, ਧੀ ਦਾ ਨਾਂ ਰੱਜੀ । ਜਾਂ

(੫੧) ਮਾਂ ਮਰ ਗਈ ਭੁੱਖੀ ਨੰਗੀ, ਧੀ ਦਾ ਨਾਂ ਲੱਛਮੀ । ਜਾਂ

(੫੨) ਮਾਂ ਮੋਈ ਮਧੇਉਣੀ, ਧੀ ਦਾ ਨਾਂ ਮਖਣੀ।

ਜਾਂ

(੫੩) ਮਾਂ ਮੋਈ ਧੁੱਪੇ, ਸੜਕੇ ਧੀ ਦਾ ਨਾਂ ਬਗੀਚੀ।

ਜਾਂ

(੫੪) ਮਾਂ ਮੂਲੀ ਤੇ ਪਿਉ ਪਿਆਜ਼ ਪੁੱਤ ਕੇਸਰ ਦੀਆਂ ਤੁਰੀਆਂ।

ਜਦ ਕੋਈ ਆਪਣੇ ਵਡਿਆਂ ਦੀ ਹਾਲਤ ਤੋਂ ਵੱਧ ਵੱਧਕੇ ਚੌੜਾ ਹੋਕੇ ਦਿਖਾਵੇ, ਤਾਂ ਇਹ ਸਾਰੇ ਅਖਾਣ ਮੌਕੇ ੨ ਸਿਰ ਘਟਾਏ ਜਾਂਦੇ ਹਨ।

ਦੇਖੋ:—ਮਾਂ ਟੀਹਣੀ ਪਿਉ ਕੁਲੰਗ।

(੫੫) ਮਾਂ ਮੋਈ ਤੇ ਧੀ ਜੰਮੀ, ਫੇਰ ਤਿੰਨਾਂ ਦੇ ਤਿੰਨ ।

ਜਦ ਕੁਝ ਵਾਧਾ ਘਾਟਾ ਕਰਕੇ ਭੀ ਲੇਖਾ ਉਥੇ ਹੀ ਆ ਜਾਵੇ, ਤਾਂ ਕਹਿੰਦੇ ਹਨ।

(੫੬) ਮਾਂ ਰੋਵੇ ਸਿਰ ਧੋਣ ਨੂੰ, ਧੀ ਦਾ ਨਾਂ ਦਹੀਂ।

ਦੇਖੋ:—ਅੰਮਾਂ ਮਰ ਗਈ ਪੋਹ ਦੇ ਪਾਲੇ, ਧੀ ਦੀ ਨਾਂ ਨਿਹਾਲੀ।

(੫੭) ਮਾਂ ਲੀਰਾਂ ਕਤੀਰਾਂ, ਪੁੱਤ ਘੁਰਚ ਮੁੰਗਲਾ।

ਲੀਰਾਂ ਕਤੀਰਾਂ = ਟੁੱਟੀ ਫੱਟੀ ਹੋਈ ਹਾਲਤ।

ਮਾਪੇ ਮਾੜੇ ਤੇ ਔਲਾਦ ਤਕੜੀ ਵੇਖਕੇ ਕਿਹਾ ਜਾ ਸਕਦਾ ਹੈ।

(੫੮) ਮਾਵ੍ਹਾਂ ਧੀਆਂ ਭੱਪਾ ਰਿਧਾ, ਮਿੱਠਾ ਬੇਬੇ ਮਿੱਠਾ ਹੈ।

ਜਦ ਦੋ ਆਦਮੀ ਇਕ ਦੂਜੇ ਦੀ ਐਵੇਂ ਸਿਫਤ ਕਰੀ ਜਾਣ, ਤਾਂ ਕਹਿੰਦੇ।

ਫਾਰਸੀ:—ਮਨ ਤੁਰਾ ਹਾਜੀ ਬਿਗੋਇਮ ਤੂ ਮਰਾ ਕਾਜ਼ੀ ਬਿਗੋ।

(੫੯) ਮਿਤਰਾਂ ਨਾਲ ਕਰੇਂਦੇ ਠੱਗੀਆਂ ਥੀਂਦੇ ਜਨਮ ਕਸਾਈ, ਕੁੰਭੀ ਨਰਕ ਤਿਨ੍ਹਾਂ ਦਾ ਵਾਸਾ ਜੋ ਨਿੰਦਿਆ ਕਰਨ ਪਰਾਈ।

ਕਿਸੇ ਨਿੰਦਕ ਜਾਂ ਵਿਸਾਹ ਘਾਤੀ ਉੱਪਰ ਇਹ ਅਖਾਣ ਵਰਤਦੇ ਹਨ।

(੬੦) ਮਿਰਜ਼ਾ ਮਰ ਗਿਆ ਏ ਕਿ ਸਾਰੰਗੀ ਟੁੱਟ ਗਈ ਏ ?

ਜਦ ਇਹ ਦਸਣਾ ਹੋਵੇ ਕਿਹਾਲੇ ਇਹ ਕੰਮ ਏਸੇ ਤਰ੍ਹਾਂ ਚਲਦਾ ਰਹੇਗਾ, ਤਾਂ ਕਹਿੰਦੇ ਹਨ।

(੬੧) ਮੀਆਂ ਸਬਕ ਨ ਦਿਊ ਤੇ ਮੁੰਡਾ ਘਰ ਵੀ ਨ ਆਉਣ ਦਿਊ ?

ਜਦ ਇਹ ਕਹਿਣਾ ਹੋਵੇ ਕਿ ਕਿਸੇ ਆਦਮੀ ਕੋਲੋਂ ਜੇ ਕੁਝ ਭਲਾ ਨ ਹੋਊ, ਤਾਂ ਕੀ ਉਹ ਸਾਨੂੰ ਭੀ ਰਖ ਲਊ ? ਤਾਂ ਕਹਿੰਦੇ ਹਨ।

(੬੨) ਮੀਆਂ ਬੀਬੀ ਰਾਜੀ ਤੇ ਕੀ ਕਰੇਗਾ ਕਾਜੀ।

ਜਦ ਇਹ ਦਸਣਾ ਹੋਵੇ ਕਿ ਦੋ ਬੰਦਿਆਂ ਦੀ ਜੇ ਸੁਲ੍ਹਾ ਹੋਵੇ, ਤਾਂ ਤੀਸਰਾ ਕੋਈ ਸਲਾਹ ਕਾਰ ਕੀ ਕਰ ਸਕਦਾ ਹੈ, ਤਾਂ ਕਹਿੰਦੇ ਹਨ ।

(੬੩) ਮੀਆਂ ਮੈਨੂੰ ਜਾਣੇ ਨਾ ਤੇ ਘੜਾ ਕਢਾਵੇ ਟੱਟੂ ।

ਜਦ ਇਹ ਦਸਣਾ ਹੋਵੇ ਕਿ ਇਕ ਤਾਂ ਉਹ ਉਸਦੀ ਪਰਵਾਹ ਹੀ ਨਹੀਂ ਕਰਦਾ, ਤੇ ਦੂਜਾ ਉਸਦੀਆਂ ਖਾਤਰਾਂ ਕਰਦਾ ਫਿਰਦਾ ਹੈ, ਤਾਂ ਕਹਿੰਦੇ ਹਨ।

(੬੪) ਮੀਸਣੀ ਖਾਵੇ ਤੇ ਮੂੰਹ ਨਾ ਹਲਾਵੇ ।

ਜਦ ਕੋਈ ਆਪਣੇ ਮਕਰ ਫਰੇਬ ਨਾਲ ਕਿਸੇ ਭੇਤ ਵਾਲੀ ਗੱਲ ਨੂੰ ਉੱਘੀ ਨਾ ਹੋਣ ਦੇਵੇ, ਤਾਂ ਆਖਦੇ ਹਨ। ਕਈ ਆਦਮੀ ਇਸਦੀ ਉਲਟਾ ਪੁਲਟਾ ਕੇ ਗਲਤ ਵਰਤੋਂ ਵੀ ਕਰਦੇ ਹਨ।

(੬੪) ਮੀਂਹ ਪਿਆ ਦਿਵਾਲੀ ਜਿਹਾ ਫੋਸੀ ਤਿਹਾ ਹਾਲੀ।

ਦੀਵਾਲੀ ਤੋਂ ਪਿਛੋਂ ਹੀ ਬਹੁਤ ਕਰਕੇ ਬਿਆਈ ਸ਼ੁਰੂ ਹੁੰਦੀ ਹੈ। ਉਸ ਮੌਕੇ ਤੇ ਮੀਂਹ ਪੈ ਜਾਵੇ, ਤਾਂ ਬਿਨਾਂ ਮੇਹਨਤ ਹੀ ਕਣਕ ਬੀਜਣ ਦਾ ਮੌਕਾ ਮਿਲ ਜਾਂਦਾ ਹੈ। ਜਿਨ੍ਹਾਂ ਨੇ ਹਲ ਵਾਹ ਵਾਹ ਕੇ ਵੱਤ੍ਰ ਸਾਂਭੇ ਹੁੰਦੇ ਹਨ, ਉਹ ਇਹ ਭੀ ਆਖ ਦੇਂਦੇ ਹਨ: 'ਲੇਖੇ ਹੋਣਗੇ ਖਲਵਾੜੀ'; ਭਾਵ ਫੋਸੀ ਤੇ ਹਾਲੀ ਦਾ ਝਾੜ ਵਧ ਘਟ ਰਹਿੰਦਾ ਹੈ।

(੬੫) ਮੀਂਹਾਂ ਤੇ ਬੱਰੂ ਹੁੰਦਾ ਏ।

ਬਰੂ = ਇਕ ਕਿਸਮ ਦਾ ਘਾਹ ਜੋ ਮੀਂਹ ਪੈਣ ਤੇ ਉਘਦਾ ਹੈ।

ਜਦ ਇਹ ਕਹਿਣਾ ਹੋਵੇ ਕਿ ਅਜੇ ਤਾਂ ਰੱਬ ਤੇ ਡੋਰੀ ਹੈ, ਪਤਾ ਨਹੀਂ ਕੁਦਰਤ ਨੂੰ ਕੀ ਭਾਉਂਦਾ ਹੈ, ਤਦ ਬੋਲਦੇ ਹਨ।

(੬੬) ਮੁਸ਼ਕ ਲੈਣਾ ਏਂ ਕਿ ਬਾਗ ਢਾਹੁਣਾਏ?

ਦੇਖੋ:—ਅੰਬ ਖਾਣੇ ਨੇ ਕਿ ਪੇਡ ਗਿਣਨੇ ਨੇ।

(੬੭) ਮੁਗਲੋਂ ਗੋਰਾ ਸੋ ਕੋਹੜਾ ।

ਜਦ ਕੋਈ ਕੰਮ ਪੂਰੇ ਦਰਜੇ ਦੀ ਚੰਗਿਆਈ ਤਕ ਅਪੜ ਜਾਵੇ, ਪਰ ਕੋਈ ਇਸ ਤੋਂ ਭੀ ਵਧੀਕ ਚਾਹੇ, ਤਾਂ ਕਹਿੰਦੇ ਹਨ। ਭਾਵ ਇਹ ਕਿ ਹਦ ਤੋਂ ਵਧੀਕ ਗੋਰਾ ਫੁਲ-ਬਹਿਰੀ ਦਾ ਮਾਰਿਆ ਹੋਇਆ ਹੀ ਜਾਪਦਾ ਹੈ।

(੬੮) ਮੁਦੱਈ ਸੁਸਤ, ਗਵਾਹ ਚੁਸਤ ।

ਜਿਸਦਾ ਕੰਮ ਹੋਵੇ ਉਹ ਪਰਵਾਹ ਹੀ ਨ ਕਰੇ, ਤੇ ਦੂਸਰਾ ਪਿਆ ਜੋਰ ਲਾਵੇ, ਤਾਂ ਕਹਿੰਦੇ ਹਨ।

(੬੯) ਮੁਖਤ ਦੀ ਸ਼ਰਾਬ ਤਾਂ ਕਾਜੀ ਨੂੰ ਭੀ ਹਲਾਲ ਹੈ ?

ਜਦ ਕੋਈ ਆਦਮੀ ਭੈੜੀ ਚੀਜ਼ਕੇਵਲ ਮੁਫਤ ਮਿਲਣ ਕਰਕੇ ਹੀ ਲੈ ਲਵੇ, ਤਾਂ ਕਹਿੰਦੇ ਹਨ।

(੭੦) ਮੁਰਦਾ ਬੋਲੂ ਤੇ ਖਫਣ ਹੀ ਪਾੜੂ ।

ਕੋਈ ਆਦਮੀ ਜਦੋਂ ਬੋਲੇ ਓਦੋਂ ਹੀ ਕੋਈ ਸਾੜਵੀਂ ਗੱਲ ਕਰੇ, ਤਾਂ ਕਹਿੰਦੇ ਹਨ।

(੭੧) ਮੁੱਲਾਂ ਦੀ ਦੌੜ ਮਸੀਤ ਤੋੜੀ ।

ਕਿਸੇ ਮਾੜੇ ਬੰਦੇ ਦੀ ਪਹੁੰਚ ਵਡੀਆਂ ਥਾਵਾਂ ਤੇ ਨ ਹੋਵੇ ਤੇ ਉਹ ਆਪਣਾ ਸਾਰਾ ਜੋਰ ਲਾ ਦੇਵੇ। ਇਹ ਦਸਣ ਲਈ ਕਿ ਉਹ ਆਪਣਾ ਜੋਰ ਲਾ ਚੁੱਕਾ ਹੈ, ਇਹ ਅਖਾਣ ਵਰਤਦੇ ਹਨ।

ਅੰਗ੍ਰੇਜ਼ੀ:—The priest goes no farther than the church.

(੭੨) ਮੁੰਡਿਆਂ ਦੇ ਕਹੇ ਮੁੱਲਾਂ ਥੋੜਾ ਮਰ ਚਲਿਆ ਹੈ ?

ਵੇਖੋ:—ਕਾਵਾਂ ਆਖੇ ਢੋਰ ਨਹੀਂ ਮਰ ਚਲੇ।

(੭੩) ਮੁੰਡੇ, ਰੋਲ, ਰੰਨਾਂ, ਤਿੰਨੇ ਉਜਾੜਦੇ ਬੰਨ੍ਹਾਂ।

ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨੂੰ ਵਧੇਰੇ ਖਰਚ ਕਰਦਿਆਂ ਤਕ ਕਿਹਾ ਜਾ ਸਕਦਾ ਹੈ।

(੭੪) ਮੂਸਾ ਡਰਿਆ ਮੌਤ ਤੋਂ ਅਗੇ ਮੌਤ ਖੜੀ।

ਇਕ ਆਦਮੀ ਕਿਸੇ ਤਕਲੀਫ ਤੋਂ ਡਰਕੇ ਆਪਣੇ ਵਲੋਂ ਤਾਂ ਬਚ ਨਿਕਲੇ, ਪਰ ਅਗੇ ਜਾਕੇ ਫੇਰ ਫਸ ਜਾਵੇ, ਤਾਂ ਕਹਿੰਦੇ ਹਨ।

(੭੫) ਮੂਰਖ ਦਾ ਹਾਸਾ, ਭੰਨ ਸੁੱਟੇ ਪਾਸਾ।

ਕਿਸੇ ਨਾਲ ਹਾਸਾ ਕਰਦਿਆਂ ੨ ਹੀ ਜੇ ਉਹ ਕੋਈ ਡਾਢੀ ਸੱਟ ਲਾ ਦੇਵੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—A tyrants breath is another's death

(੭੬) ਮੂੰਹ ਚੁਮਾਂ ਟੁਕ ਨ ਦਿਆਂ, ਖਾਹ ਬਚਾ ਬਥੇਰੀਆਂ।

ਕੋਈ ਆਦਮੀ ਜ਼ਬਾਨੀ ੨ ਤਾਂ ਬਥੇਰੀਆਂ ਗੱਲਾਂ

ਕਰੇ, ਪਰ ਹੱਥੋਂ ਦੇਵੇ ਲਵੇ ਕੁੱਝ ਨਾਂ, ਤਾਂ ਉਸ ਉੱਪਰ ਇਹ ਅਖਾਣ ਘਟਾਉਂਦੇ ਹਨ।

(੭੭) ਮੂੰਹ ਦੀ ਲਹਿਰ ਬਹਿਰ, ਹਥਾਂ ਦੀ ਹੜਤਾਲ।

ਦੇਖੋ:—ਹਥੜਿਉਂ ਨ ਕਿਰਾਂ,ਤੇ ਮੁਖੜਿਉਂ ਹੀ ਭਿੜਾਂ।

(੭੮) ਮੂੰਹ ਨ ਮੱਥਾ ਜਿੰਨ੍ਹ ਪਹਾੜੋਂ ਲੱਥਾ।

ਕਿਸੇ ਨੂੰ ਬਦ-ਸ਼ਕਲ ਦਸਣ ਲਈ ਵਰਤਦ ਹਨ।

(੭੯) ਮੂੰਹ ਵਿਚ ਦੰਦ ਨਾ, ਦਾਤਣ ਲੋਹੇ ਦੀ।

ਦੇਖੋ:—ਜਾਤ ਦੀ ਕੋੜ੍ਹ ਕਿਰਲੀ ਸ਼ਤੀਰਾਂ ਨਾਲ ਜਫੇ।

(੮੦) ਮੂੰਹਾਂ ਨੂੰ ਮੁਲਾਹਜੇ ਤੇ ਸਿਰਾਂ ਨੂੰ ਸਲਾਮਾਂ।

ਜਦ ਇਹ ਦਸਣਾ ਅੱਖਾਂ ਦਾ ਲਿਹਾਜ਼ ਹੀ ਹਰ ਥਾਂ ਕੰਮ ਆਉਂਦਾ ਹੈ, ਤਦ ਵਰਤਦੇ ਹਨ।

(੮੧) ਮੂੰਹੋਂ ਬੋਲੇ ਤੇ ਹੈਂਸ ਤੋਲੇ।

ਦੇਖੋ:—ਮੁਰਦਾ ਬੋਲੂ ਤੇ ਖੱਫਣ ਹੀ ਪਾੜੂ।

(੮੨) ਮੂਰਖਾਂ ਦੇ ਸਿਰੀਂ ਸਿੰਗ ਨਹੀਂ ਹੁੰਦੇ?

ਕਿਸੇ ਦੀ ਕੋਈ ਮੂਰਖਤਾ ਵੇਖਕੇ ਬੋਲਿਆ ਜਾਂਦਾ ਹੈ।

(੮੩) ਮੇਹਣੀਂ ਘਰ ਨਹੀਂ ਉਜੜਦੇ, ਕਰਤੂਤੀਂ ਉਜੜਦੇ ਨੇ।

ਭੈੜੀਆਂ ਕਰਤੂਤਾਂ ਕਰਨ ਵਾਲੇ ਨੂੰ ਸਮਝਾਉਣ ਲਈ ਵਰਤਦੇ ਹਨ।

(੮੪) ਮੇਲ ਮਾਨੀਂ ਤੇ ਭੁੜਕਣ ਭੁੱਲਰ।

ਕਿਸੇ ਹੋਰ ਦੀ ਖੁਸ਼ੀ ਉੱਤੇ ਜੇ ਕੋਈ ਦੂਸਰਾ ਐਵੇਂ ਹੀ ਭੁੜਕਦਾ ਫਿਰੇ, ਤਾਂ ਕਹਿੰਦੇ ਹਨ।

(੮੫) ਮੇਲਾ ਮੇਲੀਆਂ ਦਾ ਪੈਲੇ ਧੇਲੀਆਂ ਦਾ।

ਜਦ ਇਹ ਦਸਣਾ ਹੋਵੇ ਕਿ ਪੈਸਾ ਪੱਲੇ ਹੋਵੇ ਤਾਂ ਮਿੱਤ੍ਰ ਭੀ ਆ ਮਿਲਦੇ ਹਨ, ਤਦ ਵਰਤਦੇ ਹਨ।

ਦੇਖੋ:—ਘਰ ਪਕਦੀਆਂ ਦੇ ਯਾਰ ਹੁੰਦੇ ਨੇ।

(੮੬) ਮੈਂ ਤੇ ਭੈਣਾਂ ਇੱਕੀ ਪਾਈ।

ਦੇਖੋ:—ਗੁੜਘੀਉ ਮੈਦਾ ਤੇਰਾ, ਜਲ ਫੂਕ ਬਸੰਤਰ ਮੇਰਾ।

ਅੰਗ੍ਰੇਜ਼ੀ:—We dogs killed the hare "quoth the lapdog".

(੮੭) ਮੈਂ ਤੇ ਭਾਬੋ ਇੱਕੋ, ਲੋਕ ਪਰਾਏ ਫਿੱਕੇ।

ਦੇਖੋ:—ਮੀਆਂ ਬੀਬੀ ਰਾਜੀ ਕੀ ਕਰੇਗਾ ਕਾਜੀ।

(੮੮) ਮੈਂ ਨ ਜੰਮਦੀ ਤੂੰ ਕਿਥੋਂ ਵਿਆਹੀ ਦਾ?

ਜਦ ਕੋਈ ਆਦਮੀ ਇਹ ਆਕੜ ਕਰਦਾ ਦਸੇ ਕਿ ਮੈਥੋਂ ਬਿਨਾਂ ਇਹ ਕੰਮ ਨਹੀਂ ਸੀ ਹੋਣਾ, ਤਾਂ ਉਸਨੂੰ ਮਖੌਲ ਨਾਲ ਕਹਿੰਦੇ ਹਨ।

(੮੯) ਮੋਇਆ ਪਿਛੋਂ ਡੂਮ ਰਾਣੇ।

ਵੇਖੋ:—ਪੈਂਚ ਕਿਨ ਬਣਾਇਆ ਏ,ਮੜ੍ਹੀਆਂ ਵਾਲਿਆਂ।

ਅੰਗ੍ਰੇਜ਼ੀ:—When the cat is away, the mice play.

(੯੦) ਮੋਈ ਰੀਝ ਨਾਲ ਦੱਬੀ,ਦਲੀਜ ਨਾਲ।

ਜਾਂ

(੯੧) ਮੋਈ ਰੀਝ ਨਾਲ ਦੱਬੀ ਭੂਰੇ ਵਿਚ।

ਕਿਸੇ ਕੰਮ ਨੂੰ ਪਹਿਲਾਂ ਤਾਂ ਬੜੀ ਰੀਝ ਨਾਲ ਆਰੰਭ ਕੀਤਾ ਜਾਵੇ, ਤੇ ਛੇਕੜ ਤੇ ਬੇ-ਪਰਵਾਹੀ ਜਿਹੀ ਹੋ ਜਾਵੇ, ਤਾਂ ਕਹਿੰਦੇ ਹਨ।

(੯੨) ਮੋਏ ਬਾਬੇ ਦੇ ਦੰਦ ਵਡੇ।

ਜਾਂ

(੯੩) ਮੋਏ ਬਾਬੇ ਦੀਆਂ ਵੱਡੀਆਂ ਅੱਖਾਂ।

ਮਰ ਚੁੱਕੇ ਕਿਸੇ ਭੈੜੇ ਬੰਦੇ ਦੀ ਕੋਈ ਸਿਫਤ ਕਰੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Man virtues after bis death.

(੯੪) ਮੋਰੀ ਦੀ ਇੱਟ ਚੁਬਾਰੇ।

ਜਦ ਕੋਈ ਆਦਮੀ ਕਿਸੇ ਮਾੜੇ ਆਦਮੀ ਦਾ ਸੰਬੰਧ ਕਿਸੇ ਉੱਚੇ ਘਰ ਨਾਲ ਕਰਾਵੇ, ਤਾਂ ਕਹਿੰਦੇ ਹਨ।

(੯੫) ਮੌਤ ਨੂੰਫੜੀਏ ਤੇ ਜਹਿਮਤ ਕਬੂਲ ਦਾਏ।

ਜਦ ਇਹ ਦਸਣਾ ਹੋਵੇ ਕਿ ਬਹੁਤੀ ਗੱਲ ਕਹੀਏ ਤਾਂ

ਕੋਈ ਥੋੜੀ ਮੰਨਦਾ ਹੈ, ਤਾਂ ਕਹਿੰਦੇ ਹਨ।

(੯੬) ਮੰਗਣ ਗਏ ਸੋ ਮਰ ਗਏ ਮੰਗਣ ਮੂਲ ਨ ਜਾ।

ਵੇਖੋ:—ਉੱਤਮ ਖੇਤੀ ਮਧਮ ਵਪਾਰ.........

(੯੭) ਮੰਗਤਿਆਂ ਕੋਲੋਂ ਮੰਗਣਾਂ ਲਾਹਨਤੀਆਂ ਦਾ ਕੰਮ।

ਜਦ ਇਹ ਕਹਿਣਾ ਹੋਵੇ ਕਿ ਮੰਗਤੇ ਤੋਂ ਹੀ ਮੰਗਣਾ ਕਿਧਰ ਦੀ ਸਿਆਣਪ ਹੈ, ਤਾਂ ਵਰਤਦੇ ਹਨ।

(੯੮) ਮੰਗੀ ਸੀ ਹੇਠ ਨੂੰ, ਮਿਲ ਗਈ ਉਤੇ ਨੂੰ।

ਜਦ ਕੋਈ ਕੰਮ ਕਰੀਏ ਤਾਂ ਕਿਸੇ ਲਾਭ ਲਈ, ਪਰ ਹੋ ਜਾਵੇ ਉਲਟਾ ਨੁਕਸਾਨ, ਤਾਂ ਕਹਿੰਦੇ ਹਨ।

(੯੯) ਮੰਦੀ ਕੰਮੀ ਨਾਨਕਾ ਜਦ ਕਦ ਮੰਦਾ ਹੋ।

(ਗੁਰਬਾਣੀ)

ਕਿਸੇ ਭੈੜੇ ਕੰਮ ਕਰਨ ਵਾਲੇ ਨੂੰ ਰੋਕਣ ਲਈ, ਜਾਂ ਉਸਨੂੰ ਸਜਾ ਮਿਲਦੀ ਵੇਖਕੇ ਕਿਹਾ ਜਾ ਸਕਦਾ ਹੈ।

ਫਾਰਸੀ:—ਬਦ ਕਾਰੇ ਰਾ ਬਦ ਇੰਤਜ਼ਾਮ।

ਅੰਗ੍ਰੇਜ਼ੀ:—Vice is its own punishment.

(੧੦੦ ਮੰਦਾ ਕੁੱਤਾ ਖਸਮੈਂ ਗਾਲ।

ਭੈੜੀ ਉਲਾਦ ਸਦਕਾ ਜਦ ਮਾਪਿਆਂ ਨੂੰ ਕੋਈ

ਉਲਾਂਭਾ ਆ ਜਾਵੇ, ਤਾਂ ਕਹਿੰਦੇ ਹਨ।

(੧੦੧) ਮੰਨਿਆਂ ਤੇ ਦੇ, ਨਹੀਂ ਤੇ ਕੰਧ ਦਾਲੇ।

ਜਦ ਇਹ ਦਸਣਾ ਹੋਵੇ ਕਿ ਜੋ ਕੁਝ ਕਿਸੇ ਨੂੰ ਮੰਨੀਏ ਉਜੇਹਾ ਹੀ ਉਸਦਾ ਅਸਰ ਸਾਡੇ ਮਨ ਤੇ ਪੈਂਦਾ ਹੈ, ਤਾਂ ਇਹ ਅਖਾਣ ਵਰਤਦੇ ਹਨ।

*****
* ਯ *
* *
*****

(੧) ਯੱਕਾ ਵੇਖਕੇ ਹੀ ਪੈਰ ਭਾਰੇ ਹੁੰਦੇ ਨੇ।

ਕੋਈ ਆਦਮੀ ਪਹਿਲਾਂ ਤਾਂ ਇਕ ਕੰਮ ਨੂੰ ਚੰਗੀ ਤਰ੍ਹਾਂ ਕਰੀ ਜਾਵੇ, ਪਰ ਜਦੋਂ ਵੇਖੇ ਕਿ ਉਸਦੀ ਮਦਤ ਤੇ ਕੋਈ ਆ ਗਿਆ ਹੈ, ਤਾਂ ਢਿੱਲਾ ਹੋ ਜਾਵੇ, ਉਸ ਆਦਮੀ ਨੂੰ ਵੇਖਕੇ ਇਹ ਅਖਾਣ ਬੋਲਿਆ ਜਾਂਦਾ ਹੈ।

(੨) ਯਮਲਾ ਜੱਟ, ਖ਼ੁਦਾ ਨੂੰ ਚੋਰ ਲੈ ਗਏ।

ਜਦ ਇਹ ਦਸਣਾ ਹੋਵੇ ਕਿ ਕੋਈ ਆਦਮੀਂ ਮਕਰ ਕਰਦਾ ਹੈ, ਤਾਂ ਕਹਿੰਦੇ ਹਨ।

(੩) ਯਰਾਨਾ ਨ ਹੋਇਆ ਛੋਲਿਆ ਦਾ ਵਢ ਹੋਇਆ ?

ਜਦ ਕੋਈ ਆਦਮੀ ਮਿਤ੍ਰਤਾਨੂੰ ਮਿਤ੍ਰਤਾ ਦੀ ਰੀਤ ਨਾਲ ਨਾ ਪਾਲੇ, ਤਦ ਉਸਨੂੰ ਮੇਹਣਾ ਮਾਰਨ ਲਈ ਬੋਲਦੇ ਹਨ।

(੪) ਯਰਾਨੇ ਲਾਉਣੇ ਹਾਥੀ ਵਾਲਿਆਂ ਨਾਲ ਤੇ ਬੂਹੇ ਰਖਣੇ ਭੀੜੇ (ਜਾਂ ਨੀਵੇਂ)।

ਕਿਸੇ ਗਰੀਬ ਦੀ ਅਮੀਰ ਨਾਲ ਦੋਸਤੀ ਹੋਵੇ, ਵੇਲੇ ਕੁਵੇਲੇ ਜੇ ਉਹ ਅਮੀਰ ਦੀ ਠੀਕ ਸੇਵਾ ਨਾ ਕਰ ਸਕੇ, ਤਾਂ ਕਹਿੰਦੇ ਹਨ।

ਦੇਖੋ:—ਸਾਨੀ ਸੇਤੀ ਕੀਜੀਏ ਨਾਤਾ ਵੈਰ ਪ੍ਰੀਤ।

(੫) ਯਾ ਦੜਪ ਵਾਲੀ ਵਸੂ ਯਾ ਬੇਟ ਵਾਲੀ ?

ਦੋ ਸੌਂਕਣਾਂ ਦੀ ਗੱਲ ਤੋਂ ਗੱਲ ਬਣੀ । ਜਦ ਇਹ ਦਸਣਾ ਹੋਵੇ ਕਿ ਇਥੇ ਕੋਈ ਇਕ ਜੀ ਹੀ ਰਹਿ ਸਕੇਗਾ, ਦੋਂਹਾਂ ਦਾ ਝਟ ਲੰਘਣਾ ਔਖਾ ਹੈ, ਤਾਂ ਕਹਿੰਦੇ ਹਨ।

(੬) ਯਾਰ ਦੀ ਯਾਰੀ ਵਲ ਜਾਈਏ, ਐਬਾਂ ਵਲ ਨ ਜਾਈਏ ।

ਜਦ ਇਹ ਕਹਿਣਾ ਹੋਵੇ ਕਿ ਮਿਤ੍ਰਤਾ ਦਾ ਅਸੂਲ ਹੈ, ਕਿ ਮਿਤ੍ਰ ਦੇ ਦੋਸ਼ ਨਾ ਦੇਖੋ, ਸਗੋਂ ਉਸਦੀ ਪ੍ਰੀਤ ਵੱਲ ਤੱਕੋ, ਤਾਂ ਬੋਲਦੇ ਹਨ।

(੭) ਯਾਰ ਯਾਰ ਨੂੰ ਇਉਂ ਮਿਲੇ ਜਿਵੇਂ ਘੜੇ ਨੂੰ ਵੱਟਾ ।

ਜਦ ਦੋ ਆਦਮੀ ਮਿਲਦਿਆਂ ਸਾਰ ਹੀ ਕਿਸੇ ਗੱਲ ਤੋਂ ਖੁੜਭ ਪੈਣ, ਤਦ ਬੋਲਦੇ ਹਨ।

*****
* ਰ *
* *
*****

(੧) ਰਈਅਤ ਰਾਈਂ ਤੇ ਮਾਲ ਗਾਈਂ ।

ਰਾਈਂ ਤੇ ਗਊ ਦੀ ਗਰੀਬੀ ਵੇਖਕੇ ਬੋਲਿਆ ਜਾਂਦਾ ਹੈ। ਇਨ੍ਹਾਂ ਦਾ ਮਾਲਕ ਸੁਖੀ ਰਹਿੰਦਾ ਹੈ, ਖਰਚ ਘਟ ਤੇ ਲਾਭ ਵਧੇਰੇ ਹੁੰਦਾ ਹੈ।

(੨) ਰਸੀ ਸੜ ਗਈ ਵਟ ਨਹੀਂ ਗਿਆ ।

ਜਦ ਕੋਈ ਆਦਮੀ ਕੰਗਾਲ ਹੋਕੇ ਭੀ ਆਪਣੀ ਪੁਰਾਣੀ ਆਕੜ ਨਾਂ ਛੱਡੇ, ਤਦ ਵਰਤਦੇ ਹਨ।

(੩) ਰਹਿੰਦੀ ੨ ਰਹਿ ਨ ਸਕਾਂ ।

ਜਦ ਕੋਈ ਆਦਮੀ ਕਿਸ਼ੇ ਕੰਮ ਨੂੰ ਝਿਜਕਦਾ ੨ ਕਰ ਹੀ ਲਵੇ, ਤਾਂ ਕਹਿੰਦੇ ਹਨ।

(੪) ਹੱਜ ਆਣ ਤੇ ਕੁੱਦ ਆਣ ।

ਜਦ ਕੋਈ ਭੁੱਖਾ ਆਦਮੀ ਕੁਝ ਖਾਕੇ ਤਕੜਾ ਹੋ ਬਹੇ, ਤਦ ਵਰਤਦੇ ਹਨ। ਭਾਵ ਅੰਨ ਵਿਚ ਹੀ ਪ੍ਰਾਣ ਹਨ।

(੫) ਰੱਜ ਨੂੰ ਚੱਜ ਆ ਜਾਂਦਾ ਹੈ ।

ਦੇਖੋ:—ਜਿਹਦੇ ਕੋਠੀ ਦਾਣੇ ਉਹਦੇ ਕਮਲੇ ਭੀ ਸਿਆਣੇ।

(੬) ਰਜਿਆ ਰਾਜਪੂਤ ਤੇ ਭੁੱਖਾ ਰੰਘੜ ।

ਜਦ ਕੋਈ ਧਨੀ ਰਾਜਪੂਤ ਜਾਂ ਕੰਗਾਲ ਰੰਗੜ ਕਿਸੇ

ਦੇਖੋ:—ਸਾਨੀ ਸੇਤੀ ਕੀਜੀਏ ਨਾਤਾ ਵੈਰ ਪ੍ਰੀਤ।

(੫) ਯਾ ਦੜਪ ਵਾਲੀ ਵਸੂ ਯਾ ਬੇਟ ਵਾਲੀ ?

ਦੋ ਸੌਂਕਣਾਂ ਦੀ ਗੱਲ ਤੋਂ ਗੱਲ ਬਣੀ। ਜਦ ਇਹ ਦਸਣਾ ਹੋਵੇ ਕਿ ਇਥੇ ਕੋਈ ਇਕ ਜੀ ਹੀ ਰਹਿ ਸਕੇਗਾ, ਦੋਂਹਾਂ ਦਾ ਝਟ ਲੰਘਣਾ ਔਖਾ ਹੈ, ਤਾਂ ਕਹਿੰਦੇ ਹਨ।

(੬) ਯਾਰ ਦੀ ਯਾਰੀ ਵਲ ਜਾਈਏ, ਐਬਾਂ ਵਲ ਨ ਜਾਈਏ।

ਜਦ ਇਹ ਕਹਿਣਾ ਹੋਵੇ ਕਿ ਮਿਤ੍ਰਤਾ ਦਾ ਅਸੂਲ ਹੈ, ਕਿ ਮਿਤ੍ਰ ਦੇ ਦੋਸ਼ ਨਾ ਦੇਖੋ, ਸਗੋਂ ਉਸਦੀ ਪ੍ਰੀਤ ਵੱਲ ਤੱਕੋ, ਤਾਂ ਬੋਲਦੇ ਹਨ।

(੭) ਯਾਰ ਯਾਰ ਨੂੰ ਇਉਂ ਮਿਲੇ ਜਿਵੇਂ ਘੜੇ ਨੂੰ ਵੱਟਾ।

ਜਦ ਦੋ ਆਦਮੀ ਮਿਲਦਿਆਂ ਸਾਰ ਹੀ ਕਿਸੇ ਗੱਲ ਤੋਂ ਖੁੜਭ ਪੈਣ, ਤਦ ਬੋਲਦੇ ਹਨ।

*****
* ਰ *
*   *
*****

(੧) ਰਈਅਤ ਰਾਈਂ ਤੇ ਮਾਲ ਗਾਈਂ।

ਰਾਈਂ ਤੇ ਗਊ ਦੀ ਗਰੀਬੀ ਵੇਖਕੇ ਬੋਲਿਆ ਜਾਂਦਾ ਹੈ। ਇਨ੍ਹਾਂ ਦਾ ਮਾਲਕ ਸੁਖੀ ਰਹਿੰਦਾ ਹੈ, ਖਰਚ ਘਟ ਤੇ ਲਾਭ ਵਧੇਰੇ ਹੁੰਦਾ ਹੈ।

(੨) ਰਸੀ ਸੜ ਗਈ ਵਟ ਨਹੀਂ ਗਿਆ।

ਜਦ ਕੋਈ ਆਦਮੀ ਕੰਗਾਲ ਹੋਕੇ ਭੀ ਆਪਣੀ ਪੁਰਾਣੀ ਆਕੜ ਨਾਂ ਛੱਡੇ, ਤਦ ਵਰਤਦੇ ਹਨ।

(੩) ਰਹਿੰਦੀ ੨ ਰਹਿ ਨ ਸੱਕਾਂ।

ਜਦ ਕੋਈ ਆਦਮੀ ਕਿਸ਼ੇ ਕੰਮ ਨੂੰ ਝਿਜਕਦਾ ੨ ਕਰ ਹੀ ਲਵੇ, ਤਾਂ ਕਹਿੰਦੇ ਹਨ।

(੪) ਰੱਜ ਆਣ ਤੇ ਕੁੱਦ ਆਣ।

ਜਦ ਕੋਈ ਭੁੱਖਾ ਆਦਮੀ ਕੁਝ ਖਾਕੇ ਤਕੜਾ ਹੋ ਬਹੇ, ਤਦ ਵਰਤਦੇ ਹਨ। ਭਾਵ ਅੰਨ ਵਿਚ ਹੀ ਪ੍ਰਾਣ ਹਨ।

(੫) ਰੱਜ ਨੂੰ ਚੱਜ ਆ ਜਾਂਦਾ ਹੈ।

ਵੇਖੋ:—ਜਿਹਦੇ ਕੋਠੀ ਦਾਣੇ ਉਹਦੇ ਕਮਲੇ ਭੀ ਸਿਆਣੇ।

(੬) ਰਜਿਆ ਰਾਜਪੂਤ ਤੇ ਭੁੱਖਾ ਰੰਘੜ।

ਜਦ ਕੋਈ ਧਨੀ ਰਾਜਪੂਤ ਜਾਂ ਕੰਗਾਲ ਰੰਗੜ ਕਿਸੇ

ਨੂੰ ਦੁਖ ਦੇਵੇ, ਤਾਂ ਇਹ ਅਖਾਣ ਬੋਲਦੇ ਹਨ। ਭਾਵ ਇਹ ਕਿ ਦੋਹਾਂ ਹਾਲਤਾਂ ਵਿਚ ਦੁਖਦਾਈ ਹੈ।

(੭) ਰੱਜੀ ਮੈਂਹ ਤੇ ਵਿਘੇ ਦਾ ਉਜਾੜਾ।

ਕੋਈ ਰਜਿਆ ਆਦਮੀ ਜਾਂ ਪਸ਼ੂ ਜਦ ਚੀਜ਼ ਐਵੇਂ ਖਰਾਬ ਕਰੇ, ਤਾਂ ਕਹਿੰਦੇ ਹਨ। ਭਾਵ ਵਡੇ ਢਿੱਡਾਂ ਵਾਲੇ ਉਪਰੋਂ ਰੱਜੇ ਹੋਏ ਭੀ ਜਾਪਣ, ਤਦ ਭੀ ਕਾਫੀ ਉਜਾੜਾ ਕਰ ਜਾਂਦੇ ਹਨ।

(੮) ਰੱਬ ਕੁਦਰਤਾਂ ਤੋਂ ਹੀ ਲਭੀਦਾ ਹੈ।

ਪ੍ਰਮਾਤਮਾਂ ਦਾ ਕੋਈ ਅਨੋਖਾ ਕੌਤਕ ਵੇਖਕੇ ਕਿਹਾ ਜਾ ਸਕਦਾ ਹੈ।

(੯) ਰੱਬ ਗੰਜੇ ਨੂੰ ਨਹੁੰ ਨਾ ਦੇਵੇ।

ਜਦ ਕੋਈ ਆਦਮੀ ਅਜੇਹੀਚੀਜ਼ ਪਰਾਪਤ ਕਰ ਲਵੇ, ਜਿਸ ਨਾਲ ਉਸਦਾ ਉਲਟਾ ਨੁਕਸਾਨ ਹੋਵੇ, ਤਾਂ ਕਹਿੰਦੇ ਹਨ।

(੧੦) ਰੱਬ ਪਰਾਂਈਹਥੀਂ ਗੰਦਗੀ ਭੀ ਨਾ ਸੁਟਾਵੇ।

ਦੇਖੋ:—ਬਾਰ ਪਰਾਇ ਬੈਸਣਾ ਸਾਈਂ ਮੁਝੇ ਨ ਦੇਇ।
(ਗੁਰਬਾਣੀ)

(੧੧) ਰਬਨੇਦਿਤੀਆਂ ਗਾਜਰਾਂ ਵਿਚੇ ਰੰਬਾ ਰਖ।

ਕਿਸੇ ਆਦਮੀ ਨੂੰ ਕਿਸੇ ਚੀਜ਼ ਦੀ ਹੱਦੋਂ ਵੱਧ ਵਰਤੋਂ ਕਰਦਾ ਤਕਕੇ ਕਿਹਾ ਜਾਂ ਸਕਦਾ ਹੈ।

(੧੨) ਰਬ ਨੇੜੇ ਕਿ ਘਸੁੰਨ ?

ਦੇਖੋ:—ਜ਼ੋਰਾਵਰ ਦਾ ਸੱਤੀ ਵੀਹੀਂ ਸੌ ।

(੧੩) ਰਬ ਮਿਲਾਈ ਜੋੜੀ, ਇਕ ਅੰਨ੍ਹਾਂ ਤੇ ਇਕ ਕੋੜ੍ਹੀ ।

ਦੋ ਭੈੜੇ ਬੰਦਿਆਂ ਦੀ ਮਿਤ੍ਰਤਾ ਵੇਖਕੇ ਇਹ ਅਖਾਣ ਬੋਲਦੇ ਹਨ ।

(੧੪) ਰਬੜ ਦਾ ਫੀਤਾ, ਜਿਸ ਖਿਚਿਆ ਲੰਮਾਂ ਕੀਤਾ ।

ਦੇਖੋ:—ਜਿਨ ਲਗਾਈ ਗੱਲੀਂ ਓਸੇ ਨਾਲ ਉਠ ਚੱਲੀ।

(੧੫) ਰਾਈ ਦਾ ਪਹਾੜ ਨਹੀਂ ਬਣਾਈਦਾ।

ਦੇਖੋ:ਅਗੋਂ ਅਗੈਣ ਤੇ ਗੱਲੋਂ ਗਲੈਣ ।

ਅੰਗ੍ਰੇਜ਼ੀ:—To make a mountain of a mole hill.

(੧੬) ਰਾਹ ਪਿਆ ਚਾਣੀਏ, ਜਾਂ ਵਾਹ ਪਿਆ ਜਾਣੀਏ ।

ਜਦ ਇਹ ਕਹਿਣਾ ਹੋਵੇ ਕਿ ਕਿਸੇ ਦੇ ਅਸਲੀ ਸੁਭਾ ਦਾ ਪਤਾ ਉਸ ਨਾਲ ਵਾਹ ਪੈਣ ਤੋਂ ਹੀ ਲਗਦਾ ਹੈ, ਇਸ ਤੋਂ ਪਹਿਲੋਂ ਕੋਈ ਰਾਇ ਕਾਇਮ ਕਰਨੀ ਭੁੱਲ ਹੈ, ਤਾਂ ਕਹਿੰਦੇ ਹਨ।

(੧੭) ਰਾਹ ਰਹਿਣ, ਤੇ ਗਾਹ ਗਹਿਣ ।

(੧) ਜਦ ਇਹ ਕਹਿਣਾ ਹੋਵੇ ਕਿ ਗਾਹ ਉਦੋਂ ਹੀ ਪੈਂਦੇ ਹਨ, ਜਦ ਜੇਠ ਹਾੜ ਦੀਆਂ ਧੁਪਾਂ ਕਰਕੇ ਰਾਹ ਬੰਦ ਹੋ ਜਾਣ, ਤਾਂ ਇਹ ਅਖਾਣ ਵਰਤਦੇ ਹਨ।

(੨) ਜਦ ਕਿਸੇ ਨੂੰ ਕਹਿਣਾ ਹੋਵੇ ਕਿ ਫਲਾਣੇ ਮਾਮਲੇ ਵਿਚ ਕੋਈ ਦਖਲ ਨਾ ਦੇਵੇ, ਤਦ ਕਹਿੰਦੇ ਹਨ ਕਿ 'ਰਾਹ ਰਹਿਣ ਦੇ, ਗਾਹ ਗਹਿਣ ਦੇ', ਭਾਵ ਜੋ ਹੁੰਦਾ ਹੈ ਹੋਣਦੇ। ਤੂੰ ਇਸ ਵਿਚ ਲਤ ਨਾ ਅੜਾ।

(੧੮) ਰਾਖੀ ਕਰ ਬਹਾਲੀਏ ਪੇੜੇ ਲਏ ਚੁਰਾ।

ਦੇਖੋ:—ਚੰਗੀ ਕਰ ਬਹਾਲੀਏ ਤੇ ਪੇੜੇ ਲਏ ਚੁਰਾ।

(੧੯) ਰਾਜਪਿਆਰੇਰਾਜਿਆਂ ਵੀਰ ਦੁਪਰਿਆਰੇ।

ਜਦ ਇਹ ਦਸਣਾ ਹੋਵੇ ਕਿ ਧਨ ਦੇ ਨਸ਼ੇ ਵਿਚ ਭਰਾ ਭੀ ਭੁਲ ਜਾਂਦੇ ਹਨ, ਤਦ ਵਰਤਦੇ ਹਨ।

(੨੦) ਰਾਜੇ ਦਾ ਸਿਰੋਪਾ ਤੇ ਧੋਬੀਦਾਵਿਛਾਉਣਾ।

ਜਦ ਇਹ ਸਮਝਾਉਣਾ ਹੋਵੇ ਕਿ ਅਨਜਾਣ ਨੂੰ ਦਿਤੀ ਹੋਈ ਚੰਗੀ ਚੀਜ਼ ਸਗੋਂ ਖਰਾਬ ਤਰੀਕੇ ਨਾਲ ਵਰਤੀ ਜਾਂਦੀ ਹੈ, ਤਾਂ ਇਹ ਅਖਾਣ ਬੋਲਦੇ ਹਨ।

(੨੧) ਰਾਜੇ ਦੇ ਘਰ ਮੋਤੀਆਂ ਦਾ ਕਾਲ ਏ ?

ਜਦ ਇਹ ਦਸਣਾ ਹੋਵੇ ਕਿ ਇਥੇ ਇਹ ਚੀਜ਼ ਬਹੁਤ ਮਿਲ ਜਾਏਗੀ, ਤਾਂ ਕਹਿੰਦੇ ਹਨ।

(੨੨) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਬਣ ਜਾਂਦੀ ।

ਜਦ ਕਿਸੇ ਨੂੰ ਇਹ ਸਮਝਾਉਣਾ ਹੋਵੇ ਕਿ ਆਪਣਾ ਕੰਮ ਕਰਨ ਦਾ ਕੋਈ ਡਰ ਨਹੀਂ ਹੁੰਦਾ, ਤਾਂ ਕਹਿੰਦੇ ਹਨ।

(੨੩) ਰਾਣੀ ਨੂੰ ਰਾਉ ਪਿਆਰਾ, ਕਾਉਂਣੀ ਨੂੰ ਕਾਂ ਪਿਆਰਾ ।

ਜਦ ਇਹ ਦਸਣਾ ਹੋਵੇ ਕਿ ਆਪਣਾ ਸਾਕ ਹਰ ਇਕ ਨੂੰ ਚੰਗਾ ਲਗਦਾ ਹੈ, ਤਾਂ ਕਹਿੰਦੇ ਹਨ।

(੨੪) ਰਾਮ ਰਾਮ ਜਪਣਾ ਪਰਾਇਆ ਮਾਲ ਆਪਣਾ ।

ਕਿਸੇ ਫਰੇਬੀ ਤੇ ਭੇਖੀ ਸਾਧ ਦੀ ਗਲਬਾਤ ਕਰਦਿਆਂ ਕਹਿ ਦੇਂਦੇ ਹਨ।

ਅੰਗ੍ਰੇਜ਼ੀ:—A robber in a garb of a saint.

(੨੫) ਰਾਵਲ ਕੀ ਜਾਣੇ ਚਾਵਲਾਂ ਦਾ ਭਾ।

ਵੇਖੋ:—ਜੱਟ ਕੀ ਜਾਣੇ ਲੌਂਗਾਂ ਦਾ ਭਾ।

(੨੬) ਰਾਵਲੋਂ ਤੇ ਚਾਵਲੋਂ ਜੋ ਕਹੋ ਸੋ ਬਣ ਜਾਂਦਾ ਏ।

ਕਿਸੇ ਰਾਵਲ ਨੂੰ ਬਹੁਤੇ ਭੇਸ ਬਦਲਾਉਂਦੇ ਵੇਖਕੇ, ਕਿਹਾ ਜਾ ਸਕਦਾ ਹੈ।

(੨੭) ਰਿਹਾਂ ਖਿਹਾਂ ਦਾ ਪਤਣ ਮੇਲਾ।

ਜਦ ਕਿਤੇ ਅਗੜ ਪਿਛੜ ਤੁਰੇ ਹੋਏ ਬੰਦਿਆਂ ਦਾ ਇਕੱਠ ਕਿਸੇ ਖਾਸ ਥਾਂ ਤੇ ਹੋ ਜਾਵੇ, ਤਾਂ ਕਹਿੰਦੇ ਹਨ।

ਦੇਖੋ:—ਭੰਨੀ ਟੁੱਟੀ ਦਾ ਪਤਣ ਮੇਲਾ।

(੨੮) ਰੀਸੀਂ ਪੁੱਤ ਨ ਜੰਮਦੇ ਹੋਰ ਸਭੇ ਗੱਲਾਂ।

ਜਦ ਕੋਈ ਕਿਸੇ ਦੀ ਰੀਸ ਕਰ ਰਿਹਾ ਹੋਵੇ ਤਾਂ ਵਰਤਦੇ ਹਨ। ਭਾਵ ਤ੍ਰ ਪੁੱਜੰਮਣ ਤੋਂ ਬਗੈਰ ਹੋਰ ਸਾਰੀਆਂ ਰੀਸਾਂ ਹੋ ਸਕਦੀਆਂ ਹਨ।

(੨੯) ਰੂਹ ਨ ਰੂਹਾਂ ਜਿਹਾ, ਬਾਹਰਲੀਆਂ ਬਰੂਹਾਂ ਜਿਹਾ।

ਕਿਸੇ ਭੈੜੀ ਸ਼ਕਲ ਵਾਲੇ ਬੰਦੇ ਨੂੰ ਵੇਖਕੇ ਇਹ ਅਖਾਣ ਵਰਤਦੇ ਹਨ।

(੩੦) ਰੋਣ ਪੱਖੀ ਵਾਰੇ ਜਿਨ੍ਹਾਂ ਦੀ ਰਾਸਪਰਾਈ, ਅਚਲ ਘੋਲਾ ਘੋਲਿਆ ਰੁੜ੍ਹ ਗਏ ਹਲਵਾਈ।

ਅਚਲ = ਵਟਾਲੇ ਦੇ ਕੋਲ ਇਕ ਪਿੰਡ।

ਪਖੀ ਵਾਰੇ:—ਓਹ ਹਟੀ ਵਾਲੇ ਜੇਹੜੇ ਹਲਵਾਈਆਂ ਕੋਲੋਂ ਬਣੀਆਂ ਹੋਈਆਂ ਮਠਿਆਈਆਂ ਮੁਲ ਲੈਕੇ ਵੇਚਦੇ ਹਨ।

ਕਈ ਇਉਂ ਵੀ ਕਹਿੰਦੇ ਹਨ:—"ਅਚਲ ਘੋਲਾ ਘੋਲਿਆ ਰੁੜ੍ਹ ਗਏ ਹਲਵਾਈ, ਰੋਣ ਪਖੀ ਵਾਰੇ ਜਿਨ੍ਹਾਂ

ਦੀ ਰਾਸ ਪਰਾਈ।

ਇਸ ਦੀ ਵਾਰਤਾ ਤੇ ਬਣਤਰ ਇਉਂ ਹੈ। ਕਿ ਵਟਾਲੇ ਦੇ ਲਾਗੇ, ਗੁਰਦਾਸਪੁਰ ਦੇ ਜ਼ਿਲੇ ਵਿਚ ਅਚਲ ਇਕ ਪਿੰਡ ਹੈ ਜਿਥੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਮੇਲਾ ਲਗਦਾ ਹੈ, ਜੀਹਨੂੰ ਪੰਚਭੀਖਮਾਂ ਦਾ ਮੇਲਾ ਭੀ ਕਹਿੰਦੇ ਹਨ। ਓਥੋਂ ਦੀ ਬਾਬਤ ਇਹ ਮਸ਼ਹੂਰ ਹੈ ਕਿ ਓਹਨਾਂ ਦਿਨਾਂ ਵਿਚ ਮੀਂਹ ਜਰੂਰ ਪੈਂਦਾ ਹੈ, ਤੇ ਹਲਵਾਈਆਂ ਦੇ ਸੌਦੇ ਵਿਚ ਪਾਣੀ ਆਦਿਕ ਪੈਕੇ ਖਰਾਬ ਹੋ ਜਾਂਦੇ ਹਨ, ਤੇ ਜੇਹੜੇ ਹਲਵਾਈਆਂ ਕੋਲੋਂ ਸੌਦਾ ਮੁਲ ਲੈਕੇ ਵੇਚਦੇ ਹਨ, ਉਹਨਾਂ ਨੂੰ ਘਾਟਾ ਕਾਹਦਾ ? ਘਾਟਾ ਤਾਂ ਮਾਲਕਾਂ ਨੂੰ ਹੋਇਆ।

ਜਿਥੇ ਦੋਹਾਂ ਜਣਿਆਂ ਦੇ ਬੜੇ ਗੂੜ੍ਹੇ ਪਿਆਰ ਵਿਚ ਪਿੱਛੋ ਫਿਕ ਨਿਕਲੇ, ਤਾਂ ਇਹ ਅਖਾਣ ਵਰਤਦੇ ਹਨ।

(੩੧) ਰੋਇਆਂ ਬਾਝੋਂ ਮਾਂ ਵੀ ਦੁਧ ਨਹੀਂ ਦੇਂਦੀ।

ਜਦ ਇਹ ਸਮਝਾਉਣਾ ਹੋਵੇ ਕਿ ਮੇਹਨਤ ਤੇ ਕੁਰਬਾਨੀ ਦਾ ਬਦਲਾ ਮੰਗਿਆਂ ਬਿਨਾਂ ਕੋਈ ਨਹੀਂ ਦੇਂਦਾ, ਤਾਂ ਕਹਿੰਦੇ ਹਨ।

(੩੨) ਰੋਸੇ ਭਾਗ ਝਿੱਕੀ ਦੇ ਖੋਲ੍ਹੇ।

ਝਿੱਕੀ = ਟੁੱਟੀ ਖੁੱਸੀ ਮੰਜੀ।

ਜਦ ਕਿਸੇ ਗੁੱਸੇ ਵਿਚ ਕਿਸੇ ਮਾੜੀ ਚੀਜ਼ ਦੀ ਵਰਤੋਂ ਭੀ ਕਰ ਲਈ ਜਾਵੇ, ਤਾਂ ਕਹਿੰਦੇ ਹਨ।

(੩੩) ਰੋਗਣ ਗਈ ਤੇ ਭੋਗਣ ਆਈ।

ਜਦ ਕਿਸੇ ਆਦਮੀ ਨੂੰ ਇਕ ਦੁੱਖ ਤੋਂ ਬੱਚਕੇ ਦੂਸਰੇ ਵਿਚ ਫਸਿਆ ਤੱਕੀਏ, ਤਾਂ ਬੋਲੀਦਾ ਹੈ।

(੩੪) **ਰੋਗੀ ਕੈ ਭਾਣੇ ਸਭ ਰੋਗੀ।** (ਗੁਰਬਾਣੀ)

ਜਦ ਕੋਈ ਆਦਮੀ ਸਭ ਨੂੰ ਆਪਣੇ ਵਰਗਾ ਸਮਝਦਾ ਦਿਸੇ, ਤਾਂ ਕਹਿੰਦੇ ਹਨ।

ਅੰਗ੍ਰੇਜ਼ੀ:—Every thing looks yellow to jundice eye.

(੩੫) **ਰੋਟੀਆਂ ਕਾਰਣ ਪੂਰੇ ਤਾਲ।** (ਗੁਰਬਾਣੀ)

ਕਿਸੇ ਨੂੰ ਸਿਰਫ ਪੇਟ ਦੀ ਖਾਤਰ ਕੋਈ ਕੰਮ ਕਰਦਾ ਤਕ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ੀ:—The belly teaches all arts.

(੩੬) **ਰੋਟੀ ਖਾਈਏ ਸ਼ੱਕਰ ਨਾਲ ਦੁਨੀਆ ਲੁੱਟੀਏ ਮਕਰ ਨਾਲ।**

ਕਿਸੇ ਫਰੇਬੀ ਤੇ ਧੋਖੇਬਾਜ਼ ਦੀ ਗੱਲ ਬਾਤ ਕਰਦਿਆਂ ਇਹ ਅਖਾਣ ਵਰਤਦੇ ਹਨ।

(੩੭ **ਰੋਟੀ ਚੋਪੜੀ ਤੇ ਵਣਜ ਰੁੱਖਾ।**

ਦੇਖੋ:—ਸ਼ਰ੍ਹਾ ਅਗੇ ਸ਼ਰਮ ਕੀ ?

(੩੮) **ਰੋਂਦਾ ਕਿਉਂ ਏਂ ? ਥਾਲੀ ਵਿਚ ਕੁੱਝ ਨਹੀਂ।**

ਜਦ ਇਹ ਦਸਣਾ ਹੋਵੇ ਕਿ ਕੋਈ ਆਦਮੀ ਭੁੱਖਾ ਮਰਦਾ ਕੋਈ ਕੰਮ ਕਰਦਾ ਹੈ, ਤਾਂ ਇਹ ਅਖਾਣ ਵਰਤਦੇ ਹਨ।

(੩੯) ਰੋਂਦੇ ਕਿਉਂ ਹੋ ? ਜੀ ਸ਼ਕਲਹੀਐਸੀਹੈ।

ਕਿਸੇ ਬੰਦੇ ਦਾ ਰੋਂਦੂ ਤੇ ਸੜੀਅਲ ਸੁਭਾ ਜਤਾਉਣ ਲਈ ਇਹ ਅਖਾਣ ਵਰਤਦੇ ਹਨ।

(੪੦) ਰੋਂਦੇ ਘੋੜ ਚੜ੍ਹਾਈਏ, ਹਗ ਭਰਨ ਪਲਾਣਾ।

ਕਿਸੇ ਆਦਮੀ ਤੋਂ ਬਦੋ ਬਦੀ ਕੋਈ ਕੰਮ ਕਰਾਇਆ ਜਾਵੇ, ਤੇ ਉਹ ਉਸਨੂੰ ਖਰਾਬ ਕਰ ਦੇਵੇ, ਤਾਂ ਇਹ ਅਖਾਣ ਬੋਲਦੇ ਹਨ।

(੪੧) ਰੰਡਾ ਗਿਆ ਕੁੜਮਾਈ, ਆਪਣੀ ਕਰੇ ਕਿ ਪਰਾਈ।

ਦੇਖੋ:—ਚੰਗੀ ਕਰ ਬਹਾਲੀਏ ਪੇੜੇ ਲਏ ਚੁਰਾ।

ਜਾਂ

ਅੰਨ੍ਹੀ ਕੁੱਤੀ ਜਲੇਬੀਆਂ ਦੀ ਰਾਖੀ।

(੪੨) ਰੰਡੀ ਦਾ ਪੁਤ ਸੁਦਾਗਰ ਦਾ ਘੋੜਾ, ਖਾਏਗਾ ਬਹੁਤਾ ਚਲੇਗਾ ਥੋੜਾ।

ਰੰਡੀ ਦੇ ਪੁੱਤਰ ਤੇ ਸੁਦਾਗਰ ਦੇ ਘੋੜੇ ਨੂੰ ਨਿਕੰਮਾ ਵੇਖਕੇ ਇਹ ਅਖਾਣ ਬੋਲਿਆ ਜਾਂਦਾ ਹੈ।

(੪੩) ਰੰਡੀ ਪਾਵੇ ਭੰਡੀ।

ਵਿਧਵਾ ਇਸਤਰੀ ਤੋਂ ਕੋਈ ਝਗੜਾ ਪੈਦਾ ਹੋ ਜਾਵੇ,

ਤਾਂ ਕਹਿੰਦੇ ਹਨ।

(੪੪) ਰੰਨ ਗਿਆਨਣ, ਭੇਡ ਇਸ਼ਨਾਨਣ, ਲੋਈ ਖੂੰਬ ਨ ਹੋਈ।

ਕਿਸੇ ਭੈੜੀ ਔਰਤ ਨੂੰ ਬਾਹਰੋਂ ਧਰਮ ਦਾ ਦਿਖਾਵਾ ਕਰਦੀ ਨੂੰ ਵੇਖ ਇਹ ਅਖਾਣ ਵਰਤਿਆ ਜਾਂਦਾ ਹੈ।

(੪੫) ਰੰਨ ਪਈ ਰਾਹੀਂ ਉਹ ਵੀ ਗਈ, ਗੱਲ ਪਈ ਸਲਾਹੀਂ ਓਹ ਵੀ ਗਈ।

ਜਦ ਕਿਸੇ ਗੱਲ ਦਾ ਫੈਸਲਾ ਹੁੰਦਿਆਂ ਬਹੁਤ ਸਲਾਹਾਂ ਹੋਣ ਲਗ ਪੈਣ, ਜਾਂ ਅਜ ਭਲਕ ਹੁੰਦਿਆਂ ਗੱਲ ਵਿਖੇ ਰਹਿ ਜਾਏ, ਜਾਂ ਕੋਈ ਔਰਤ ਬਹੁਤਾ ਤੁਰਨ ਫਿਰਨ ਕਰਕੇ ਖਰਾਬ ਹੋ ਜਾਵੇ, ਤਾਂ ਬੋਲਦੇ ਹਨ।

(੪੬) ਰੰਨ ਨੂੰ ਰੰਨ ਛਲੇ, ਉਹਦੇ ਕੋਲੋਂ ਖੁਦਾ ਡਰੇ।

ਔਰਤ ਜਾਤ ਦੀ ਵਧੇਰੇ ਸਿਆਣਪ ਦਸਣ ਲਈ ਵਰਤਦੇ ਹਨ।

ਅੰਗ੍ਰੇਜ਼ੀ:—Frailty, thy name is woman.

ਲ

(੧) **ਲਏ ਉਧਾਰਾ ਦੇਇ ਉਧਾਰਾ, ਉਹ ਵੀ ਸ਼ਾਹ ਨਿਖੁੱਟਣ ਹਾਰਾ।**

ਵਿਆਜੀ ਚੁੱਕਕੇ ਕਰਜ਼ ਦੇਣ ਵਾਲੇ ਸ਼ਾਹੂਕਾਰ ਬਾਬਤ ਅਖਾਣ ਹੈ ।

(੨) **ਲਹੌਰ ਦੇ ਸ਼ੁਕੀਨ ਤੇ ਬੋਝੇ ਵਿਚ ਗਾਜਰਾਂ।**

ਵੇਖੋ:—ਦਿੱਲੀ ਦੇ ਸ਼ੁਕੀਨ ਤੇ ਖੀਸੇ ਵਿਚ ਇੱਟਾਂ।

(੩) **ਲਕੜ ਭਾਵੇਂ ਵਿੰਗੀ ਹੋਵੇ, ਤਰਖਾਣ ਸਿਧਾ ਚਾਹੀਦਾ ਹੈ।**

ਜਦ ਇਹ ਸਮਝਾਉਣਾ ਹੋਵੇ ਕਿ ਸਿਆਣੇ ਆਦਮੀ ਦੇ ਹਵਾਲੇ ਜੇ ਮਾੜੀ ਚੀਜ਼ ਭੀ ਕਰ ਦਿਤੀ ਜਾਵੇ, ਤਾਂ ਉਹ ਆਪੇ ਠੀਕ ਕਰ ਲੈਂਦਾ ਹੈ, ਉਦੋਂ ਇਹ ਅਖਾਣ ਬੋਲਦੇਹਨ।

(੪) **ਲਖ ਸਬੂਣਾਂ ਦੇ ਲਗੇ, ਕਾਲੇ ਕਦੇ ਨ ਹੋਵਨ ਬੱਗੇ ।**

ਵੇਖੋ:—ਸੈ ਸਬੂਣਾਂ ਦੇ ਲੱਗੇ.........

(੫) **ਲਗ ਲੜਾਈਏ, ਧੇਲੇ ਦਾ ਗੁੜ ਖਾਈਏ।**

ਵੇਖੋ:—ਆ ਲੜਾਈਏ ਮੇਰੇ ਵੇਹੜੇ।

(੬) ਲਗੀ ਜਾਨਣ ਦੋ ਜਣੇ ਲੋਹਾ ਤੇ ਲੁਹਾਰ।

ਵੇਖੋ:—ਕੌਣ ਜਾਣੇ ਪੀਰ ਪਰਾਈ ॥ (ਗੁਰਬਾਣੀ)

(੭) ਲਛੇ ਸਭ ਨੂੰ ਹਛੇ।

ਚਿਕਨੀ ਚੋਪੜੀ ਝੂਠੀ ਗੱਲ ਸੁਣਕੇ ਭੀ ਜੇ ਕੋਈ ਵਿਛ ਜਾਵੇ, ਤਾਂ ਕਹਿੰਦੇ ਹਨ।

ਫ਼ਾਰਸੀ:—ਖ਼ੁਸ਼ਾਮਦ ਹਰ ਕਿ ਰਾ ਖ਼ੁਸ਼ ਆਮਦ।

(੮) ਲੱਜ ਮਰੇਂਦਾ ਅੰਦਰ ਵੜੇ, ਮੂਰਖ ਆਖੇ ਮੈਥੋਂ ਡਰੇ।

ਕੋਈ ਭਲਾਮਾਨਸ ਆਦਮੀ ਸ਼ਰਮ ਦਾ ਮਾਰਾ ਚੁੱਪ ਕਰ ਰਹੇ, ਤੇ ਕੋਈ ਲੁੱਚਾ ਉਸਨੂੰ ਆਪਣੀ ਜਿਤ ਸਮਝੇ, ਤਾਂ ਇਹ ਅਖਾਣ ਬੋਲਦੇ ਹਨ।

(੯) ਲੱਤੋਂ ਲੰਙਾਂ ਨਾਂ ਸੁਚਾਲਾ।

ਵੇਖੋ:—ਅਖੀਂ ਦਿਸੇ ਨਾ ਨਾਮ ਚਿਰਾਗੋ।

(੧੦) ਲੱਤੋਂ ਲੰਙੀ ਲਹੌਰ ਦਾ ਦਾਈਆ।

ਵੇਖੋ:—ਜਾਤ ਦੀ ਕੋਹੜ ਕਿਰਲੀ ਸ਼ਤੀਰਾਂਨਾਲ ਜਫੇ:—

(੧੧) ਲਦਿਆ ਕਹਾਰ ਤੇ ਸਖਣਾ ਘੁਮਿਆਰ,

ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਨੂੰ ਇਸ ਗੱਲ ਵਿਚ ਛੇਤੀ ਤੁਰਦਾ ਵਖ ਬੋਲਦੇ ਹਨ।

(੧੨) ਲਬ ਲਾਨ੍ਹਤ ਤੇ ਤਮ੍ਹਾ ਖਰਾਬ।

ਜਦ ਕੋਈ ਆਦਮੀ ਲਾਲਚ ਦੇ ਵਸ ਹੋਕੇ ਗਿਰਾਵਟ ਵਾਲਾ ਕੰਮ ਕਰੇ, ਤਾਂ ਬੋਲਦੇ ਹਨ।

ਵੇਖੋ:—ਜੂਠ ਦੇ ਤ੍ਰਾਣ ਮਿੱਠਾ ਖਾਈਦਾ ਹੈ।

(੧੩) ਲਵੇਰੀ ਗਈ ਦੁਧ ਚੁਆਉਣ, ਫਰੜ ਗਈ ਲੱਤਾਂ ਭਨਾਉਣ?

ਜਦ ਕਿਸੇ ਕੰਮ ਵਾਲੇ ਨਾਲ ਨਿਕੰਮਾਂ ਐਵੇਂ ਤੁਰ ਪਏ, ਤਦ ਬੋਲਦੇ ਹਨ।

(੧੪) ਲੜਦਿਆਂ ਦੇ ਪਿਛੇ ਭਜਦਿਆਂਦੇਅਗੇ।

ਕਿਸੇ ਆਦਮੀ ਦਾ ਡਰਾਕਲ ਪੁਣਾ ਵਿਖਾਉਣ ਲਈ ਵਰਤਦੇ ਹਨ।

(੧੫) ਲੜਾਈ ਤੇ ਕੁੜਮਾਈ ਦੇ ਢਾਈ ਫਟ ਹੁੰਦੇ ਨੇ।

ਜਦ ਇਹ ਦਸਣਾ ਹੋਵੇ ਕਿ ਜੇ ਇਹ ਕੰਮ ਝੱਟ ਪੱਟ ਨਾ ਹੋ ਗਿਆ ਤਾਂ ਫੇਰ ਕੋਈ ਆਸ ਨਹੀਂ, ਤਦ ਬੋਲਦੇ ਹਨ।

(੧੬) ਲੜੀ ਘਰਦਿਆਂ ਨਾਲ ਰੋਸਾ ਗੁਆਂਢੀ-ਆਂ ਨਾਲ।

ਵੇਖੋ:—ਡਿੱਗੀ ਖੋਤੇ ਤੋਂ ਰੋਸਾ ਘੁਮਿਆਰ ਤੇ।

੧੭) ਲੜੇ ਫੌਜ ਤੇ ਨਾਮ ਸੁਦਾਰ ਦਾ।

ਜਦ ਕੰਮ ਕੋਈ ਹੋਰ ਕਰੇ,ਪਰ ਮਸ਼ਹੂਰੀ ਅਫਸਰ ਦੀ

ਹੋਵੇ, ਤਾਂ ਕਹਿੰਦੇ ਹਨ।

(੧੮) ਲਾਹ ਲਈ ਲੋਈ ਤੇ ਕੀ ਕਰੇਗਾ ਕੋਈ।

ਦੇਖੋ:—ਨਚਣ ਲਗੀ ਤੇ ਘੁੰਘਟ ਕਾਹਦਾ।

(੧੯) ਲਾਗੀਆਂ ਲਾਗ ਲੈ ਲੈਣਾ ਏ, ਭਾਵੇਂ ਜਾਂਦਿਆਂ ਹੀ ਰੰਡੀ ਬਹਿ ਜਾਏ।

ਜਦ ਇਹ ਦਸਣਾ ਹੋਵੇ ਕਿ ਕੰਮ ਕਰਨ ਵਾਲੇ ਨੇ ਆਪਣੀ ਮਜੂਰੀ ਲੈ ਲੈਣੀ ਹੈ, ਕੰਮ ਭਾਵੇਂ ਪਿਛੋਂ ਮਾਲਕ ਦੀ ਵਰਤੋਂ ਵਿਚ ਰਹੇ ਜਾਂ ਨਾਰਹੇ,ਤਾਂ ਇਹ ਅਖਾਣ ਬੋਲਦੇ ਹਨ।

(੨੦) ਲਾਲ ਗੋਦੜੀਆਂ ਵਿਚੋਂ ਹੀ ਨਿਕਲ ਪੈਂਦੇ ਨੇ।

ਜਦ ਕੋਈ ਸਿਧੇ ਸਾਧੇ ਕਪੜਿਆਂ ਵਾਲਾ ਬੰਦਾ ਬੜਾ ਲਾਇਕ ਨਿਕਲ ਆਵੇ, ਤਾਂ ਕਹਿੰਦੇ ਹਨ।

(੨੧) ਲੀਹੇ ੨ ਗੱਡੀ ਚਲੇ, ਕੁਲੀਹੇਚਲੇਕਪੂਤ।

ਭੈੜੀ ਔਲਾਦ ਦੇ ਉਲਟੇ ਚਾਲੇ ਤੱਕਕੇ ਇਹ ਅਖਾਣ ਬੋਲਿਆ ਜਾਂਦਾ ਹੈ।

(੨੨) ਲੁਹਾਰ ਦੀ ਸੰਨ੍ਹੀ ਕਦੇ ਪਾਣੀ ਵਿਚ ਕਦੇ ਅਗ ਵਿਚ।

ਜਦ ਇਹ ਦਸਣਾ ਹੋਵੇ ਕਿ ਉਹ ਆਦਮੀ ਕਦੇ ਕਿਸੇ ਪਾਸੇ ਹੋ ਜਾਂਦਾ ਹੈ ਤੇ ਕਦੇ ਕਿਸੇ ਪਾਸੇ, ਤਾਂ ਬੋਲਦੇ ਹਨ।

(੨੩) ਲੁਧੜਾਂ ਦੇ ਘਰ ਬੇਹਾ ।

ਲੁਧੜ ਇਕ ਜਾਨਵਰ ਹੁੰਦਾ ਹੈ ਜੋ ਬਾਕੀ ਆਪਣੇ ਬਚੇ ਹੋਏ ਖਾਣੇ ਪਰ ਪਿਸ਼ਾਬ ਕਰ ਦੇਂਦਾ ਹੈ ਤੇ ਉਸ ਵਿਚ ਉਸੇ ਵੇਲੇ ਕੀੜਾ ਚਲ ਜਾਂਦਾ ਹੈ।

ਦੇਖੋ:—ਇੱਲਾਂ ਦੇ ਆਲ੍ਹਣੇ ਤੋਂ ਮਾਸ।

(੨੪) ਲੂਣ ਨ ਹਲਦ ਤੇ ਖਾਣਗੇ ਬਲਦ।

ਦਾਲ ਭਾਜੀ ਚੰਗੀ ਨ ਬਣੀ ਵੇਖਕੇ ਗੁੱਸੇ ਵਿਚ ਕਿਹਾ ਜਾਂਦਾ ਹੈ।

(੨੫) ਲੂਣ ਨਹੀਂ ਤੋਲੀ ਦਾ ।

ਕਿਸੇ ਨੂੰ ਝੂਠ ਬੋਲਣ ਤੋਂ ਰੋਕਣ ਲਈ ਇਹ ਅਖਾਣ ਵਰਤਦੇ ਹਨ।

(੨੬) ਲੂਣ ਪਾਣੀ ਖਾਹ ਤੇ ਨੱਕ ਦੀਸੇਧੇਜਾਹ।

ਦੇਖੋ:—ਦਾਲ ਦੀ ਟਿੱਕੀ ਖਾਹ........

(੨੭) ਲੇਖਾ ਕਰਕੇ ਦਸਿਆ, ਮੂਰਖ ਮਾਹਣੂ ਹਸਿਆ ।

ਭਾਵ ਲੇਖਾ ਕਰਕੇ ਦਸੀਏ ਤਾਂ ਹੀ ਪਤਾ ਲੱਗਦਾ ਹੈ, ਕਿ ਮੈਂ ਕੁਝ ਲੈਣਾ ਹੈ ਜਾਂ ਦੇਣਾ ਹੈ।

(੨੮) ਲੈਣ ਦਾ ਸ਼ਾਹ ਦੇਣ ਦਾ ਦਵਾਲੀਆ।

ਜਦ ਕੋਈ ਆਦਮੀ ਸਦਾ ਮੰਗਦਾ ਹੀ ਦਿਸੇ, ਤੇ ਜਦੋਂ

ਉਸ ਤੋਂ ਕੋਈ ਕੁਝ ਮੰਗੇ ਤਾਂ ਨਾਂਹ ਕਰ ਦੇਵੇ, ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੨੯) ਲੈਣ ਨੂੰ ਸਹਸਿਰ ਬਾਹੂ, ਦੇਣ ਨੂੰ ਮੁਰਲੀ ਮਨੋਹਰ ।

ਭਾਵ ਲੈਣ ਵੇਲੇ ਹਜਾਰ ਹਥ ਨਿਕਲ ਪੈਂਦੇ ਹੈ, ਪਰ ਦੇਣ ਵੇਲੇ ਦੋ ਹਥ ਭੀ ਮੁਰਲੀ ਨਾਲ ਜਾ ਲਗਦੇ ਹਨ, ਤਾਂ ਕਹਿੰਦੇ ਹਨ।

ਦੇਖੋਃ—ਲੈਣ ਦਾ ਸ਼ਾਹ ਤੇ ਦੇਣ ਦਾ ਦਵਾਲੀਆ।

(੩੦) ਲੈਣਾ ਨ ਦੇਣਾ, ਨ ਕਾਰੇ, ਨ ਮਸਲੇ ।

ਜਦ ਕਿਸੇ ਆਦਮੀ ਦੇ ਨਾਲ ਕਿਸੇ ਆਦਮੀ ਦਾ ਕੋਈ ਵੀ ਲੈਣਾ ਦੇਣਾ ਨਾ ਹੋਵੇ, ਤਾਂ ਉਹ ਐਵੇਂ ਖਾਹ ਮਖਾਹ ਉਸ ਦੇ ਸਿਰ ਕੋਈ ਗੱਲ ਥੱਪੀ ਜਾਵੇ, ਤਦ ਉਹ ਆਦਮੀ ਕਹਿੰਦਾ ਹੈ।

(੩੧) ਲੈਣਾ ਨਾ ਦੇਣਾ, ਵਜਾ ਦਾਦੀ ਵਜਾ

ਜਦ ਕਿਸੇ ਨੇ ਇਹ ਦਸਣਾ ਹੋਵੇ ਕਿ ਮੈਨੂੰ ਮਜੂ ਨਹੀਂ ਦੇਂਦੇ, ਤੇ ਕੰਮ ਲਈ ਕਹੀ ਜਾਂਦੇ ਹਨ, ਤਾਂ ਕਹਿੰਦਾ।

(੩੨) ਲੈਣੀ ਇੱਕ ਨ ਦੇਣੀ ਦੋ ।

ਜਦ ਇਹ ਕਹਿਣਾ ਹੋਵੇ ਕਿ ਸਾਡਾ ਕੋਈ ਇਸ ਕੇ ਨਾਲ ਵਾਸਤਾ ਹੀ ਨਹੀਂ, ਤਾਂ ਕਹਿੰਦੇ ਹਨ।

(੩੩) ਲੋਹੇ ਨੂੰ ਲੋਹਾ ਕਟਦਾ ਹੈ ।

ਜਦ ਇਹ ਭੈੜੇ ਆਦਮੀ ਪਾਸੋਂ ਨਰਮੀ ਨਾਲ ਕੰਮ ਨਹੀਂ ਨਿਕਲ਼ਦਾ ਜਾਂ ਅਮੀਰ ਦਾ ਟਾਕਰਾ ਅਮੀਰ ਹੀ ਕਰ ਸਕਦਾ ਹੈ, ਤਾਂ ਬੋਲਦੇ ਹਨ।

ਫਾਰਸੀ:—ਸ਼ਰਾਬ ਜ਼ਦਾਰਾ ਸ਼ਰਾਬ ਇਲਾਜ ਅਸਤ।

(੩੪) ਲੋਕਾਂ ਨੂੰ ਲੋਕਾਂ ਨਾਲ, ਗਗੜੀ ਨੂੰ ਜੋਕਾਂ ਨਾਲ।

ਦੇਖੋ:—ਹੋਰ ਨੂੰ ਹੋਰੀ ਦੀ ਅੰਨ੍ਹੇ ਨੂੰ ਡੰਗੋਰੀ ਦੀ।

(੩੫) ਲੋੜੀ ਦਾ ਗੁੜ ਢਿੱਲਾ।

ਜਦ ਕਿਸੇ ਕੰਮ ਦੀ ਇਕੋ ਇਕ ਚੀਜ਼ ਹੀ ਖਰਾਬ ਨਿਕਲਦੀ ਦਿਸੇ, ਤਾਂ ਕਹਿੰਦੇ ਹਨ।

(੩੬) ਲੰਡਿਆ ਤੈਨੂੰ ਚੋਰ ਲੈ ਜਾਣ, ਯਾਰਾ ਪਠੇ ਹੀ ਖਾਣੇ ਨੇ।

ਦੇਖੋ:—ਢਾ ਗਿਆ ਤੈਨੂੰ.........

(੩੭) ਲੰਡਿਆਂ ਮਹੀਂ ਨ ਗਾਈ, ਲੈਹਿ ਲੈਹਿ ਜਾਣ ਕਸਾਈ।

ਦੇਖੋ:—ਸੂਮਾਂ ਦੀ ਖੱਟੀ ਕੁੱਤੇ ਜਾਣ ਗਵਾ।

੩੮) ਲੰਡੀ ਦੇ ਘਰ ਵੀ ਮੰਡੀ ਲਗੀ।

ਜਦ ਇਹ ਦਸਣਾ ਹੋਵੇ ਕਿ ਇਸ ਵੇਲੇ ਕੰਮ ਦੀ ਬਹੁਤ ਤੇਜੀ ਹੈ ਤਾਂ ਬੋਲਿਆ ਜਾਂਦਾ ਹੈ। ਭਾਵ ਨਿਕੰਮੇ ਆਦ-ਮੀਆਂ ਪਾਸ ਭੀ ਮੇਲਾ ਲਗਾ ਹੋਇਆ ਹੈ।

*****
* ਵ *
* *
*****

(੧) ਵਗ ਢੋਈ ਮਿਲੇ ਨਾ ਤੇ ਬੜ੍ਹਕਦਾ ਮੇਰਾ।

ਵੇਖੋ:–ਪਿੰਡ ਵੜਨਾ ਮਿਲੇ ਨਾ......

(੨) ਵਗਦਾ ਪਾਣੀ ਸਾਫ ਰਹਿੰਦਾ ਹੈ।

ਜਦ ਇਹ ਦਸਣਾ ਹੋਵੇ ਕਿ ਰੁਪਿਆ ਤੁਰਦਾ ਫਿਰਦਾ ਰਹੇ ਤਾਂ ਕੰਮ ਚਲਦਾ ਹੈ, ਹਥ ਵਿਚ ਆਇਆਂ ਘੁਟ ਲਈਏ ਤਾਂ ਇਤਬਾਰ ਨਹੀਂ ਰਹਿੰਦਾ, ਤਦ ਵਰਤਦੇ ਹਨ।

(੩) ਵਡਿਆਂ ਸਿਰਾਂ ਦੀਆਂ ਵਡੀਆਂ ਪੀੜਾਂ।

ਜਦ ਇਹ ਦਸਣਾ ਹੋਵੇ ਕਿ ਵਡਿਆਂ ਦੇ ਕੰਮ ਵੱਡੇ ਹੀ ਹੁੰਦੇ ਹਨ, ਤਾਂ ਇਹ ਅਖਾਣ ਵਰਤਦੇ ਹਨ।

ਵੇਖੋ:–ਖਾਨਾਂ ਦੇ ਖਾਨ ਪ੍ਰਾਹੁਣੇ .....

ਅੰਗ੍ਰੇਜ਼ੀ:–A great ship needs deep waters.

(੪) ਵਡਿਆਂ ਘਰਾਂ ਦੀ ਘਰੋੜੀ ਨਹੀਂ ਮਾਣ।

ਵੇਖੋ:–ਭਰਿਆ ਭਾਂਡਿਆ......

(੫) ਵਡੀਆਂ ਮੱਛੀਆਂ ਛੋਟੀਆਂ ਨੂੰ ਖਾ ਜਾਂਦੀਆਂ ਨੇ।

ਕਿਸੇ ਵੱਡੇ ਆਦਮੀ ਨੂੰ ਗਰੀਬ ਦਾ ਨੁਕਸਾਨ ਕਰਦਾ ਵੇਖ ਇਹ ਕਿਹਾ ਜਾ ਸਕਦਾ ਹੈ।

(੬) ਵਡੇ ੨ ਜੋ ਦੀਸਹਿ ਲੋਗ, ਤਿਨ ਕਉ ਬਿਆਪੈ ਚਿੰਤਾ ਰੋਗ । (ਗੁਰਬਾਣੀ)

ਕਿਸੇ ਅਮੀਰ ਨੂੰ ਕਿਸੇ ਸੋਚ ਵਿਚ ਫਸਿਆ ਦੇਖ ਇਉਂ ਬੋਲ ਦੇਂਦੇ ਹਨ।

ਦੇਖੋ:--ਵਡੇ ਸਿਰਾਂ ਨੂੰ ਵਡੀਆਂ ਪੀੜਾਂ।

(੭) ਵਧੀਏਗਾ ਜੱਟ ਦਾ,ਸਿਖੀਏਗਾਨਾਈ ਦਾ।

ਜਦ ਇਹ ਦਸਣਾ ਹੋਵੇ ਕਿ ਕਿਸ਼ੇ ਦੇ ਨੁਕਸਾਨ ਤੋਂ ਲਾਭ ਕੋਈ ਹੋਰ ਉਠਾ ਰਿਹਾ ਹੈ, ਤਾਂ ਕਹਿੰਦੇ ਹਨ।

(੮) ਵਣ ਭੰਨਿਆਂ ਕਾਨਾਂਅਵਾਜ਼ ਨਹੀਂਦੇਂਦਾ।

ਭੰਨਿਆਂ = ਭੁਜੇ ਜਾਂਦਿਆਂ।

ਜਦ ਕੋਈ ਇੰਨਾਂ ਦੁਖੀ ਹੋਜਾਵੇ ਕਿ ਸਾਕ,ਅੰਗ,ਯਾਰ, ਮਿੱਤ੍ਰ ਕੋਈ ਬਾਤ ਨ ਪੁਛੇ, ਤਾਂ ਬੋਲਦੇ ਹਨ। ਭਾਵ ਇਹ ਕਿ ਮੇਰੀ ਇਹ ਹਾਲਤ ਹੈ ਕਿ ਜੇ ਮੈਂ ਬਣ ਵਿਚ ਵੀ ਭਜਕੇ ਚਲਾ ਜਾਵਾਂ, ਤਾਂ ਨਿਗੂਣੇ ਕਾਨੇ ਵੀ ਮੇਰੀ ਵਾਤ ਨਹੀਂ ਪੁਛਦੇ।

(੯) ਵਧੀ ਚੀਜ਼ ਚੰਗੀ ਤੇ ਘਟੀ ਚੀਜ਼ ਮਾੜੀ ।

ਔਰਤਾਂ ਰਤਾ ਵਧੇਰੇ ਚੀਜ਼ ਬਨਾਉਣ ਲਗੀਆਂ ਕਹਿੰਦੀਆਂ ਹਨ।

(੧੦) ਵਧੀ ਨੂੰ ਕੋਈ ਗਮ ਨਹੀਂ ਤੇ ਘਟੀ ਦਾ ਕੋਈ ਦਾਰੂ ਨਹੀਂ ।

ਬੁੱਢੇ ਬੰਦੇ ਜਦ ਬੀਮਾਰ ਹੋ ਜਾਣ ਤਾਂ ਉਹ ਆਪ ਹੀ

ਕਿਹਾ ਕਰਦੇ ਹਨ ।

(੧੧) ਵਾਹ ਕਰਮਾਂ ਦਿਆ ਬਲੀਆ, ਰਿਧੀਖੀਰ, ਤੇ ਹੋ ਗਿਆ ਦਲੀਆ ।

ਜਦ ਕੋਈ ਆਦਮੀ ਆਪਣੇ ਲਾਭ ਲਈ ਕੰਮ ਕ
ਪਰ ਨਤੀਜਾ ਉਲਟਾ ਉਸਦੇ ਨੁਕਸਾਨ ਦਾ ਨਿਕਲ ਆ
ਤਾਂ ਬੋਲਦੇ ਹਨ।

(੧੨) ਵਾਹ ਜਿੰਦ ਆਪਣੀ ਜੇ ।

ਭਾਵ ਇਹ ਹੈ ਕਿ ਮੈਂ ਆਪਣੀ ਜਿੰਦ ਨੂੰ ਜਿਧਰ ਵ
ਵਾਹ ਸਕਦਾ ਹਾਂ (ਕੰਮ ਲੈ ਸਕਾਦਾ) ਹੋਰ ਕੋਈ ਸਾਥੀ
ਤਾਂ ਬੋਲਦੇ ਹਨ।

ਦੇਖੋ:—ਆਪਣੇ ਲਗੇ ਤਾਂ ਅੱਗ ਦੂਏ, ਘਰ ਬੈਸੰਤ

(੧੩) ਵਾਹੀ ਓਹਦੀ ਜੀਹਦੇ ਘਰ ਦੇ ਢੱਗੇ.

ਜਦ ਇਹ ਦਸਣਾ ਹੋਵੇ ਕਿ ਵਾਹੀ ਵਿਚ ਸਭ ਤੋਂ
ਲਾਭ ਉਸਨੂੰ ਹੈ, ਜਿਸਦੇ ਪਸੂ ਆਪਣੇ ਹੋਣ, ਤਾਂ ਬੋਲਦੇ
ਵੇਂ ਢਗੇ ਲੈਕੇ ਵਾਹੀ ਕਰਨ ਵਾਲਿਆਂ ਨੂੰ ਰੋਕਣ ਕ
ਵਾਂ ਵਰਤਦੇ ਹਨ।

(੧੪) ਵਾਹੁੰਦਿਆਂ ਦੀ ਜੋਗ ਗਈ ਚੋਬਰਾਂ ਜੰਮ ਪਈ ।

ਜਦ ਕਿਸੇ ਮਿਹਨਤ ਕਰਨ ਵਾਲੇ ਨੂੰ ਕੁਝ ਨਾ
ਤੇ ਵੇਹਲੇ ਬੈਠੇ ਨੂੰ ਲਾਭ ਪਹੁੰਚ ਜਾਵੇ, ਤਦ ਬੋਲਦੇ ਹਨ

ਜਦ ਕੋਈ ਆਦਮੀ ਕਿਸੇ ਔਖੇ ਕੰਮ ਨੂੰ ਸੌਖਾ ਦਸੇ, ਤੂੰ ਉਸ ਉਪਰ ਇਹ ਅਖਾਣ ਘਟਾਉਂਦੇ ਹਨ।

(੩੫) ਵੰਡਖਾਏ ਖੰਡ ਖਾਏ, ਅਡ ਖਾਏ ਡੱਡਖਾਏ।

ਵੰਡਕੇ ਖਾਣ ਦਾ ਉਪਦੇਸ਼ ਕਰਨ ਵੇਲੇ ਬੋਲਦੇ ਹਨ।

(੩੬) ਵਣ ਵਣ ਦੀ ਲਕੜੀ।

ਜਦ ਕੋਈ ਭਾਂਤ ੨ ਦੇ ਆਦਮੀਆਂ ਦਾ ਇਕੱਠ ਹੋਵੇ, ਤਾਂ ਵਰਤਦੇ ਹਨ।

ਸਮਾਪਤ ॥

'ਗਰੋਵਰ ਪ੍ਰਿੰਟਿੰਗ ਪ੍ਰੈਸ' ਅੰਮ੍ਰਿਤਸਰ ਵਿਚ
ਲਾਲਾ ਰਾਮ ਨਾਥ ਮੈਨੇਜਰ ਤੇ ਪ੍ਰਿੰਟਰ ਦੇ
ਪ੍ਰਬੰਧ ਹੇਠ ਛਪੀ ॥